ਸੋਰਠਿ ਮਹਲਾ ੩ ਘਰੁ ੧ ਤਿਤੁਕੀ ੧ੴ ਸਤਿਗੁਰ ਪ੍ਰਸਾਦਿ ॥ ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ,ਧੁਰਿ ਤੂ ਰਖਦਾ ਆਇਆ ॥ ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ,ਹਰਣਾਖਸੁ ਮਾਰਿ ਪਚਾਇਆ ॥ ਗੁਰਮੁਖਾ ਨੋ ਪਰਤੀਤਿ ਹੈ ਹਰਿ ਜੀਉ ,ਮਨਮੁਖ ਭਰਮਿ ਭੁਲਾਇਆ ॥੧॥ ਹਰਿ ਜੀ ਏਹ ਤੇਰੀ ਵਡਿਆਈ ॥ ਭਗਤਾ ਕੀ ਪੈਜ ਰਖੁ ਤੂ ਸੁਆਮੀ, ਭਗਤ ਤੇਰੀ ਸਰਣਾਈ ॥ਰਹਾਉ ॥ਭਗਤਾ ਨੋ ਜਮੁ ਜੋਹਿ ਨ ਸਾਕੈ, ਕਾਲੁ ਨ ਨੇੜੈ ਜਾਈ ॥ ਕੇਵਲ ਰਾਮ ਨਾਮੁ ਮਨਿ ਵਸਿਆ, ਨਾਮੇ ਹੀ ਮੁਕਤਿ ਪਾਈ ॥ ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ, ਗੁਰ ਕੈ ਸਹਜਿ ਸੁਭਾਈ ॥੨॥ ਮਨਮੁਖਾ ਨੋ ਪਰਤੀਤਿ ਨ ਆਵੀ, ਅੰਤਰਿ ਲੋਭ ਸੁਆਉ ॥ ਗੁਰਮੁਖਿ ਹਿਰਦੈ ਸਬਦੁ ਨ ਭੇਦਿਓ, ਹਰਿ ਨਾਮਿ ਨ ਲਾਗਾ ਭਾਉ ॥ ਕੂੜ ਕਪਟ ਪਾਜੁ ਲਹਿ ਜਾਸੀ, ਮਨਮੁਖ ਫੀਕਾ ਅਲਾਉ ॥੩॥ ਹੇ ਪ੍ਰਭੂ ਜੀ! ਤੂੰ ਅਪਣੇ ਭਗਤਾਂ ਦੀ ਲਾਜ ਸਦਾ ਹੀ ਰਖਦਾ ਹੈਂ, ਤੂੰ (ਭਗਤਾਂ ਦੀ ਇੱਜਤ) ਮੁੱਢ ਤੋਂ ਹੀ ਰਖਦਾ ਆਇਆ ਹੈਂ। ਹੇ ਪ੍ਰਭੂ ਜੀ! ਪ੍ਰਹਿਲਾਦ ਵਰਗੇ ਅਨੇਕਾਂ ਭਗਤ ਤੁਸੀਂ ਵੈਰੀਆਂ ਤੋਂ ਬਚਾ ਲਏ ਹਨ ਅਤੇ ਹਰਣਾਖਸ ਨੂੰ ਮਾਰ ਕੇ ਨਾਸ਼ ਕਰ ਦਿਤਾ। ਹੇ ਪ੍ਰਭੂ ਜੀ ! ਗੁਰਮੁਖਾਂ ਨੂੰ (ਤੇਰੇ ਉਤੇ ਪੂਰਨ) ਭਰੋਸਾ ਹੈ. (ਪਰ ਤੈਂ) ਮਨਮੁਖਾਂ ਨੂੰ ਭਰਮ ਵਿਚ ਭੁਲਾਇਆ (ਕੁਰਾਹੇ ਪਾਇਆ) ਹੋਇਆ ਹੈ।੧। ਹੇ ਪ੍ਰਭੂ ਜੀ! ਇਹ ਤੇਰੀ ਵਡਿਆਈ ਹੈ। ਹੇ ਸੁਆਮੀ! ਤੂੰ ਅਪਣੇ ਭਗਤਾਂ ਦੀ ਰੱਖਿਆ ਕਰਦਾ ਹੈਂ, (ਇਸੇ ਲਈ) ਭਗਤ ਤੇਰੀ ਸ਼ਰਣ ਵਿਚ ਰਹਿੰਦੇ ਹਨ। ਰਹਾਉ। ਭਗਤਾਂ ਨੂੰ ਜਮ ਤੱਕ ਵੀ ਨਹੀਂ ਸਕਦਾ, ਕਾਲ ਵੀ (ਉਨ੍ਹਾਂ ਦੇ) ਨੇੜੇ ਨਹੀਂ ਜਾਂਦਾ। (ਕਿਉਂਕਿ ਭਗਤਾਂ ਦੇ) ਮਨ ਵਿਚ ਕੇਵਲ ਰਾਮ ਦਾ ਨਾਮ ਵਸਿਆ ਹੁੰਦਾ ਹੈ ਅਤੇ ਨਾਮ ਸਿਮਰਨ ਦੀ ਬਰਕਤ ਨਾਲ ਹੀ (ਉਨ੍ਹਾਂ ਨੇ ਮੌਤ ਤੋਂ) ਮੁਕਤੀ ਪਾਈ ਹੈ । ਗੁਰੂ ਦੇ ਦੱਸੇ ਆਤਮ ਗਿਆਨ ਵਾਲੇ ਸੁਭਾਉ ਕਰਕੇ; ਗੁਰੂ ਦੇ ਉਪਦੇਸ਼ ਕਰਕੇ ਸੁਤੇ ਸਿਧ ਹੀ ਸਭ ਰਿਧੀਆਂ ਸਿਧੀਆਂ ਭਗਤਾਂ ਦੇ ਚਰਣਾਂ ਵਿਚ ਲੱਗੀਆਂ ਰਹਿੰਦੀਆਂ ਹਨ।੨। ਮਨਮੁਖਾਂ ਨੂੰ ਰੱਬ ਤੇ ਭਰੋਸਾ ਨਹੀਂ ਆਉਂਦਾ, (ਕਿਉਂਕਿ ਉਨ੍ਹਾਂ ਦੇ ਮਨ) ਅੰਦਰ ਲੋਭ ਦਾ ਸੁਆਰਥ ਹੁੰਦਾ ਹੈ। (ਉਨ੍ਹਾਂ ਨੇ) ਗੁਰੂ ਰਾਹੀਂ ਹਿਰਦੇ ਵਿਚ ਸ਼ਬਦ ਨੂੰ ਨਹੀਂ ਜਾਣਿਆ, (ਜਿਸ ਕਰਕੇ ਉਨ੍ਹਾਂ ਦਾ) ਹਰੀ ਦੇ ਨਾਮ ਵਿਚ ਪ੍ਰੇਮ ਨਹੀਂ ਲੱਗਿਆ। ਮਨਮੁਖ ਲੋਕ ਫਿਕੇ ਬੋਲ ਬੋਲਦੇ ਹਨ, (ਛੇਤੀ ਹੀ ਉਨ੍ਹਾਂ ਦਾ) ਝੂਠ, ਕਪਟ ਤੇ ਪਖੰਡ ਲਹਿ ਜਾਏਗਾ।੩।

ਅੰਗ ੬੩੮ = ਭਗਤਾ ਵਿਚਿ ਆਪਿ ਵਰਤਦਾ ਪ੍ਰਭ ਜੀ, ਭਗਤੀ ਹੂ ਤੂ ਜਾਤਾ ॥ ਮਾਇਆ ਮੋਹ ਸਭ ਲੋਕ ਹੈ ਤੇਰੀ, ਤੂ ਏਕੋ ਪੁਰਖੁ ਬਿਧਤਾ ॥ ਹਉਮੈ ਮਾਰਿ ਮਨਸਾ ਮਨਹਿ ਸਮਾਣੀ, ਗੁਰ ਕੈ ਸਬਦਿ ਪਛਾਤਾ ॥੪॥ ਹੇ ਪ੍ਰਭੂ ਜੀ! (ਤੂੰ ਆਪ ਅਪਣੇ) ਭਗਤਾਂ ਵਿਚ ਵਰਤਦਾ ਹੈਂ ਅਤੇ ਭਗਤਾਂ ਤੋਂ ਹੀ ਤੂੰ ਜਾਣਿਆ ਜਾਂਦਾ ਹੈਂ (ਨਿਰਣੈ; ਸ਼ਬਦਾਰਥ); ਭਗਤਾਂ ਨੇ ਹੀ ਤੈਨੂੰ ਜਾਣਿਆ ਹੈ (ਸੰ.ਸ.; ਦਰਪਣ; ਫ.ਸ.)। ਮਾਇਆ ਦਾ ਮੋਹ ਤੇ ਤਿੰਨੇ ਲੋਕ ਸਭ ਤੇਰੀ ਰਚਨਾ (ਤੇਰੇ ਅਧੀਨ) ਹਨ; ਤੇਰੀ ਸਾਰੀ ਸ੍ਰਿਸਟੀ ਮਾਇਆ ਦੀ ਮੋਹੀ (ਠੱਗੀ) ਹੋਈ ਹੈ ਅਤੇ ਤੂੰ ਇਕੋ ਹੀ (ਸਭ ਦਾ) ਰਚਨਹਾਰ ਪੁਰਖ ਹੈਂ। (ਜਿਨ੍ਹਾਂ ਪੁਰਖਾਂ ਨੇ) ਹਉਮੈ ਨੂੰ ਮਾਰਿ ਕੇ ਅਪਣੀ ਇੱਛਾ (ਤ੍ਰਿਸ਼ਨਾ) ਮਨ ਵਿਚ ਹੀ ਮੁਕਾ (ਦਬਾ) ਦਿਤੀ ਹੈ, (ਉਨ੍ਹਾਂ ਨੇ) ਗੁਰੂ ਦੇ ਸ਼ਬਦ ਦੁਆਰਾ (ਤੈਨੂੰ) ਪਛਾਣ ਲਿਆ ਹੈ।੪।

ਪਦਾਰਥ = ਤਿਤੁਕੀ–ਤਿੰਨ ਤੁਕਾਂ ਵਾਲੇ ਪਦ। ਹਰਿ ਜੀਉ–ਹੇ ਪ੍ਰਭੂ ਜੀ!। ਧੁਰਿ–ਮੁੱਢ ਤੋਂ (ਜਦ ਤੋਂ ਸੰਸਾਰ ਬਣਿਆ ਹੈ, ਉਦੋਂ ਤੋਂ)। ਪ੍ਰਹਿਲਾਦ ਜਨ–ਪ੍ਰਹਲਾਦ ਵਰਗੇ ਅਨੇਕਾਂ ਭਗਤ। ਮਾਰਿ–ਮਾਰ ਕੇ। ਪਚਾਇਆ–ਨਾਸ਼ ਕਰ ਦਿਤਾ। ਪਰਤੀਤਿ–ਭਰੋਸਾ; ਸ਼ਰਧਾ। ਭਰਮਿ –ਭਰਮ ਭੁਲੇਖੇ ਵਿਚ। ਭੁਲਾਇਆ–ਭੁਲਾ ਦਿਤਾ ਹੈ।੧। ਵਡਿਆਈ–ਸੋਭਾ; ਵੱਡਾ ਪਣ। ਪੈਜ–ਲਾਜ; ਇਜਤ। ਸੁਆਮੀ–ਹੇ ਸੁਆਮੀ! । ਸਰਣਾਈ–ਸ਼ਰਣ ਵਿਚ। ਰਹਾਉ। ਜੋਹਿ ਨ ਸਾਕੈ–ਦੇਖ ਨਹੀਂ ਸਕਦਾ; ਦਬਾ ਨਹੀਂ ਸਕਦਾ। ਕਾਲੁ–ਮੌਤ। ਮਨਿ–ਮਨ ਵਿਚ। ਨਾਮੇ ਹੀ –ਨਾਮ ਦੀ ਬਰਕਤ ਨਾਲ ਹੀ। ਮੁਕਤਿ–ਮੌਤ ਜਾਂ ਜਨਮ ਮਰਨ ਤੋਂ ਛੁਟਕਾਰਾ। ਰਿਧਿ ਸਿਧਿ–ਕਰਾਮਾਤੀ ਸ਼ਕਤੀਆਂ। ਗੁਰ ਕੈ–ਗੁਰੂ ਦੇ ਦੱਸੇ। ਸਹਜਿ ਸੁਭਾਈ–ਸੁਤੇ ਸਿੱਧ; ਆਤਮ ਗਿਆਨ ਵਾਲੇ ਸੁਭਾਉ ਕਰਕੇ (ਸ਼ਬਦਾਰਥ)।੨। ਨੋ–ਨੂੰ। ਨ ਆਵੀ–ਨਹੀਂ ਆਉਂਦਾ। ਲੋਭ ਸੁਆਉ–ਲੋਭ ਦਾ ਸੁਆਰਥ। ਅੰਤਰਿ–ਮਨ ਦੇ ਅੰਦਰ। ਗੁਰਮੁਖਿ–ਗੁਰੂ ਰਾਹੀਂ। ਹਿਰਦੈ–ਹਿਰਦੇ ਵਿਚ। ਨ ਭੇਦਿਓ–ਭੇਦ ਨਹੀਂ ਜਾਣਿਆ । ਨਾਮਿ–ਨਾਮ ਵਿਚ। ਭਾਉ–ਪ੍ਰੇਮ। ਪਾਜੁ–ਪਖੰਡ। ਲਹਿ ਜਾਸੀ–ਲਹਿ ਜਾਏਗਾ। ਫੀਕਾ ਅਲਾਉ–ਫਿੱਕੇ ਬੋਲ ਬੋਲਦੇ ਹਨ।੩। ਭਗਤੀ ਹੂ –ਭਗਤਾਂ ਤੋਂ ਹੀ; ਭਗਤਾਂ ਨੇ ਹੀ। ਜਾਤਾ–ਜਾਣਿਆ ਹੈ; ਪਤਾ ਲਗਦਾ ਹੈ। ਲੋਕ–ਤਿੰਨ ਲੋਕ (ਸ੍ਰਿਸਟੀ)। ਪੁਰਖੁ–ਸਰਬ ਵਿਆਪਕ ਹਰੀ । ਬਿਧਾਤਾ–ਰਚਨਾਹਾਰ ਕਰਤਾਰ। ਮਨਸਾ–ਇੱਛਾ; ਤ੍ਰਿਸਨਾ। ਮਨਹਿ–ਮਨ ਵਿਚ ਹੀ। ਸਮਾਣੀ–ਮੁਕਾ (ਦਬਾ) ਦਿਤੀ।੪।

ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ, ਜਿਨ ਹਰਿ ਕਾ ਨਾਮੁ ਪਿਆਰਾ ॥ ਗੁਰ ਪਰਸਾਦਿ ਸਦਾ ਮਨਿ ਵਸਿਆ, ਸਭਿ ਕਾਜ ਸਵਾਰਣਹਾਰਾ ॥ ਓਨਾ ਕੀ ਰੀਸ ਕਰੇ ਸੁ ਵਿਗੁਚੈ, ਜਿਨ ਹਰਿ ਪ੍ਰਭੁ ਹੈ ਰਖਵਾਰਾ ॥੫॥ ਬਿਨੁ ਸਤਿਗੁਰ ਸੇਵੇ ਕਿਨੈ ਨ ਪਾਇਆ, ਮਨਮੁਖਿ ਭਉਕਿ ਮੁਏ ਬਿਲਲਾਈ ॥ ਆਵਹਿ ਜਾਵਹਿ ਠਉਰ ਨ ਪਾਵਹਿ, ਦੁਖ ਮਹਿ ਦੁਖਿ ਸਮਾਈ ॥ ਗੁਰਮੁਖਿ ਹੋਵੈ ਸੁ ਅੰਮ੍ਰਿਤੁ ਪੀਵੈ, ਸਹਜੇ ਸਾਚਿ ਸਮਾਈ ॥੬॥ ਬਿਨੁ ਸਤਿਗੁਰ ਸੇਵੇ ਜਨਮੁ ਨ ਛੋਡੈ, ਜੇ ਅਨੇਕ ਕਰਮ ਕਰੈ ਅਧਿਕਾਈ ॥ ਵੇਦ ਪੜਹਿ ਤੈ ਵਾਦ ਵਖਾਣਹਿ, ਬਿਨੁ

ਹਰਿ ਪਤਿ ਗਵਾਈ ॥ ਸਚਾ ਸਤਿਗੁਰੁ ਸਾਚੀ ਜਿਸੁ ਬਾਣੀ, ਭਜਿ ਛੂਟਹਿ ਗੁਰ ਸਰਣਾਈ ॥੭॥ ਜਿਨਿ ਹਰਿ ਮਨਿ ਵਸਿਆ ਸੇ ਦਰਿ ਸਾਚੇ, ਦਰਿ ਸਾਚੈ ਸਚਿਆਰਾ ॥ ਓਨਾ ਸੋਭਾ ਜੁਗਿ ਜੁਗਿ ਹੋਈ, ਕੋਇ ਨ ਮੇਟਣਹਾਰਾ ॥ ਨਾਨਕ ਤਿਨ ਕੈ ਸਦ ਬਲਿਹਾਰੈ, ਜਿਨ ਹਰਿ ਰਾਖਿਆ ਉਰਿ ਧਾਰਾ ॥੮॥੧॥ ਜਿਨ੍ਹਾਂ ਪੁਰਖਾਂ ਨੂੰ ਹਰੀ ਦਾ ਨਾਮ ਪਿਆਰਾ ਲਗਦਾ ਹੈ, ਹੇ ਪ੍ਰਭੂ! ਤੂੰ ਉਨ੍ਹਾਂ ਦੇ ਕੰਮ ਪੂਰੇ ਕਰ ਦੇਂਦਾ ਹੈਂ, (ਤੇਰਾ ਆਸਰਾ ਹੋਣ ਕਰਕੇ ਉਨ੍ਹਾਂ ਨੂੰ) ਚਿੰਤਾ ਫਿਕਰ ਨਹੀਂ ਹੁੰਦਾ। ਗੁਰੂ ਦੀ ਕ੍ਰਿਪਾ ਨਾਲ ਸਾਰੇ ਕੰਮ ਸਵਾਰਨ ਵਾਲਾ ਪ੍ਰਭੂ (ਉਨ੍ਹਾਂ ਦੇ) ਮਨ ਵਿਚ ਸਦਾ ਵਸਿਆ ਰਹਿੰਦਾ ਹੈ। ਜਿਨ੍ਹਾਂ ਪੁਰਖਾਂ ਦਾ ਰਖਵਾਲਾ ਹਰੀ ਪ੍ਰਭੂ ਹੈ, ਜੋ ਮਨੁੱਖ ਉਨ੍ਹਾਂ ਦੀ ਰੀਸ ਕਰਦਾ ਹੈ, ਉਹ ਖੁਆਰ ਹੁੰਦਾ ਹੈ।੫। (ਹੇ ਭਾਈ!) ਸਤਿਗੁਰੂ ਦੀ ਸੇਵਾ ਕੀਤੇ ਬਿਨਾ ਕਿਸੇ ਮਨੁੱਖ ਨੇ ਵੀ ਪ੍ਰਭੂ ਨੂੰ ਨਹੀਂ ਪਾਇਆ, ਮਨਮੁਖ ਲੋਕ (ਕੁੱਤੇ ਵਾਂਗ) ਭੌਂਕ ਕੇ ਵਿਰਲਾਪ ਕਰਦੇ ਮਰ ਗਏ ਹਨ। (ਮਨਮੁਖ ਸੰਸਾਰ ਵਿਚ) ਆਉਂਦੇ ਜਾਂਦੇ (ਜੰਮਦੇ ਮਰਦੇ) ਰਹਿੰਦੇ ਹਨ, ਪੱਕਾ ਥਾਂ ਟਿਕਾਣਾ ਨਹੀਂ ਪ੍ਰਾਪਤ ਕਰ ਸਕਦੇ, ਉਹ ਦੁਖੀ ਹੋ ਕੇ ਦੁਖ ਵਿਚ ਹੀ ਸਮਾਏ (ਸਦਾ ਦੁਖੀ ਹੀ) ਰਹਿੰਦੇ ਹਨ। ਜੋ ਗੁਰਮੁਖ ਹੁੰਦਾ ਹੈ, ਉਹ ਨਾਮ ਅੰਮ੍ਰਿਤ ਪੀਂਦਾ ਹੈ, ਉਹ ਸੁਤੇ ਸਿੱਧ ਹੀ ਸਚ ਸਰੂਪ ਪ੍ਰਭੂ ਵਿਚ ਸਮਾ ਜਾਂਦਾ ਹੈ।੬। (ਹੇ ਭਾਈ!) ਸਤਿਗੁਰੂ ਦੀ ਸੇਵਾ ਕੀਤੇ ਬਿਨਾ ਜਨਮ (ਮਰਨ ਮਨੁੱਖ ਦਾ ਖਹਿੜਾ) ਨਹੀਂ ਛਡਦਾ, ਚਾਹੇ ਉਹ ਬਹੁਤ ਜਿਆਦਾ ਧਾਰਮਕ ਕਰਮ ਕਰਦਾ ਰਹੇ। (ਜਿਹੜੇ ਮਨੁੱਖ) ਵੇਦ ਆਦਿਕ ਗ੍ਰੰਥ ਪੜ੍ਹਦੇ ਹਨ ਅਤੇ ਧਾਰਮਕ ਬਹਿਸ ਕਰਦੇ ਹਨ, (ਉਨ੍ਹਾਂ ਨੇ) ਹਰੀ ਦੇ ਨਾਮ ਸਿਮਰਨ ਤੋਂ ਬਿਨਾ ਅਪਣੀ ਇੱਜਤ ਗਵਾ ਲਈ ਹੈ। (ਹੇ ਭਾਈ!) ਸਤਿਗੁਰੂ ਸੱਚਾ ਹੈ ਅਤੇ ਜਿਸ ਦੀ ਬਾਣੀ ਵੀ ਸੱਚੀ ਹੈ, (ਜਿਹੜੇ ਮਨੁੱਖ) ਭੱਜ ਕੇ ਗੁਰੂ ਦੀ ਸ਼ਰਣ ਵਿਚ ਆ ਪੈਂਦੇ ਹਨ, (ਉਹ ਜਨਮ ਮਰਨ ਦੇ ਚੱਕਰ ਤੋਂ) ਛੁਟ ਜਾਂਦੇ ਹਨ।੭। (ਹੇ ਭਾਈ!) ਜਿਨਾਂ ਪੁਰਖਾਂ ਦੇ ਮਨ ਵਿਚ ਹਰੀ ਵਸਿਆ ਹੈ, ਉਹ ਸਤਸੰਗਤ ਦੇ ਦਰ ਤੇ ਸੱਚੇ ਹਨ ਅਤੇ ਉਹ ਹੀ ਸੱਚੇ ਪ੍ਰਭੂ ਦੇ ਦਰਬਾਰ ਵਿਚ ਸਚਿਆਰ ਹਨ। ਉਨ੍ਹਾਂ ਦੀ ਸੋਭਾ ਸਾਰੇ ਜੁਗਾਂ (ਹਰ ਸਮੇਂ) ਹੋਈ ਹੈ, ਕੋਈ (ਨਿੰਦਕ ਉਨ੍ਹਾਂ ਦੀ ਜਗਤ ਵਿਚ ਹੋ ਰਹੀ ਸੋਭਾ ਨੂੰ) ਮਿਟਾਉਣ ਵਾਲਾ ਨਹੀਂ ਹੈ। ਨਾਨਕ ਉਨ੍ਹਾਂ ਗੁਰਮੁਖਾਂ ਤੋਂ ਸਦਾ ਬਲਹਾਰ ਜਾਂਦਾ ਹੈ, ਜਿਨ੍ਹਾਂ ਨੇ ਹਰੀ ਦੇ ਨਾਮ ਨੂੰ ਹਿਰਦੇ ਵਿਚ ਵਸਾ ਰੱਖਿਆ ਹੈ।੮।੧।

ਪਦਾਰਥ = ਅਚਿੰਤ–ਬਿਨਾ ਸੋਚੇ; ਚਿੰਤਾ ਤੋਂ ਬਿਨਾ ਹੀ; ਅਚਾਨਕ ਸੰਕਲਪ ਕੀਤੇ ਤੋਂ ਬਿਨਾ। ਪ੍ਰਭ–ਹੇ ਪ੍ਰਭੂ!। ਤਿਨ ਕੇ–ਉਨ੍ਹਾਂ ਦੇ। ਗੁਰ ਪਰਸਾਦਿ–ਗੁਰੂ ਦੀ ਕ੍ਰਿਪਾ ਨਾਲ। ਰੀਸ–ਬਰਾਬਰੀ; ਨਕਲ; ਸਰੀਕੇਬਾਜੀ। ਸੁ–ਉਹ। ਵਿਗੁਚੈ–ਖੁਆਰ ਹੁੰਦਾ ਹੈ। ਰਖਵਾਰਾ–ਰੱਖਿਆ ਕਰਨ ਵਾਲਾ।੫। ਕਿਨੈ–ਕਿਸੇ (ਮਨੁੱਖ) ਨੇ ਵੀ। ਭਉਕਿ–ਭੌਂਕ ਕੇ (ਬਿਅਰਥ ਬਕਵਾਸ ਕਰਕੇ)। ਮੁਏ–ਮਰ ਗਏ। ਬਿਲਲਾਈ–ਵਿਲਕ ਵਿਲਕ ਕੇ; ਵਿਰਲਾਪ ਕਰਦੇ (ਦੁਖੀ ਹੋ ਕੇ)। ਆਵਹਿ ਜਾਵਹਿ–ਆਉਂਦੇ ਜਾਂਦੇ (ਜੰਮਦੇ ਮਰਦੇ) ਰਹਿੰਦੇ ਹਨ। ਠਉਰ–ਥਾਂ ਟਿਕਾਣਾ। ਦੁਖਿ ਮਹਿ–ਦੁਖ ਵਿਚ। ਦੁਖਿ–ਦੁਖੀ ਹੋ ਕੇ। ਸਮਾਈ–ਲੀਨ ਰਹਿੰਦੇ ਹਨ; ਤਬਾਹ ਹੋ ਜਾਂਦੇ ਹਨ। ਸਹਜੇ–ਸੁਤੇ ਸਿੱਧ।੬। ਜਨਮੁ–ਜਨਮ ਮਰਨ ਦਾ ਗੇੜ। ਜੇ–ਭਾਵੇਂ। ਅਨੇਕ ਅਧਿਕਾਈ–ਬਹੁਤ ਜਿਆਦਾ। ਪੜਹਿ–ਪੜ੍ਹਦੇ ਹਨ। ਤੈ–ਅਤੇ। ਵਾਦ ਵਖਾਣਹਿ–ਬਹਿਸਾਂ ਕਰਦੇ ਹਨ। ਪਤਿ–ਇੱਜਤ। ਗਵਾਈ–ਗਵਾ ਲਈ। ਭਜਿ–ਦੌੜ ਕੇ। ਛੂਟਹਿ–ਬਚ ਜਾਂਦੇ ਹਨ। ਸਰਣਾਈ–ਸ਼ਰਣ ਵਿਚ।੭। ਮਨਿ–ਮਨ ਵਿਚ। ਸੇ–ਉਹ। ਦਰਿ–ਸਤਸੰਗਤ ਦੇ ਦਰ ਉਤੇ; ਦਰਬਾਰ ਵਿਚ। ਸਾਚੈ–ਸੱਚੇ ਪ੍ਰਭੂ ਦੇ। ਸਚਿਆਰਾ–ਸਚਿਆਰ ਪੁਰਖ। ਜੁਗਿ ਜੁਗਿ–ਹਰੇਕ ਜੁਗ ਵਿਚ; ਹਰ ਸਮੇਂ। ਤਿਨ ਕੈ–ਉਨ੍ਹਾਂ ਤੋਂ। ਸਦ–ਸਦਾ। ਉਰਿ–ਹਿਰਦੇ ਵਿਚ। ਰਾਖਿਆ ਧਾਰਾ–ਟਿਕਾ (ਵਸਾ) ਰੱਖਿਆ ਹੈ।੮।੧।

ਸੋਰਠਿ ਮਹਲਾ ੩ ਦੁਤੁਕੀ ॥ ਨਿਗੁਣਿਆ ਨੋ ਆਪੇ ਬਖਸਿ ਲਏ ਭਾਈ, ਸਤਿਗੁਰ ਕੀ ਸੇਵਾ ਲਾਇ ॥ ਸਤਿਗੁਰ ਕੀ ਸੇਵਾ ਊਤਮ ਹੈ ਭਾਈ, ਰਾਮ ਨਾਮਿ ਚਿਤੁ ਲਾਇ ॥੧॥ ਹਰਿ ਜੀਉ ਆਪੇ ਬਖਸਿ ਮਿਲਾਇ ॥ ਗੁਣ ਹੀਣ ਹਮ ਅਪਰਾਧੀ ਭਾਈ, ਪੂਰੇ ਸਤਿਗੁਰਿ ਲਏ ਰਲਾਇ ॥ਰਹਾਉ॥ ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ, ਸਾਚੈ ਸਬਦਿ ਵੀਚਾਰਿ ॥ ਭਉਜਲੁ ਪਾਰਿ ਉਤਾਰਿਅਨੁ ਭਾਈ, ਸਤਿਗੁਰ ਬੇੜੈ ਚਾੜਿ ॥੨॥ ਮਨੂਰੈ ਤੇ ਕੰਚਨ ਭਏ ਭਾਈ, ਗੁਰੁ ਪਾਰਸੁ ਮੇਲਿ ਮਿਲਾਇ ॥ ਆਪੁ ਛੋਡਿ ਨਾਉ ਮਨਿ ਵਸਿਆ ਭਾਈ, ਜੋਤੀ ਜੋਤਿ ਮਿਲਾਇ ॥੩॥ ਹਉ ਵਾਰੀ ਹਉ ਵਾਰਣੈ ਭਾਈ, ਸਤਿਗੁਰ ਕਉ ਸਦ ਬਲਿਹਾਰੈ ਜਾਉ ॥ ਨਾਮੁ ਨਿਧਾਨੁ ਜਿਨਿ ਦਿਤਾ ਭਾਈ, ਗੁਰਮਤਿ ਸਹਜਿ ਸਮਾਉ ॥੪॥ ਹੇ ਭਾਈ! ਹਰੀ ਗੁਣ ਹੀਣ ਮਨੁੱਖਾਂ ਨੂੰ ਵੀ ਸਤਿਗੁਰੂ ਦੀ ਸੇਵਾ ਵਿਚ ਲਗਾ ਕੇ ਆਪੇ ਬਖਸ਼ ਲੈਂਦਾ ਹੈ। ਹੇ ਭਾਈ! ਸਤਿਗੁਰੂ ਦੀ ਸੇਵਾ (ਸਾਰੇ ਕਰਮਕਾਂਡਾਂ ਨਾਲੋਂ) ਉਤਮ ਹੈ, (ਗੁਰੂ ਸੇਵਾ ਕਰਨ ਵਾਲੇ ਮਨੁੱਖ ਦੇ) ਚਿਤ ਨੂੰ ਰਾਮ ਦੇ ਨਾਮ ਵਿਚ ਲਾ ਦੇਂਦਾ ਹੈ।੧। (ਹੇ ਭਾਈ!) ਹਰਿ ਜੀ, (ਜਿਨ੍ਹਾਂ ਮਨੁੱਖਾਂ ਉਤੇ ਕ੍ਰਿਪਾ ਕਰਦਾ ਹੈ, ਉਨ੍ਹਾਂ ਨੂੰ ਉਹ) ਆਪ ਹੀ ਬਖਸ਼ਿਸ ਕਰਕੇ (ਅਪਣੇ ਨਾਲ) ਮਿਲਾ ਲੈਂਦਾ ਹੈ। ਹੇ ਭਾਈ! ਅਸੀਂ ਪਾਪੀ ਜੀਵ ਗੁਣ ਹੀਣ ਹਾਂ, ਪੂਰੇ ਸਤਿਗੁਰੂ ਨੇ (ਕ੍ਰਿਪਾ ਕਰਕੇ ਸਾਨੂੰ ਅਪਣੀ ਸੰਗਤ ਨਾਲ) ਮਿਲਾ ਲਿਆ ਹੈ। ਰਹਾਉ। ਹੇ ਪਿਆਰੇ! ਉਸ ਪ੍ਰਭੂ ਨੇ ਸੱਚੇ ਸ਼ਬਦ ਦੀ ਵਿਚਾਰ ਰਾਹੀਂ ਕਿਹੜੇ ਕਿਹੜੇ ਪਾਪੀ ਬਖਸੇ ਹਨ ?(ਬੇਅੰਤ ਪਾਪੀਆਂ ਨੂੰ ਬਖਸ਼ਿਆ ਹੈ)। ਹੇ ਭਾਈ! ਉਸ ਪ੍ਰਭੂ ਨੇ (ਅਣਗਿਤ ਪਾਪੀ) ਸਤਿਗੁਰੂ ਦੇ ਨਾਮ ਰੂਪ ਬੇੜੇ ਵਿਚ ਚਾੜ੍ਹ ਕੇ

(ਗੁਰੂ ਦੇ ਦੱਸੇ ਰਸਤੇ ਤੇ ਤੋਰ ਕੇ) ਭਵਜਲ ਤੋਂ ਪਾਰ ਉਤਾਰ ਦਿਤੇ ਹਨ।੨।ਹੇ ਭਾਈ! (ਜਿਹੜੇ ਮਨੁੱਖ) ਗੁਰੂ ਪਾਰਸ ਨੂੰ ਮਿਲ ਕੇ (ਪ੍ਰਭੂ ਨਾਲ) ਮਿਲ ਗਏ ਹਨ, ਉਹ ਗਲੇ ਹੋਏ (ਜੰਗ ਵਾਲੇ) ਲੋਹੇ ਤੋਂ ਸੋਨਾ ਬਣ ਗਏ ਹਨ (ਵਿਕਾਰੀ ਮਨੁੱਖ ਗੁਰਮੁਖ ਬਣ ਗਏ)।ਹੇ ਭਾਈ! ਆਪਾ ਭਾਵ ਛਡ ਕੇ (ਉਨ੍ਹਾਂ ਦੇ) ਮਨ ਵਿਚ ਹਰੀ ਦਾ ਨਾਮ ਵਸਿਆ ਹੈ, (ਜਿਸ ਕਰਕੇ ਉਨ੍ਹਾਂ ਦੀ) ਆਤਮ ਜੋਤ ਜੋਤੀ ਸਰੂਪ ਹਰੀ ਵਿਚ ਮਿਲ ਗਈ ਹੈ; ਜੋਤ ਸਰੂਪ ਹਰੀ ਨੇ (ਉਨ੍ਹਾਂ ਦੀ) ਆਤਮ ਜੋਤ ਨੂੰ ਅਪਣੇ ਵਿਚ ਮਿਲਾ ਲਿਆ ਹੈ।੩।ਹੇ ਭਾਈ! ਮੈਂ ਅਪਣੇ ਸਤਿਗੁਰੂ ਤੋਂ ਮਨ ਕਰਕੇ ਵਾਰਨੇ ਜਾਂਦਾ ਹਾਂ, ਤਨ ਕਰਕੇ ਵੀ ਵਾਰਨੇ ਜਾਂਦਾ ਹਾਂ ਅਤੇ ਬਾਣੀ ਕਰਕੇ ਵੀ ਸਦਾ ਬਲਹਾਰ ਜਾਂਦਾ ਹਾਂ।ਜਿਸ ਗੁਰੂ ਨੇ ਮੈਨੂੰ ਨਾਮ ਰੂਪ ਖਜਾਨਾ ਦਿਤਾ ਹੈ, (ਉਸ) ਗੁਰੂ ਦੀ ਮੱਤ ਲੈ ਕੇ ਮੈਂ ਸਹਿਜ ਅਵਸਥਾ ਵਿਚ ਲੀਨ ਰਹਿੰਦਾ ਹਾਂ।੪।

ਪਦਾਰਥ = ਦੁਤੁਕੀ–ਦੋ ਤੁਕਾਂ ਵਾਲੇ ਪਦੇ।ਨਿਗੁਣਿਆ ਨੋ–ਗੁਣ ਹੀਣ ਮਨੁੱਖਾਂ ਨੂੰ।ਭਾਈ–ਹੇ ਭਾਈ!।ਲਾਇ–ਲਗਾ ਕੇ।ਰਾਮ ਨਾਮਿ–ਵਾਹਿਗੁਰੂ ਦੇ ਨਾਮ ਵਿਚ।੧।ਬਖਸਿ–ਬਖਸ਼ਿਸ਼ (ਮੇਹਰ) ਕਰਕੇ।ਮਿਲਾਇ–ਮਿਲਾ ਲੈਂਦਾ ਹੈ।ਹਮ–ਅਸੀਂ ਜੀਵ।ਅਪਰਾਧੀ–ਪਾਪੀ। ਸਤਿਗੁਰਿ–ਸਤਿਗੁਰੂ ਨੇ।ਰਲਾਇ–ਮਿਲਾ ਲਿਆ।ਰਹਾਉ।ਕਉਣ ਕਉਣ–ਕਿਹੜੇ ਕਿਹੜੇ।ਬਖਸਿਅਨੁ–ਉਸ ਨੇ ਬਖਸ਼ੇ ਹਨ।ਸਾਚੈ ਸਬਦਿ ਵੀਚਾਰਿ–ਸੱਚੇ ਸ਼ਬਦ ਦੀ ਵੀਚਾਰ ਦੁਆਰਾ।ਭਉਜਲੁ–ਸੰਸਾਰ ਸਮੁੰਦਰ।ਪਾਰਿ ਉਤਾਰਿਆਨੁ–ਉਸ ਨੇ ਪਾਰ ਲੰਘਾ ਦਿਤੇ ਹਨ। ਬੇੜੈ–ਬੇੜੇ ਵਿਚ।ਚਾੜਿ–ਚੜ੍ਹਾ ਕੇ।੨।ਮਨੂਰੈ ਤੇ–ਗਲੇ ਸੜੇ (ਜੰਗਾਲ ਵਾਲੇ) ਲੋਹੇ ਤੋਂ।ਕੰਚਨ–ਸੋਨਾ।ਭਏ–ਹੋ (ਬਣ) ਗਏ।ਪਾਰਸ–ਇਕ ਖਿਆਲੀ ਪੱਥਰ ਜਿਸ ਦੇ ਛੋਹਣ ਨਾਲ ਲੋਹਾ ਸੋਨਾ ਹੋ ਜਾਂਦਾ ਹੈ।ਆਪੁ–ਆਪਾ ਭਾਵ (ਹੰਕਾਰ)।੩।ਹਉ–ਮੈਂ।ਵਾਰੀ–ਕੁਰਬਾਨ। ਵਾਰਣੈ–ਕੁਰਬਾਨ।ਕਉ–ਨੂੰ; ਤੋਂ।ਸਦ–ਸਦਾ।ਬਲਿਹਾਰੈ–ਕੁਰਬਾਨ।ਜਾਉ–ਜਾਂਦਾ ਹਾਂ।ਨਿਧਾਨੁ–ਖਜਾਨਾ।ਜਿਨਿ–ਜਿਸ ਨੇ।ਗੁਰਮਤਿ –ਗੁਰੂ ਦੀ ਸਿੱਖਿਆ ਲੈ ਕੇ।ਸਹਜਿ–ਸਹਿਜ ਅਵਸਥਾ।ਸਮਾਉ–ਲੀਨ (ਟਿਕਿਆ) ਰਹਿੰਦਾ ਹਾਂ।੪।

ਗੁਰ ਬਿਨੁ ਸਹਜੁ ਨ ਊਪਜੈ ਭਾਈ, ਪੂਛਹੁ ਗਿਆਨੀਆ ਜਾਇ ॥ ਸਤਿਗੁਰ ਕੀ ਸੇਵਾ ਸਦਾ ਕਰਿ ਭਾਈ, ਵਿਚਹੁ ਆਪੁ ਗਵਾਇ ॥੫॥ ਗੁਰਮਤੀ ਭਉ ਊਪਜੈ ਭਾਈ, ਭਉ ਕਰਣੀ ਸਚੁ ਸਾਰੁ ॥ ਪ੍ਰੇਮ ਪਦਾਰਥੁ ਪਾਈਐ ਭਾਈ, ਸਚੁ ਨਾਮੁ ਆਧਾਰੁ ॥੬॥ ਜੋ ਸਤਿਗੁਰ ਸੇਵਹਿ ਆਪਣਾ ਭਾਈ, ਤਿਨ ਕੈ ਹਉ ਲਾਗਉ ਪਾਇ ॥ ਜਨਮੁ ਸਵਾਰੀ ਆਪਣਾ ਭਾਈ, ਕੁਲੁ ਭੀ ਲਈ ਬਖਸਾਇ ॥੭॥ ਸਚੁ ਬਾਣੀ ਸਚੁ ਸਬਦੁ ਹੈ ਭਾਈ, ਗੁਰ ਕਿਰਪਾ ਤੇ ਹੋਇ ॥ ਹੇ ਭਾਈ! ਗੁਰੂ (ਦੇ ਬਖਸ਼ੇ ਉਪਦੇਸ਼) ਤੋਂ ਬਿਨਾ ਗਿਆਨ ਪੈਦਾ ਨਹੀਂ ਹੁੰਦਾ, ਬੇਸ਼ੱਕ ਆਤਮਾ ਦਾ ਗਿਆਨ ਰੱਖਣ ਵਾਲੇ ਪੁਰਖਾਂ ਕੋਲੋਂ ਜਾ ਕੇ ਪੁੱਛ ਲਵੋ।ਹੇ ਭਾਈ! (ਅਪਣੇ ਹਿਰਦੇ) ਵਿਚੋਂ ਆਪਾ ਭਾਵ ਗੁਆ ਕੇ ਸਤਿਗੁਰੂ ਦੀ ਸਦਾ ਸੇਵਾ ਕਰਿਆ ਕਰ।੫।ਹੇ ਭਾਈ! ਗੁਰੂ ਦੀ ਮੱਤ ਧਾਰਨ ਕਰਨ ਨਾਲ ਰੱਬੀ ਡਰ ਪੈਦਾ ਹੁੰਦਾ ਹੈ, ਰੱਬੀ ਡਰ (ਮਨ ਵਿਚ ਟਿਕਾਈ ਰੱਖਣਾ) ਕਰਨ ਯੋਗ ਕੰਮ ਹੈ, (ਇਹ ਕੰਮ ਸਭ ਤੋਂ) ਸ੍ਰੇਸਟ ਤੇ ਸੱਚਾ ਹੈ।ਹੇ ਭਾਈ! (ਇਸ ਡਰ ਦਾ ਸਦਕਾ) ਪ੍ਰੇਮ ਪਦਾਰਥ ਪਾ ਲਈਦਾ ਹੈ, (ਇਸ ਪ੍ਰੇਮ ਦੀ ਬਰਕਤ ਨਾਲ) ਪ੍ਰਭੂ ਦਾ ਸੱਚਾ ਨਾਮ (ਮਨੁੱਖ ਦੇ ਜੀਵਨ ਦਾ) ਆਸਰਾ ਬਣ ਜਾਂਦਾ ਹੈ।੬।ਹੇ ਭਾਈ! ਜੋ ਮਨੁੱਖ ਅਪਣੇ ਸਤਿਗੁਰੂ ਦੀ ਸੇਵਾ ਭਗਤੀ ਕਰਦੇ ਹਨ, ਮੈਂ ਉਨ੍ਹਾਂ ਦੇ ਪੈਰੀਂ ਲਗਦਾ ਹਾਂ।(ਇਸ ਤਰ੍ਹਾਂ) ਮੈਂ ਅਪਣਾ ਮਨੁੱਖਾ ਜਨਮ ਸਵਾਰ ਲਵਾਂਗਾ ਅਤੇ ਅਪਣੀ ਕੁਲ ਵੀ ਬਖਸ਼ਾ ਲਵਾਂਗਾ।੭।ਹੇ ਭਾਈ! ਗੁਰੂ ਦੀ ਬਾਣੀ ਸੱਚ ਸਰੂਪ ਹੈ ਤੇ ਗੁਰੂ ਦਾ ਸ਼ਬਦ ਵੀ ਸੱਚ ਸਰੂਪ ਹੈ, (ਪਰ ਇਨ੍ਹਾਂ ਦੀ ਪ੍ਰਾਪਤੀ) ਗੁਰੂ ਦੀ ਕ੍ਰਿਪਾ ਨਾਲ ਹੁੰਦੀ ਹੈ।

ਅੰਗ ੬੩੯ = ਨਾਨਕ ਨਾਮੁ ਹਰਿ ਮਨਿ ਵਸੈ ਭਾਈ, ਤਿਸੁ ਬਿਘਨੁ ਨ ਲਾਗੈ ਕੋਇ ॥੮॥੨॥ ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਭਾਈ! (ਜਿਸ ਮਨੁੱਖ ਦੇ) ਮਨ ਵਿਚ ਹਰੀ ਦਾ ਨਾਮ ਵਸ ਜਾਂਦਾ ਹੈ, ਉਸ ਨੂੰ ਕੋਈ ਬਿਘਨ ਨਹੀਂ ਲਗ ਸਕਦਾ।੮।੨।

ਪਦਾਰਥ = ਸਹਜੁ–ਆਤਮਕ ਗਿਆਨ।ਨ ਊਪਜੈ–ਪੈਦਾ ਨਹੀਂ ਹੁੰਦਾ।ਭਾਈ–ਹੇ ਭਾਈ!।ਗਿਆਨੀਆ–ਗਿਆਨ ਵਾਨਾਂ ਤੋਂ।ਵਿਚਹੁ–ਹਿਰਦੇ ਵਿਚੋਂ।ਆਪੁ–ਆਪਾ ਭਾਵ।ਗਵਾਇ–ਗੁਆ ਕੇ।੫।ਗੁਰਮਤੀ–ਗੁਰੂ ਦੀ ਮੱਤ ਧਾਰਨ ਕਰਨ ਨਾਲ।ਭਉ–ਡਰ।ਕਰਣੀ–ਕਰਨ ਯੋਗ ਕੰਮ।ਸਾਰੁ–ਸ੍ਰੇਸਟ।ਆਧਾਰੁ–ਆਸਰਾ।੬।ਤਿਨ ਕੈ–ਉਨ੍ਹਾਂ ਦੇ।ਹਉ–ਮੈਂ।ਲਾਗਉ ਪਾਇ–ਪੈਰੀਂ (ਚਰਨੀਂ) ਲਗਦਾ ਹਾਂ।ਸਵਾਰੀ –ਸੁਆਰ ਲਵਾਂਗਾ।ਕੁਲੁ–ਖਾਨਦਾਨ।ਲਈ ਬਖਸਾਇ–ਬਖਸ਼ਾ ਲਵਾਂਗਾ।੭।ਤੇ–ਤੋਂ; ਨਾਲ।ਬਿਘਨੁ–ਔਕੜ; ਰੁਕਾਵਟ।੮।੨।

ਸੋਰਠਿ ਮਹਲਾ ੩ ॥ ਹਰਿ ਜੀਉ ਸਬਦੇ ਜਾਪਦਾ ਭਾਈ, ਪੂਰੈ ਭਾਗਿ ਮਿਲਾਇ ॥ ਸਦਾ ਸੁਖੁ ਸੋਹਾਗਣੀ ਭਾਈ, ਅਨਦਿਨੁ ਰਤੀਆ ਰੰਗੁ ਲਾਇ ॥੧॥ ਹਰਿ ਜੀ ਤੂ ਆਪੇ ਰੰਗੁ ਚੜਾਇ ॥ ਗਾਵਹੁ ਗਾਵਹੁ ਰੰਗਿ ਰਾਤਿਹੁ ਭਾਈ, ਹਰਿ ਸੇਤੀ ਰੰਗੁ ਲਾਇ ॥ਰਹਾਉ॥ ਗੁਰ ਕੀ ਕਾਰ ਕਮਾਵਣੀ ਭਾਈ, ਆਪੁ ਛੋਡਿ ਚਿਤੁ ਲਾਇ ॥ ਸਦਾ ਸਹਜੁ ਫਿਰਿ ਦੁਖੁ ਨ ਲਗਈ ਭਾਈ, ਹਰਿ ਆਪਿ ਵਸੈ ਮਨਿ ਆਇ ॥ ੨॥ ਪਿਰ ਕਾ ਹੁਕਮੁ ਨ ਜਾਣਈ ਭਾਈ, ਸਾ ਕੁਲਖਣੀ ਕੁਨਾਰਿ ॥ ਮਨ ਹਠਿ ਕਾਰ ਕਮਾਵਣੀ ਭਾਈ, ਵਿਣੁ ਨਾਵੈ ਕੂੜਿਆਰਿ ॥੩॥ ਸੇ ਗਾਵਹਿ ਜਿਨ ਮਸਤਕਿ ਭਾਗੁ ਹੈ ਭਾਈ, ਭਾਇ ਸਚੈ ਬੈਰਾਗੁ ॥ ਅਨਦਿਨੁ ਰਾਤੇ ਗੁਣ ਰਵਹਿ ਭਾਈ, ਨਿਰਭਉ ਗੁਰ ਲਿਵ ਲਾਗੁ ॥

੪॥ ਹੇ ਭਾਈ! ਪ੍ਰਭੂ ਜੀ ਗੁਰੂ ਦੇ ਸ਼ਬਦ ਦੁਆਰਾ ਜਾਣਿਆ ਜਾਂਦਾ ਹੈ, ਪੂਰੇ ਭਾਗਾਂ ਨਾਲ (ਗੁਰੂ ਹਰੀ ਨਾਲ) ਮਿਲਾ ਦੇਂਦਾ ਹੈ। ਹੇ ਭਾਈ ! ਸੁਹਾਗਣਾਂ (ਗੁਰਮੁਖਾਂ) ਨੂੰ ਸਦਾ ਹੀ ਆਤਮਕ ਸੁਖ ਹੁੰਦਾ ਹੈ, (ਕਿਉਂਕਿ ਉਹ) ਪ੍ਰੇਮ ਲਾ ਕੇ ਹਰ ਰੋਜ ਹਰੀ ਨਾਲ ਰੰਗੀਆਂ ਰਹਿੰਦੀਆਂ ਹਨ।੧।ਹੇ ਹਰਿ ਜੀ! ਤੂੰ ਆਪ ਹੀ (ਗੁਰਮੁਖਾਂ ਨੂੰ) ਪ੍ਰੇਮ ਦਾ ਰੰਗ ਚੜ੍ਹਾ ਦੇਂਦਾ ਹੈਂ।ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੇ ਹੋਏ ਹੇ ਭਰਾਵੋ! ਪ੍ਰਭੂ ਨਾਲ ਪ੍ਰੇਮ ਰੰਗ ਲਾ ਕੇ (ਉਸ ਦਾ) ਜਸ ਗਾਉਂਦੇ ਰਹੋ। ਰਹਾਉ। ਹੇ ਭਾਈ! ਜਿਹੜੀ ਜੀਵ ਇਸਤ੍ਰੀ ਆਪਾ ਭਾਵ ਛਡ ਕੇ ਅਤੇ ਮਨ ਲਾ ਕੇ ਗੁਰੂ ਦੀ ਦੱਸੀ ਕਾਰ ਸੇਵਾ ਕਰਦੀ ਹੈ।(ਉਸ ਦੇ) ਮਨ ਵਿਚ ਹਰੀ ਆਪ ਆ ਵਸਦਾ ਹੈ, (ਜਿਸ ਕਰਕੇ ਉਸ ਦੇ ਅੰਦਰ) ਸਦਾ ਸ਼ਾਂਤੀ ਬਣੀ ਰਹਿੰਦੀ ਹੈ, (ਉਸ ਨੂੰ) ਮੁੜ ਕਦੇ ਦੁਖ ਨਹੀਂ ਲਗਦਾ।੨। ਹੇ ਭਾਈ! (ਜਿਹੜੀ ਜੀਵ ਇਸਤ੍ਰੀ) ਪਤੀ ਦਾ ਹੁਕਮ ਮੰਨਣਾ ਨਹੀਂ ਜਾਣਦੀ, ਉਹ ਖੋਟੇ ਲੱਛਣਾਂ ਵਾਲੀ ਭੈੜੀ ਇਸਤ੍ਰੀ ਹੈ। ਹੇ ਭਾਈ! (ਉਹ) ਮਨ ਦੇ ਹਠ ਨਾਲ ਕੰਮ ਕਰਦੀ ਹੈ, (ਉਹ) ਨਾਮ ਤੋਂ ਬਿਨਾ ਝੂਠੀ ਹੈ।੩। ਹੇ ਭਾਈ! ਜਿਨ੍ਹਾਂ ਮਨੁੱਖਾਂ ਦੇ ਮੱਥੇ ਤੇ ਉਤਮ ਭਾਗ ਲਿਖਿਆ ਹੈ, ਉਹ (ਪ੍ਰਭੂ ਦਾ ਜਸ) ਗਾਉਂਦੇ ਹਨ, ਸੱਚੇ ਪ੍ਰਭੂ ਦੇ ਪ੍ਰੇਮ ਕਰਕੇ (ਉਨ੍ਹਾਂ ਨੂੰ) ਸੰਸਾਰ ਤੋਂ ਵੈਰਾਗ ਹੋ ਜਾਂਦਾ ਹੈ। ਹੇ ਭਾਈ! (ਉਹ ਪ੍ਰੇਮ ਵਿਚ) ਰੰਗੇ ਹੋਏ ਹਰ ਰੋਜ ਪ੍ਰਭੂ ਦੇ ਗੁਣ ਗਾਉਂਦੇ ਹਨ ਅਤੇ ਨਿਰਭਉ ਗੁਰੂ ਨਾਲ ਉਨ੍ਹਾਂ ਦਾ ਪ੍ਰੇਮ ਭਰਿਆ ਅਟੁੱਟ ਧਿਆਨ ਲਗ ਜਾਂਦਾ ਹੈ।੪।

ਪਦਾਰਥ = ਸਬਦੇ–ਗੁਰੂ ਦੇ ਸ਼ਬਦ ਦੁਆਰਾ। ਜਾਪਦਾ–ਜਾਣਿਆ ਜਾਂਦਾ ਹੈ। ਭਾਈ–ਹੇ ਭਾਈ!। ਪੂਰੈ ਭਾਗਿ–ਪੂਰੇ ਭਾਗਾਂ ਨਾਲ। ਸੋਹਾਗਣੀ–ਪ੍ਰਭੂ ਨਾਲ ਜੁੜੇ ਹੋਏ ਗੁਰਮੁਖ। ਅਨਦਿਨੁ–ਹਰ ਰੋਜ। ਰਤੀਆ–ਰੰਗੀਆਂ ਰਹਿੰਦੀਆਂ ਹਨ। ਰੰਗੁ–ਪ੍ਰੇਮ ਜਾਂ ਨਾਮ ਰੰਗ। ਲਾਇ –ਲਾ ਕੇ।੧। ਆਪੇ–ਆਪ ਹੀ। ਚੜਾਇ–ਚੜ੍ਹਾ ਦੇਂਦਾ ਹੈਂ। ਰੰਗਿ–ਪ੍ਰੇਮ ਜਾਂ ਨਾਮ ਰੰਗ ਵਿਚ। ਰਾਤਿਹੁ ਭਾਈ–ਹੇ ਰੰਗੇ ਹੋਏ ਭਰਾਵੋ!। ਸੇਤੀ–ਨਾਲ। ਰਹਾਉ। ਕਾਰ–ਸੇਵਾ; ਭਗਤੀ। ਕਮਾਵਣੀ–ਕਰਦੀ ਹੈ। ਆਪੁ–ਆਪਾ ਭਾਵ। ਚਿਤੁ–ਮਨ। ਸਹਜੁ–ਮਾਨਸਕ ਸ਼ਾਂਤੀ। ਫਿਰਿ –ਮੁੜ ਦੁਬਾਰਾ। ਮਨਿ–ਮਨ ਵਿਚ।੨। ਪਿਰ ਕਾ–ਪਤੀ ਦਾ। ਨ ਜਾਣਈ–(ਮੰਨਣਾ) ਨਹੀਂ ਜਾਣਦੀ। ਸਾ–ਉਹ। ਕੁਲਖਣੀ–(ਕੁਲੱਖਣੀ ਬੋਲੋ) ਭੈੜੇ ਲੱਛਣਾਂ ਵਾਲੀ। ਕੁਨਾਰਿ–ਨਿੰਦਿਤ ਇਸਤ੍ਰੀ। ਮਨ ਹਠਿ–ਮਨ ਦੇ ਹੱਠ ਨਾਲ। ਕਾਰ ਕਮਾਵਣੀ–ਕੰਮ ਕਰਦੀ ਹੈ। ਵਿਣੁ ਨਾਵੈ– ਨਾਮ ਤੋਂ ਬਿਨਾ। ਕੂੜਿਆਰਿ–ਝੂਠੀ।੩। ਸੇ–ਉਹ। ਮਸਤਕਿ–ਮੱਥੇ ਉਤੇ। ਭਾਇ ਸਚੈ–ਸੱਚੇ ਪ੍ਰਭੂ ਦੇ ਪ੍ਰੇਮ ਕਰਕੇ। ਬੈਰਾਗੁ–ਉਪਰਾਮਤਾ (ਮੋਹ ਰਹਿਤ ਅਵਸਥਾ)। ਰਾਤੇ–ਰੰਗੇ ਹੋਏ। ਰਵਹਿ–ਗਾਉਂਦੇ ਹਨ। ਨਿਰਭਉ–ਭੈ ਰਹਿਤ। ਲਿਵ–ਧਿਆਨ।੪।

ਸਭਨਾ ਮਾਰਿ ਜੀਵਾਲਦਾ ਭਾਈ, ਸੋ ਸੇਵਹੁ ਦਿਨੁ ਰਾਤਿ ॥ ਸੋ ਕਿਉ ਮਨਹੁ ਵਿਸਾਰੀਐ ਭਾਈ, ਜਿਸ ਦੀ ਵਡੀ ਹੈ ਦਾਤਿ ॥੫॥ ਮਨਮੁਖਿ ਮੈਲੀ ਡੂੰਮਣੀ ਭਾਈ, ਦਰਗਹ ਨਾਹੀ ਥਾਉ ॥ ਗੁਰਮੁਖਿ ਹੋਵੈ ਤ ਗੁਣ ਰਵੈ ਭਾਈ, ਮਿਲਿ ਪ੍ਰੀਤਮ ਸਾਚਿ ਸਮਾਉ ॥੬॥ ਏਤੁ ਜਨਮਿ ਹਰਿ ਨ ਚੇਤਿਓ ਭਾਈ, ਕਿਆ ਮੁਹੁ ਦੇਸੀ ਜਾਇ ॥ ਕਿੜੀ ਪਵੰਦੀ ਮੁਹਾਇਓਨੁ ਭਾਈ, ਬਿਖਿਆ ਨੋ ਲੋਭਾਇ ॥੭॥ ਨਾਮੁ ਸਮਾਲਹਿ ਸੁਖਿ ਵਸਹਿ ਭਾਈ, ਸਦਾ ਸੁਖੁ ਸਾਂਤਿ ਸਰੀਰ ॥ ਨਾਨਕ ਨਾਮੁ ਸਮਾਲਿ ਤੂ ਭਾਈ, ਅਪਰੰਪਰ ਗੁਣੀ ਗਹੀਰ ॥੮॥੩॥ ਹੇ ਭਾਈ! ਹਰੀ ਸਭ ਨੂੰ ਮਾਰਦਾ ਤੇ ਜਿਵਾਲਦਾ ਹੈ, (ਇਸ ਲਈ) ਦਿਨ ਰਾਤ ਉਸ ਦੀ ਸੇਵਾ ਭਗਤੀ ਕਰਿਆ ਕਰੋ। ਹੇ ਭਾਈ! ਜਿਸ ਪ੍ਰਭੂ ਦੀ (ਜੀਵਾਂ ਉਤੇ ਕੀਤੀ) ਬਖਸ਼ਿਸ਼ ਬਹੁਤ ਵੱਡੀ ਹੈ, ਉਸ ਨੂੰ ਮਨ ਵਿਚੋਂ ਕਿਉਂ ਭੁਲਾਈਏ? (ਨਹੀਂ ਭੁਲਾਉਣਾ ਚਾਹੀਦਾ)।੫। ਹੇ ਭਾਈ! ਮਨਮੁਖ ਇਸਤ੍ਰੀ (ਵਿਕਾਰਾਂ ਕਰਕੇ) ਮੈਲੀ ਤੇ ਦੁਚਿੱਤੀ ਵਾਲੀ ਹੈ, (ਇਸ ਕਰਕੇ ਉਸ ਨੂੰ ਰੱਬੀ) ਦਰਗਾਹ ਵਿਚ ਥਾਂ ਨਹੀਂ ਮਿਲਦੀ। ਹੇ ਭਾਈ! (ਜੇ ਉਹ) ਗੁਰਮੁਖ ਹੋ ਜਾਵੇ ਤਾਂ (ਉਹ ਹਰੀ ਦੇ ਗੁਣ) ਉਚਾਰਦੀ ਹੈ ਤੇ ਪਿਆਰੇ ਪ੍ਰਭੂ ਨੂੰ ਮਿਲ ਕੇ ਸੱਚੇ ਪ੍ਰਭੂ ਵਿਚ ਸਮਾ ਜਾਂਦੀ ਹੈ।੬। ਹੇ ਭਾਈ! (ਜਿਸ ਮਨੁੱਖ ਨੇ) ਇਸ ਜਨਮ ਵਿਚ ਹਰੀ ਨੂੰ ਯਾਦ ਨਹੀਂ ਕੀਤਾ, (ਉਹ ਰਬ ਦੀ ਦਰਗਾਹ ਵਿਚ) ਜਾ ਕੇ ਕੀ ਮੂੰਹ ਦੇਵੇਗਾ (ਦਿਖਾਏਗਾ? ਸ਼ਰਮਿੰਦਾ ਹੋਵੇਗਾ)। ਹੇ ਭਾਈ! ਵਿਸ਼ਿਆਂ ਵਿਚ ਮਸਤ ਹੋ ਕੇ ਅਵਾਜਾਂ ਪੈਂਦਿਆਂ ਭੀ ਲੁੱਟਿਆ ਗਿਆ (ਸ਼ਬਦਾਰਥ); ਅਵਾਜਾਂ ਪੈਂਦਿਆਂ (ਧਰਮ ਗ੍ਰੰਥਾਂ ਦਾ ਉਪਦੇਸ਼ ਸੁਣਦਿਆਂ) ਭੀ ਉਸ ਨੇ ਮਾਇਆ ਵਾਸਤੇ (ਅਪਣਾ ਆਤਮਕ ਜੀਵਨ ਕਾਮ ਆਦਿਕ ਚੋਰਾਂ ਤੋਂ) ਲੁਟਾ ਲਿਆ ਹੈ।੭। ਹੇ ਭਾਈ (ਜਿਹੜੇ ਮਨੁੱਖ ਪ੍ਰਭੂ ਦਾ) ਨਾਮ ਸਿਮਰਦੇ ਹਨ, ਉਹ ਸੁਖੀ ਵਸਦੇ ਹਨ, (ਉਨ੍ਹਾਂ ਦੇ) ਸਰੀਰ ਨੂੰ ਸਦਾ ਸੁਖ ਸ਼ਾਂਤੀ ਬਣੀ ਰਹਿੰਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਭਾਈ! ਤੂੰ ਵੀ (ਪ੍ਰਭੂ ਦਾ ਨਾਮ) ਯਾਦ ਕਰ, ਜੋ ਪਾਰ ਤੋਂ ਪਰੇ ਅਤੇ ਅਥਾਹ ਗੁਣਾਂ ਵਾਲਾ ਹੈ।੮।੩।

ਪਦਾਰਥ = ਸਭਨਾ–ਸਭ ਜੀਵਾਂ ਨੂੰ। ਜੀਵਾਲਦਾ–ਜਿਵਾਉਂਦਾ ਹੈ। ਸੋ–ਉਸ ਦੀ। ਸੇਵਹੁ–ਸੇਵਾ ਭਗਤੀ ਕਰੋ। ਮਨਹੁ–ਮਨ ਵਿਚੋਂ। ਦਾਤਿ– ਬਖਸ਼ਿਸ਼।੫। ਮਨਮੁਖਿ–ਮਨ ਦੇ ਪਿੱਛੇ ਤੁਰਨ ਵਾਲੀ ਜੀਵ ਇਸਤ੍ਰੀ। ਮੈਲੀ–ਵਿਕਾਰਾਂ ਦੀ ਮੈਲ ਨਾਲ ਭਰੀ ਹੋਈ। ਡੂੰਮਣੀ–ਦੁਚਿੱਤੀ ਵਾਲੀ; ਦੁਖੀ; ਉਦਾਸ। ਤ–ਤਾਂ। ਰਵੈ–ਉਚਾਰਦੀ ਹੈ। ਸਾਚਿ–ਸੱਚੇ ਪ੍ਰਭੂ ਵਿਚ। ਸਮਾਉ–ਸਮਾ (ਮਿਲ) ਜਾਂਦੀ ਹੈ।੬। ਏਤੁ ਜਨਮਿ–ਇਸ ਜਨਮ ਵਿਚ। ਨ ਚੇਤਿਓ–ਯਾਦ ਨਹੀਂ ਕੀਤਾ। ਮੁਹੁ–ਮੂੰਹ। ਦੇਸੀ–ਦੇਵੇਗਾ (ਦਿਖਾਏਗਾ)। ਜਾਇ–ਜਾ ਕੇ। ਕਿੜੀ–ਅਵਾਜਾਂ (ਧਰਮ ਗ੍ਰੰਥਾਂ

ਦਾ ਉਪਦੇਸ਼; ਮੌਤ ਦੀਆਂ ਅਵਾਜ਼ਾਂ)।ਪਵੰਦੀ–ਪੈਂਦਿਆਂ ਭੀ।ਮੁਹਾਇਓਨੁ–ਉਸ ਨੇ ਲੁਟਾ ਲਿਆ।ਬਿਖਿਆ ਨੋ–ਮਾਇਆ ਵਾਸਤੇ; ਵਿਸ਼ਿਆਂ ਵਿਚ।ਲੋਭਾਇ–ਲੋਭ ਵਿਚ ਫਸ ਕੇ; ਮਸਤ ਹੋ ਕੇ।੭।ਸਮਾਲਹਿ–ਸਿਮਰਦੇ ਹਨ।ਸੁਖਿ–ਸੁਖੀ; ਸੁਖ ਵਿਚ।ਸਮਾਲਿ–ਸਿਮਰਨ ਕਰ।ਅਪਰੰਪਰ–ਤਿੰਨਾਂ ਲੋਕਾਂ ਤੋਂ ਪਰੇ; ਬ੍ਰਹਮਾ ਆਦਿ ਦੇਵਤਿਆਂ ਤੋਂ ਪਰੇ; ਪ੍ਰਕ੍ਰਿਤੀ ਦੇ ਪਾਰਾਵਾਰ ਤੋਂ ਪਰੇ; ਵੰਸ਼ ਰਹਿਤ। ਗੁਣੀ ਗਹੀਰ–ਗੁਣਾਂ ਦਾ ਸਮੁੰਦਰ (ਅਥਾਹ ਗੁਣਾਂ ਵਾਲਾ)।੮।੩।

ਸੋਰਠਿ ਮਹਲਾ ੫ ਘਰੁ ੧ ਅਸਟਪਦੀਆ ੴ ਸਤਿਗੁਰ ਪ੍ਰਸਾਦਿ ॥ ਸਭੁ ਜਗੁ ਜਿਨਹਿ ਉਪਾਇਆ ਭਾਈ, ਕਰਣ ਕਾਰਣ ਸਮਰਥੁ ॥ ਜੀਉ ਪਿੰਡੁ ਜਿਨਿ ਸਾਜਿਆ ਭਾਈ, ਦੇ ਕਰਿ ਅਪਣੀ ਵਥੁ ॥ ਕਿਨਿ ਕਹੀਐ ਕਿਉ ਦੇਖੀਐ ਭਾਈ, ਕਰਤਾ ਏਕੁ ਅਕਥੁ ॥ ਗੁਰੁ ਗੋਵਿੰਦੁ ਸਲਾਹੀਐ ਭਾਈ, ਜਿਸ ਤੇ ਜਾਪੈ ਤਥੁ ॥੧॥ ਮੇਰੇ ਮਨ, ਜਪੀਐ ਹਰਿ ਭਗਵੰਤਾ ॥ ਨਾਮ ਦਾਨੁ ਦੇਇ ਜਨ ਅਪਨੇ, ਦੂਖ ਦਰਦ ਕਾ ਹੰਤਾ ॥ਰਹਾਉ॥ ਜਾ ਕੈ ਘਰਿ ਸਭੁ ਕਿਛੁ ਹੈ ਭਾਈ, ਨਉ ਨਿਧਿ ਭਰੇ ਭੰਡਾਰ ॥ ਤਿਸ ਕੀ ਕੀਮਤਿ ਨ ਪਵੈ ਭਾਈ, ਊਚਾ ਅਗਮ ਅਪਾਰ ॥ ਜੀਅ ਜੰਤ ਪ੍ਰਤਿਪਾਲਦਾ ਭਾਈ, ਨਿਤ ਨਿਤ ਕਰਦਾ ਸਾਰ ॥ ਸਤਿਗੁਰੁ ਪੂਰਾ ਭੇਟੀਐ ਭਾਈ, ਸਬਦਿ ਮਿਲਾਵਣ ਹਾਰ ॥੨॥ ਸਚੇ ਚਰਣ ਸਰੇਵੀਅਹਿ ਭਾਈ, ਭ੍ਰਮੁ ਭਉ ਹੋਵੈ ਨਾਸੁ ॥ ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ, ਹਰਿ ਕੈ ਨਾਮਿ ਨਿਵਾਸੁ ॥ ਮਿਟੈ ਅੰਧੇਰਾ ਅਗਿਆਨਤਾ ਭਾਈ, ਕਮਲ ਹੋਵੈ ਪਰਗਾਸੁ ॥ ਹੇ ਭਾਈ! ਜਿਸ ਪ੍ਰਭੂ ਨੇ ਸਾਰਾ ਜਗਤ ਪੈਦਾ ਕੀਤਾ ਹੈ, ਉਹ ਸਾਰੇ ਕਾਰਨਾਂ ਦੇ ਕਰਨ ਵਾਲਾ ਅਤੇ ਸਰਬ ਸ਼ਕਤੀਮਾਨ ਹੈ।ਹੇ ਭਾਈ! ਜਿਸ ਪ੍ਰਭੂ ਨੇ ਅਪਣੀ ਚੇਤਨ ਸੱਤਾ ਰੂਪ ਵਸਤੂ ਦੇ ਕਰਕੇ ਆਤਮਾ ਤੇ ਮਨੁੱਖੀ ਸਰੀਰ ਸਾਜਿਆ ਹੈ।ਹੇ ਭਾਈ! (ਜੋ ਸਾਰੀ ਸ੍ਰਿਸ਼ਟੀ ਦਾ) ਰਚਣਹਾਰ ਇਕੋ ਪ੍ਰਭੂ ਹੈ ਤੇ ਕਥਨ ਤੋਂ ਰਹਿਤ ਹੈ, (ਉਸ ਨੂੰ) ਕਿਵੇਂ ਬਿਆਨ ਕਰੀਏ ਤੇ ਕਿਵੇਂ ਦੇਖੀਏ? ਹੇ ਭਾਈ! ਗੋਬਿੰਦ ਰੂਪ ਗੁਰੂ ਨੂੰ ਸਲਾਹੀਏ, ਜਿਸ ਪਾਸੋਂ (ਉਸ ਪ੍ਰਭੂ ਦੀ) ਅਸਲੀਅਤ ਦਾ ਪਤਾ ਲਗਦਾ ਹੈ।੧।ਹੇ ਮੇਰੇ ਮਨ! ਹਰੀ ਭਗਵੰਤ ਨੂੰ ਜਪਣਾ ਚਾਹੀਦਾ ਹੈ।ਉਹ ਅਪਣੇ ਸੇਵਕਾਂ ਨੂੰ ਨਾਮ ਦਾਨ ਦੇਂਦਾ ਹੈ ਅਤੇ ਦੁਖਾਂ ਦਰਦਾਂ ਦਾ ਨਾਸ਼ ਕਰਨ ਵਾਲਾ ਹੈ।ਰਹਾਉ।ਹੇ ਭਾਈ! ਜਿਸ ਪ੍ਰਭੂ ਦੇ ਘਰ ਵਿਚ ਸਭ ਕੁਛ (ਹਰੇਕ ਪਦਾਰਥ ਮੌਜੂਦ) ਹੈ ਅਤੇ ਨੌਂ ਨਿਧੀਆਂ ਦੇ ਭੰਡਾਰ ਭਰੇ ਹੋਏ ਹਨ।ਹੇ ਭਾਈ! ਉਸ (ਪ੍ਰਭੂ) ਦੀ ਕੀਮਤ ਨਹੀਂ ਪੈ ਸਕਦੀ, ਉਹ ਸਭ ਤੋਂ ਉਚਾ, ਮਨ ਬਾਣੀ ਦੀ ਪਹੁੰਚ ਤੋਂ ਪਰੇ ਤੇ ਬੇਅੰਤ ਹੈ।ਹੇ ਭਾਈ! ਉਹ ਸਭ ਜੀਵ ਜੰਤਾਂ ਦੀ ਪਾਲਣਾ ਕਰਦਾ ਹੈ, ਨਿਤਾ ਪ੍ਰਤੀ ਸਭ ਦੀ ਸੰਭਾਲ ਕਰਦਾ ਹੈ।ਹੇ ਭਾਈ! ਪੂਰੇ ਸਤਿਗੁਰੂ ਨੂੰ ਮਿਲਣਾ ਚਾਹੀਦਾ ਹੈ, (ਜੋ ਅਪਣੇ) ਸ਼ਬਦ ਵਿਚ ਜੋੜ ਕੇ ਪ੍ਰਭੂ ਨਾਲ ਮਿਲਾਉਣ ਵਾਲਾ ਹੈ।੨।ਹੇ ਭਾਈ! ਸੱਚੇ ਪ੍ਰਭੂ ਦੇ ਚਰਣਾਂ ਦੀ ਸੇਵਾ ਕਰਨੀ ਚਾਹੀਦੀ ਹੈ, (ਜਿਸ ਦੀ ਬਰਕਤ ਨਾਲ) ਭਰਮ ਤੇ (ਹਰੇਕ ਕਿਸਮ ਦਾ) ਡਰ ਨਾਸ਼ ਹੋ ਜਾਂਦਾ ਹੈ।ਹੇ ਭਾਈ ! ਸੰਤਾਂ ਦੀ ਸਭਾ ਵਿਚ ਮਿਲ ਕੇ ਮਨ ਨੂੰ ਮਾਂਜਣਾ ਚਾਹੀਦਾ ਹੈ, (ਇਉਂ ਕਰਨ ਨਾਲ) ਹਰੀ ਦੇ ਨਾਮ ਵਿਚ ਨਿਵਾਸ ਹੋ ਜਾਂਦਾ ਹੈ।ਹੇ ਭਾਈ! (ਸੰਤਾਂ ਦੀ ਸੰਗਤ ਕਰਨ ਨਾਲ) ਅਗਿਆਨਤਾ ਦਾ ਹਨ੍ਹੇਰਾ ਮਿਟ ਜਾਂਦਾ ਹੈ ਅਤੇ ਹਿਰਦਾ ਕਮਲ ਖਿੜ ਜਾਂਦਾ ਹੈ।

ਅੰਗ ੬੪੦ = ਗੁਰ ਬਚਨੀ ਸੁਖੁ ਊਪਜੈ ਭਾਈ, ਸਭਿ ਫਲ ਸਤਿਗੁਰ ਪਾਸਿ ॥੩॥ ਹੇ ਭਾਈ! ਗੁਰੂ ਦੇ ਬਚਨਾਂ ਉਤੇ ਅਮਲ ਕਰਨ ਨਾਲ ਆਤਮਕ ਸੁਖ ਪੈਦਾ ਹੁੰਦਾ ਹੈ, (ਕਿਉਂਕਿ) ਸਾਰੇ ਫਲ ਸਤਿਗੁਰ ਦੇ ਪਾਸ ਹਨ।੩।

ਪਦਾਰਥ = ਸਭੁ ਜਗੁ–ਸਾਰਾ ਜਗਤ।ਜਿਨਹਿ–ਜਿਸ ਪ੍ਰਭੂ ਨੇ।ਉਪਾਇਆ–ਪੈਦਾ ਕੀਤਾ ਹੈ।ਭਾਈ–ਹੇ ਭਾਈ!।ਕਰਣ ਕਾਰਣ–ਸਾਰੇ ਕਾਰਣਾਂ ਦੇ ਕਰਨ ਵਾਲਾ (ਜਗਤ ਦਾ ਮੂਲ ਕਾਰਣ)।ਸਮਰਥੁ–ਸਭ ਤਾਕਤਾਂ ਦਾ ਮਾਲਕ।ਜੀਉ–ਆਤਮਾ।ਪਿੰਡੁ–ਸਰੀਰ।ਜਿਨਿ–ਜਿਸ ਨੇ।ਸਾਜਿਆ–ਬਣਾਇਆ।ਦੇ ਕਰਿ–ਦੇ ਕਰਕੇ।ਵਥੁ–ਚੇਤਨ ਸੱਤਾ (ਪ੍ਰਾਣ ਕਲਾ) ਰੂਪ ਵਸਤੂ।ਕਿਨਿ–ਕਿਵੇਂ; ਕਿਸ ਬਿਧੀ ਨਾਲ। ਕਹੀਐ–ਬਿਆਨ ਕਰੀਏ।ਕਿਉ–ਕਿਵੇਂ।ਕਰਤਾ–ਰਚਨਹਾਰ ਪ੍ਰਭੂ।ਅਕਥੁ–ਜਿਸ ਦਾ ਸਰੂਪ ਬਿਆਨ ਨਾ ਕੀਤਾ ਜਾ ਸਕੇ।ਗੁਰੁ ਗੋਵਿੰਦੁ –ਗੋਵਿੰਦ ਦਾ ਰੂਪ ਗੁਰੂ।ਜਿਸ ਤੇ–ਜਿਸ ਪਾਸੋਂ।ਜਾਪੈ–ਪਤਾ ਲਗਦਾ (ਸਮਝ ਸਕੀਦਾ) ਹੈ।ਤਥੁ–ਅਸਲੀਅਤ।੧।ਮਨ–ਹੇ ਮਨ!। ਦੇਇ–ਦੇਂਦਾ ਹੈ।ਹੰਤਾ–ਨਾਸ਼ ਕਰਨ ਵਾਲਾ।ਰਹਾਉ।ਜਾ ਕੈ–ਜਿਸ ਦੇ।ਘਰਿ–ਘਰ ਵਿਚ।ਨਉ ਨਿਧਿ ਭੰਡਾਰ–ਜਗਤ ਦੇ ਸਾਰੇ ਨੌਂ ਖਜਾਨੇ।ਤਿਸ ਕੀ–ਉਸ ਦੀ।ਨ ਪਵੈ–ਨਹੀਂ ਪੈ ਸਕਦੀ।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਪਾਰ–ਪਾਰਲੇ ਕੰਢੇ ਤੋਂ ਬਿਨਾ; ਬੇਅੰਤ।ਨਿਤ ਨਿਤ–ਹਰ ਰੋਜ।ਸਾਰ–ਸੰਭਾਲ; ਖਬਰ ਸਾਰ।ਭੇਟੀਐ–ਮਿਲਣਾ ਚਾਹੀਦਾ ਹੈ।ਸਬਦਿ–ਸ਼ਬਦ ਵਿਚ ਜੋੜ ਕੇ।ਮਿਲਾਵਣ ਹਾਰ–ਮਿਲਾਉਣ ਵਾਲਾ।੨।ਸਚੇ–ਸੱਚੇ ਪ੍ਰਭੂ ਦੇ।ਸਰੇਵੀਅਹਿ–ਸੇਵਾ (ਪੂਜਾ) ਕਰਨੀ ਚਾਹੀਦੀ ਹੈ।ਭਰਮੁ–ਭਰਮ; ਭਟਕਣਾ।ਭਉ–ਡਰ।ਸੰਤ ਸਭਾ–ਸੰਤਾਂ ਦੀ ਸੰਗਤ।ਮਾਂਜੀਐ–ਮਾਂਜਣਾ (ਸਾਫ ਕਰਨਾ) ਚਾਹੀਦਾ ਹੈ।ਕੈ–ਦੇ।ਨਾਮਿ–ਨਾਮ ਵਿਚ।ਅੰਧੇਰਾ ਅਗਿਆਨਤਾ –ਅਗਿਆਨਤਾ ਦਾ ਹਨ੍ਹੇਰਾ।ਕਮਲ–ਹਿਰਦਾ ਕਮਲ।ਪਰਗਾਸੁ–ਖਿੜ ਜਾਂਦਾ ਹੈ।ਊਪਜੈ–ਪੈਦਾ ਹੁੰਦਾ ਹੈ।ਪਾਸਿ–ਕੋਲ।੩।

ਮੇਰਾ ਤੇਰਾ ਛੋਡੀਐ ਭਾਈ, ਹੋਈਐ ਸਭ ਕੀ ਧੂਰਿ ॥ ਘਟਿ ਘਟਿ ਬ੍ਰਹਮੁ ਪਸਾਰਿਆ ਭਾਈ, ਪੇਖੈ ਸੁਣੈ ਹਜੂਰਿ ॥ ਜਿਤੁ ਦਿਨਿ ਵਿਸਰੈ

ਪਾਰਬ੍ਰਹਮੁ ਭਾਈ, ਤਿਤੁ ਦਿਨਿ ਮਰੀਐ ਝੂਰਿ ॥ ਕਰਨ ਕਰਾਵਨ ਸਮਰਥੋ ਭਾਈ, ਸਰਬ ਕਲਾ ਭਰਪੂਰਿ ॥੪॥ ਪ੍ਰੇਮ ਪਦਾਰਥੁ ਨਾਮੁ ਹੈ ਭਾਈ, ਮਾਇਆ ਮੋਹ ਬਿਨਾਸੁ ॥ ਤਿਸੁ ਭਾਵੈ ਤਾ ਮੇਲਿ ਲਏ ਭਾਈ, ਹਿਰਦੈ ਨਾਮ ਨਿਵਾਸੁ ॥ ਗੁਰਮੁਖਿ ਕਮਲੁ ਪਰਗਾਸੀਐ ਭਾਈ, ਰਿਦੈ ਹੋਵੈ ਪਰਗਾਸੁ ॥ ਪ੍ਰਗਟੁ ਭਇਆ ਪਰਤਾਪੁ ਪ੍ਰਭ ਭਾਈ, ਮਉਲਿਆ ਧਰਤਿ ਅਕਾਸੁ ॥੫॥ ਗੁਰਿ ਪੂਰੈ ਸੰਤੋਖਿਆ ਭਾਈ, ਅਹਿ ਨਿਸਿ ਲਾਗਾ ਭਾਉ ॥ ਰਸਨਾ ਰਾਮੁ ਰਵੈ ਸਦਾ ਭਾਈ, ਸਾਚਾ ਸਾਦੁ ਸੁਆਉ ॥ ਕਰਨੀ ਸੁਣਿ ਸੁਣਿ ਜੀਵਿਆ ਭਾਈ, ਨਿਹਚਲੁ ਪਾਇਆ ਥਾਉ ॥ ਜਿਸੁ ਪਰਤੀਤਿ ਨ ਆਵਈ ਭਾਈ, ਸੋ ਜੀਅੜਾ ਜਲਿ ਜਾਉ ॥੬॥ ਹੇ ਭਾਈ! ਮੇਰਾ ਤੇਰਾ (ਅਪਣਾ ਤੇ ਬਿਗਾਨੇਪਣ ਵਾਲਾ ਸੁਭਾਵ) ਛਡ ਦੇਣਾ ਚਾਹੀਦਾ ਹੈ ਅਤੇ ਸਭ ਦੇ ਚਰਨਾਂ ਦੀ ਧੂੜ ਹੋਣਾ ਚਾਹੀਦਾ ਹੈ। ਹੇ ਭਾਈ! ਪ੍ਰਭੂ ਹਰੇਕ ਹਿਰਦੇ ਵਿਚ ਵਿਆਪਕ ਹੈ ਅਤੇ ਨੇੜੇ ਹੋ ਕੇ (ਸਭ ਨੂੰ) ਦੇਖਦਾ ਹੈ ਤੇ (ਸਭ ਦੀ ਗੱਲ ਨੇੜੇ ਹੋ ਕੇ) ਸੁਣਦਾ ਹੈ। ਹੇ ਭਾਈ! (ਅਜੇਹਾ) ਪ੍ਰਭੂ ਜਿਸ ਦਿਨ ਭੁੱਲ ਜਾਵੇ, ਉਸ ਦਿਨ ਝੂਰ ਝੂਰ ਕੇ ਮਰੀਦਾ (ਦੁਖੀ ਹੋਈਦਾ) ਹੈ। ਹੇ ਭਾਈ! ਉਹ ਪ੍ਰਭੂ ਸਾਰੇ ਕੰਮ ਕਰਨ ਵਾਲਾ ਤੇ ਜੀਵਾਂ ਪਾਸੋਂ ਕਰਾਉਣ ਦੇ ਸਮਰੱਥ ਹੈ ਅਤੇ ਸਾਰੀਆਂ ਤਾਕਤਾਂ ਨਾਲ ਭਰਪੂਰ ਹੈ।੪। ਹੇ ਭਾਈ! (ਜਿਸ ਮਨੁੱਖ ਦੇ ਹਿਰਦੇ ਵਿਚ ਹਰੀ ਦਾ) ਪ੍ਰੇਮ ਅਤੇ ਨਾਮ ਰੂਪ ਪਦਾਰਥ ਹੈ, (ਉਸ ਦੇ ਅੰਦਰੋਂ) ਮਾਇਆ ਦਾ ਮੋਹ ਨਾਸ਼ ਹੋ ਜਾਂਦਾ ਹੈ। ਹੇ ਭਾਈ! ਉਸ ਪ੍ਰਭੂ ਨੂੰ ਚੰਗਾ ਲੱਗੇ ਤਾਂ (ਉਹ ਮਨੁੱਖ ਨੂੰ ਅਪਣੇ ਨਾਲ) ਮਿਲਾ ਲੈਂਦਾ ਹੈ ਅਤੇ (ਉਸ ਮਨੁੱਖ ਦੇ) ਹਿਰਦੇ ਵਿਚ ਨਾਮ ਦਾ ਨਿਵਾਸ ਹੋ ਜਾਂਦਾ ਹੈ। ਗੁਰੂ ਦੁਆਰਾ (ਉਸ ਦਾ) ਹਿਰਦਾ ਕਮਲ ਖਿੜ ਜਾਂਦਾ ਹੈ ਅਤੇ ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਹੇ ਭਾਈ! (ਇਹ ਸਾਰਾ) ਪ੍ਰਭੂ ਦਾ ਪ੍ਰਤਾਪ ਪ੍ਰਗਟ ਹੋਇਆ ਹੈ, (ਜਿਸ ਪ੍ਰਭੂ ਦੀ ਸੱਤਾ ਨਾਲ) ਧਰਤੀ ਤੇ ਅਕਾਸ਼ ਪ੍ਰਫੁੱਲਿਤ ਹੋ ਰਹੇ ਹਨ।੫। ਹੇ ਭਾਈ! ਪੂਰੇ ਗੁਰੂ ਨੇ (ਜਿਸ ਮਨੁੱਖ ਨੂੰ) ਤ੍ਰਿਪਤ ਕਰ ਦਿਤਾ ਹੈ, (ਉਸ ਨੂੰ) ਦਿਨ ਰਾਤ ਪ੍ਰਭੂ ਦਾ ਪ੍ਰੇਮ ਲੱਗਾ ਰਹਿੰਦਾ ਹੈ। ਹੇ ਭਾਈ! (ਉਹ ਮਨੁੱਖ ਅਪਣੀ) ਜੀਭ ਨਾਲ ਸਦਾ ਹਰੀ ਨੂੰ ਸਿਮਰਦਾ ਰਹਿੰਦਾ ਹੈ, ਇਹ ਸੱਚਾ ਸੁਆਦ ਤੇ ਸੱਚਾ ਮਨੋਰਥ ਹੈ; (ਉਸ ਨੂੰ) ਸੱਚਾ ਸੁਆਦ ਤੇ ਸੱਚਾ ਲਾਭ ਪ੍ਰਾਪਤ ਹੁੰਦਾ ਹੈ। ਹੇ ਭਾਈ! (ਅਜੇਹਾ ਮਨੁੱਖ ਪ੍ਰਭੂ ਦਾ ਜਸ) ਕੰਨਾਂ ਨਾਲ ਸੁਣ ਸੁਣ ਕੇ ਜਿਉਂਦਾ ਹੈ, (ਇਉਂ ਉਸ ਨੇ ਰੱਬ ਦੇ ਚਰਨਾਂ ਵਿਚ) ਅਚੱਲ ਟਿਕਾਣਾ ਪ੍ਰਾਪਤ ਕਰ ਲਿਆ ਹੈ। ਹੇ ਭਾਈ! ਜਿਸ ਮਨੁੱਖ ਨੂੰ ਹਰੀ ਉਤੇ ਯਕੀਨ ਨਹੀਂ ਆਉਂਦਾ, ਉਹ ਮਨ (ਵਿਕਾਰਾਂ ਵਿਚ) ਸੜ ਜਾਂਦਾ ਹੈ।੬।

ਪਦਾਰਥ = ਮੇਰਾ ਤੇਰਾ–ਮੇਰਾ ਤੇਰਾ (ਅਪਣਾ ਤੇ ਬਿਗਾਨੇਪਣ) ਵਾਲਾ ਸੁਭਾਵ। ਭਾਈ–ਹੇ ਭਾਈ!। ਹੋਈਐ–ਹੋ ਜਾਣਾ ਚਾਹੀਦਾ ਹੈ। ਧੂਰਿ–ਚਰਨ ਧੂੜ। ਘਟਿ ਘਟਿ–ਹਰੇਕ ਹਿਰਦੇ ਵਿਚ। ਪਸਾਰਿਆ–ਵਿਆਪਕ ਹੈ। ਪੇਖੈ–ਦੇਖਦਾ ਹੈ। ਹਜੂਰਿ–ਨੇੜੇ ਹੋ ਕੇ। ਵਿਸਰੈ–ਭੁੱਲ ਜਾਵੇ। ਤਿਤੁ ਦਿਨਿ–ਉਸ ਦਿਨ। ਮਰੀਐ–ਮਰ ਜਾਈਦਾ ਹੈ। ਝੂਰਿ–ਪਛਤਾ ਕੇ; ਦੁਖੀ ਹੋ ਕੇ। ਕਰਨ ਕਰਾਵਨ–ਸਭ ਕੁਛ ਕਰਨ ਵਾਲਾ ਤੇ ਜੀਵਾਂ ਤੋਂ ਕਰਾਉਣ ਵਾਲਾ। ਸਰਬ ਕਲਾ–ਸਭ ਤਾਕਤਾਂ ਨਾਲ।੪। ਪਦਾਰਥੁ–ਧਨ। ਬਿਨਾਸੁ–ਨਾਸ਼। ਭਾਵੈ–ਚੰਗਾ ਲੱਗੇ। ਤਾ–ਤਾਂ। ਹਿਰਦੈ–ਹਿਰਦੇ ਵਿਚ। ਕਮਲੁ–ਹਿਰਦਾ ਕਮਲ। ਪ੍ਰਗਾਸੀਐ–ਖਿੜ ਜਾਂਦਾ ਹੈ। ਪਰਗਾਸੁ–ਚਾਨਣ। ਭਇਆ–ਹੋਇਆ। ਪਰਤਾਪੁ–ਤੇਜ; ਤਾਕਤ। ਮਉਲਿਆ–ਪ੍ਰਫੁਲਿੱਤ ਹੋ ਰਹੇ ਹਨ।੫। ਗੁਰਿ ਪੂਰੈ–ਪੂਰੇ ਗੁਰੂ ਨੇ। ਸੰਤੋਖਿਆ–ਸੰਤੋਖ (ਰਜਾ) ਦਿਤਾ ਹੈ। ਅਹਿ ਨਿਸਿ–ਦਿਨ ਰਾਤ। ਭਾਉ–ਪ੍ਰੇਮ। ਰਸਨਾ–ਜੀਭ ਨਾਲ। ਰਵੈ–ਜਪਦਾ ਹੈ। ਸਾਦੁ–ਸੁਆਦ। ਸੁਆਉ–ਮਨੋਰਥ; ਲਾਭ। ਕਰਨੀ–ਕੰਨਾਂ ਨਾਲ। ਜੀਵਿਆ–ਜਿਉਂਦਾ ਹੈ। ਨਿਹਚਲੁ ਥਾਉ–ਅਚੱਲ ਟਿਕਾਣਾ। ਪਰਤੀਤਿ–ਯਕੀਨ; ਨਿਸਚਾ। ਸੋ–ਉਹ। ਜੀਅੜਾ–ਜਿੰਦ; ਮਨ।੬।

ਬਹੁ ਗੁਣ ਮੇਰੇ ਸਾਹਿਬੈ ਭਾਈ, ਹਉ ਤਿਸ ਕੈ ਬਲਿ ਜਾਉ ॥ ਓਹੁ ਨਿਰਗੁਣੀਆਰੇ ਪਾਲਦਾ ਭਾਈ, ਦੇਇ ਨਿਥਾਵੇ ਥਾਉ ॥ ਰਿਜਕੁ ਸੰਬਾਹੇ ਸਾਸਿ ਸਾਸਿ ਭਾਈ, ਗੂੜਾ ਜਾ ਕਾ ਨਾਉ ॥ ਜਿਸੁ ਗੁਰੁ ਸਾਚਾ ਭੇਟੀਐ ਭਾਈ, ਪੂਰਾ ਤਿਸੁ ਕਰਮਾਉ ॥੭॥ ਤਿਸੁ ਬਿਨੁ ਘੜੀ ਨ ਜੀਵੀਐ ਭਾਈ, ਸਰਬ ਕਲਾ ਭਰਪੂਰਿ ॥ ਸਾਸਿ ਗਿਰਾਸਿ ਨ ਵਿਸਰੈ ਭਾਈ, ਪੇਖਉ ਸਦਾ ਹਜੂਰਿ ॥ ਸਾਧੂ ਸੰਗਿ ਮਿਲਾਇਆ ਭਾਈ, ਸਰਬ ਰਹਿਆ ਭਰਪੂਰਿ ॥ ਜਿਨਾ ਪ੍ਰੀਤਿ ਨ ਲਗੀਆ ਭਾਈ, ਸੇ ਨਿਤ ਨਿਤ ਮਰਦੇ ਝੂਰਿ ॥੮॥ ਅੰਚਲਿ ਲਾਇ ਤਰਾਇਆ ਭਾਈ, ਭਉਜਲੁ ਦੁਖੁ ਸੰਸਾਰੁ ॥ ਕਰਿ ਕਿਰਪਾ ਨਦਰਿ ਨਿਹਾਲਿਆ ਭਾਈ, ਕੀਤੋਨੁ ਅੰਗੁ ਅਪਾਰੁ ॥ ਮਨੁ ਤਨੁ ਸੀਤਲੁ ਹੋਇਆ ਭਾਈ ,ਭੋਜਨੁ ਨਾਮ ਅਧਾਰੁ ॥ ਨਾਨਕ ਤਿਸੁ ਸਰਣਾਗਤੀ ਭਾਈ, ਜਿ ਕਿਲਬਿਖ ਕਾਟਣਹਾਰੁ ॥੯॥੧॥ ਹੇ ਭਾਈ! ਮੇਰੇ ਸਾਹਿਬ ਵਿਚ ਬਹੁਤ ਗੁਣ ਹਨ, ਮੈਂ ਉਸ (ਸਾਹਿਬ) ਤੋਂ ਬਲਿਹਾਰ ਜਾਂਦਾ ਹਾਂ। ਹੇ ਭਾਈ! ਉਹ ਗੁਣ ਹੀਣ ਮਨੁੱਖਾਂ ਨੂੰ ਵੀ ਪਾਲਦਾ ਹੈ, (ਜਿਨ੍ਹਾਂ ਮਨੁੱਖਾਂ ਦਾ ਕੋਈ) ਘਰ ਘਾਟ ਨਹੀਂ, (ਉਨ੍ਹਾਂ ਨੂੰ ਪ੍ਰਭੂ ਲਈ) ਥਾਂ ਦਿੰਦਾ ਹੈ। ਹੇ ਭਾਈ! (ਉਹ ਪ੍ਰਭੂ) ਹਰੇਕ ਸਾਹ ਨਾਲ (ਸਭ ਜੀਵਾਂ ਨੂੰ) ਰਿਜਕ ਪਹੁੰਚਾਉਂਦਾ ਹੈ, ਜਿਸ ਪ੍ਰਭੂ ਦਾ ਨਾਉਂ ਗੂੜ੍ਹਾ ਅਨੰਦ ਦੇਣ ਵਾਲਾ ਹੈ। ਹੇ ਭਾਈ! ਜਿਸ ਮਨੁੱਖ ਨੂੰ ਸੱਚਾ ਗੁਰੂ ਮਿਲ ਜਾਂਦਾ ਹੈ, ਉਸ ਦਾ ਪੂਰਾ ਭਾਗ (ਚੰਗੀ ਕਿਸਮਤ) ਹੈ।੭। ਹੇ ਭਾਈ! (ਜੋ ਪ੍ਰਭੂ) ਸਾਰੀਆਂ ਸ਼ਕਤੀਆਂ ਨਾਲ ਭਰਪੂਰ ਹੈ, ਉਸ ਤੋਂ ਬਿਨਾ ਇਕ ਘੜੀ ਵੀ ਨਹੀਂ ਜੀਵਿਆ ਜਾਂਦਾ। ਹੇ ਭਾਈ! ਸਾਹ ਲੈਂਦਿਆ ਤੇ ਮੂੰਹ ਵਿਚ ਬੁਰਕੀ ਪਾਉਂਦਿਆ (ਕਿਸੇ ਵੇਲੇ ਵੀ ਪ੍ਰਭੂ ਮੈਨੂੰ) ਭੁਲਦਾ ਨਹੀਂ, ਮੈਂ

ਸਦਾ (ਉਸ ਨੂੰ ਅਪਣੇ) ਅੰਗ ਸੰਗ ਦੇਖਦਾ ਹਾਂ। ਹੇ ਭਾਈ! ਜੋ ਪ੍ਰਭੂ ਸਾਰੀਆਂ ਥਾਂਵਾ ਤੇ ਪਰੀਪੂਰਨ (ਵਿਆਪਕ) ਹੋ ਰਿਹਾ ਹੈ, (ਉਹ ਮੈਨੂੰ) ਸਾਧ ਗੁਰੂ ਦੀ ਸੰਗਤ ਨੇ ਮਿਲ ਦਿਤਾ ਹੈ; ਜਿਸ ਮਨੁੱਖ ਨੂੰ ਪ੍ਰਭੂ ਨੇ ਗੁਰੂ ਦੀ ਸੰਗਤ ਵਿਚ ਮਿਲਾ ਦਿਤਾ ਹੈ, ਉਸ ਨੂੰ ਪ੍ਰਭੂ ਸਭ ਥਾਂ ਵਿਆਪਕ ਹੋ ਰਿਹਾ ਦਿਸ ਪੈਂਦਾ ਹੈ (ਦਰਪਣ; ਨਿਰਣੈ)। ਜਿਨ੍ਹਾਂ ਮਨੁੱਖਾਂ ਦੀ ਪ੍ਰਭੂ ਨਾਲ ਪ੍ਰੀਤ ਨਹੀਂ ਲੱਗੀ, ਉਹ ਨਿਤ ਨਿਤ ਝੂਰ (ਚਿੰਤਾ ਤੇ ਪਛਤਾਵੇ ਵਿਚ ਦੁਖੀ ਹੋ) ਕੇ ਮਰਦੇ ਹਨ।੮। ਹੇ ਭਾਈ! (ਹਰੀ ਨੇ ਅਪਣੇ) ਲੜ ਲਾ ਕੇ ਮੈਨੂੰ ਦੁੱਖ ਰੂਪ ਸੰਸਾਰ ਸਮੁੰਦਰ ਤੋਂ ਤਾਰ ਦਿਤਾ ਹੈ। ਹੇ ਭਾਈ! ਉਸ ਪ੍ਰਭੂ ਨੇ (ਮੇਰੇ ਵੱਲ) ਕ੍ਰਿਪਾ ਕਰਕੇ ਮੇਹਰ ਦੀ ਨਜਰ ਨਾਲ ਦੇਖਿਆ ਅਤੇ ਮੇਰਾ ਬੇਅੰਤ ਪੱਖ ਕੀਤਾ (ਸਹਾਇਤਾ ਕੀਤੀ)। ਹੇ ਭਾਈ! ਮੇਰਾ ਮਨ ਤੇ ਤਨ ਸ਼ਾਂਤ ਹੋ ਗਿਆ, ਨਾਮ ਦਾ ਆਸਰਾ (ਮੈਨੂੰ) ਭੋਜਨ ਮਿਲ ਗਿਆ ਹੈ। ਹੇ ਭਾਈ! ਨਾਨਕ ਉਸ ਪ੍ਰਭੂ ਦੀ ਸ਼ਰਣ ਵਿਚ ਆਇਆ ਹੈ, ਜਿਹੜਾ ਸਾਰੇ ਪਾਪ ਕੱਟ ਦੇਣ ਵਾਲਾ ਹੈ।੯।੧।

ਪਦਾਰਥ = ਬਹੁ–ਬਹੁਤ। ਸਾਹਿਬੈ–ਮਾਲਕ ਪ੍ਰਭੂ ਵਿਚ। ਹਉ–ਮੈਂ। ਤਿਸ ਕੈ–ਉਸ ਦੇ (ਤੋਂ)। ਬਲਿ ਜਾਉ–ਸਦਕੇ ਜਾਂਦਾ ਹਾਂ। ਦੇਇ–ਦੇਂਦਾ ਹੈ। ਨਿਰਗੁਣੀਆਰੇ–ਗੁਣ ਹੀਣ ਮਨੁੱਖਾਂ ਨੂੰ। ਨਿਥਾਵੇ–ਜਿਸ ਦਾ ਕੋਈ ਥਾਂ ਟਿਕਾਣਾ ਨਹੀਂ। ਰਿਜਕੁ–ਰੋਜੀ ਰੋਟੀ। ਸੰਬਾਹੇ–ਪਹੁੰਚਾਂਦਾ ਹੈ। ਸਾਸਿ ਸਾਸਿ–ਹਰੇਕ ਸਾਹ ਨਾਲ। ਜਾ ਕਾ–ਜਿਸ ਦਾ। ਭੇਟੀਐ–ਮਿਲ ਜਾਂਦਾ ਹੈ। ਕਰਮਾਉ–ਭਾਗ (ਕਿਸਮਤ)।੭। ਘੜੀ–੨੪ ਮਿੰਟਾਂ ਦਾ ਸਮਾਂ। ਨ ਜੀਵੀਐ–ਜੀਵੀਆ ਨਹੀਂ ਜਾਂਦਾ। ਸਰਬ ਕਲਾ–ਸਾਰੀਆਂ ਸ਼ਕਤੀਆਂ। ਸਾਸਿ ਗਿਰਾਸਿ–ਸਾਹ ਲੈਂਦਿਆ ਤੇ ਭੋਜਨ ਖਾਂਦਿਆਂ। ਪੇਖਉ–ਮੈਂ ਦੇਖਦਾ ਹਾਂ। ਹਜੂਰਿ–ਅੰਗ ਸੰਗ; ਨੇੜੇ। ਸਾਧੂ ਸੰਗਿ–ਸਾਧ ਗੁਰੂ ਦੀ ਸੰਗਤ ਨੇ; ਗੁਰੂ ਦੀ ਸੰਗਤ ਵਿਚ। ਸਰਬ–ਸਭ ਥਾਂਵਾਂ ਤੇ। ਰਹਿਆ ਭਰਪੂਰਿ–ਪੂਰਣ ਵਿਆਪਕ ਹੋ ਰਿਹਾ ਹੈ। ਸੇ–ਉਹ। ਨਿਤ ਨਿਤ–ਹਰ ਰੋਜ। ਝੂਰਿ–ਚਿੰਤਾ ਤੇ ਪਛਤਾਵੇ ਵਿਚ ਦੁਖੀ ਹੋ ਕੇ।੮। ਅੰਚਲਿ ਲਾਇ–ਲੜ ਲਾ ਕੇ। ਭਉਜਲੁ–ਸੰਸਾਰ ਸਮੁੰਦਰ ਤੋਂ। ਕਰਿ–ਕਰ ਕੇ–ਨਦਰਿ–ਮੇਹਰ ਦੀ ਨਜਰ ਨਾਲ। ਨਿਹਾਲਿਆ–ਦੇਖਿਆ। ਕੀਤੋਨੁ–ਉਸ ਨੇ ਕੀਤਾ। ਅੰਗੁ–ਪੱਖ; ਸਹਾਇਤਾ। ਅਪਾਰੁ–ਬੇਅੰਤ। ਸੀਤਲੁ–ਸ਼ਾਂਤ। ਅਧਾਰੁ–ਆਸਰਾ। ਸਰਣਾਗਤੀ–ਸ਼ਰਣ ਵਿਚ ਆਇਆ ਹੈ। ਜਿ–ਜਿਹੜਾ। ਕਿਲਬਿਖ–ਪਾਪ। ਕਾਟਣਹਾਰੁ–ਕੱਟ ਦੇਣ ਵਾਲਾ।੯।੧।

ਸੋਰਠਿ ਮਹਲਾ ੫ ॥ ਮਾਤ ਗਰਭ ਦੁਖ ਸਾਗਰੋ ਪਿਆਰੇ, ਤਹ ਅਪਣਾ ਨਾਮੁ ਜਪਾਇਆ ॥ ਬਾਹਰਿ ਕਾਢਿ ਬਿਖੁ ਪਸਰੀਆ ਪਿਆਰੇ, ਮਾਇਆ ਮੋਹੁ ਵਧਾਇਆ ॥ ਜਿਸ ਨੋ ਕੀਤੋ ਕਰਮੁ ਆਪਿ ਪਿਆਰੇ, ਤਿਸੁ ਪੂਰਾ ਗੁਰੂ ਮਿਲਾਇਆ ॥ ਸੋ ਆਰਾਧੇ ਸਾਸਿ ਸਾਸਿ ਪਿਆਰੇ, ਰਾਮ ਨਾਮ ਲਿਵ ਲਾਇਆ ॥੧॥ ਮਨਿ ਤਨਿ ਤੇਰੀ ਟੇਕ ਹੈ ਪਿਆਰੇ, ਮਨਿ ਤਨਿ ਤੇਰੀ ਟੇਕ ॥ ਤੁਧੁ ਬਿਨੁ ਅਵਰੁ ਨ ਕਰਨ ਹਾਰੁ ਪਿਆਰੇ, ਅੰਤਰਜਾਮੀ ਏਕ ॥ਰਹਾਉ॥ ਕੋਟਿ ਜਨਮ ਭ੍ਰਮਿ ਆਇਆ ਪਿਆਰੇ, ਅਨਿਕ ਜੋਨਿ ਦੁਖੁ ਪਾਇ ॥ ਸਾਚਾ ਸਾਹਿਬੁ ਵਿਸਰਿਆ ਪਿਆਰੇ, ਬਹੁਤੀ ਮਿਲੈ ਸਜਾਇ ॥ ਜਿਨ ਭੇਟੈ ਪੂਰਾ ਸਤਿਗੁਰੂ ਪਿਆਰੇ, ਸੇ ਲਾਗੇ ਸਾਚੈ ਨਾਇ ॥ ਹੇ ਪਿਆਰੇ ਪ੍ਰਭੂ! ਮਾਂ ਦਾ ਗਰਭ, ਜੋ ਦੁੱਖਾਂ ਦਾ ਸਮੁੰਦਰ ਹੈ, ਉਥੇ (ਤੈਂ ਜੀਵ ਪਾਸੋਂ) ਅਪਣਾ ਨਾਮ ਜਪਾਇਆ (ਤੇ ਰੱਖਿਆ ਕੀਤੀ)। ਹੇ ਪਿਆਰੇ ਪ੍ਰਭੂ! (ਜਦ ਜੀਵ ਨੂੰ ਮਾਂ ਦੇ ਪੇਟ ਤੋਂ) ਬਾਹਰ ਕੱਢਿਆ (ਜਨਮ ਦਿਤਾ, ਤਾਂ ਜੀਵ ਉਤੇ ਮਾਇਆ ਦੇ ਮੋਹ ਦੀ) ਜਹਿਰ ਫੈਲ ਗਈ, (ਜਿਸ ਨੇ ਜੀਵ ਦੇ ਮਨ ਵਿਚ) ਮਾਇਆ ਦਾ ਮੋਹ ਵਧਾ ਦਿਤਾ। ਹੇ ਪਿਆਰੇ ਪ੍ਰਭੂ! ਜਿਸ ਜੀਵ ਉਤੇ ਤੈਂ ਆਪ ਬਖਸ਼ਿਸ਼ ਕੀਤੀ, ਉਸ ਨੂੰ ਪੂਰਾ ਗੁਰੂ ਮਿਲਾ ਦਿਤਾ ਹੈ। ਹੇ ਪਿਆਰੇ ਪ੍ਰਭੂ! ਉਹ ਪੁਰਖ ਤੈਨੂੰ ਹਰੇਕ ਸਾਹ ਨਾਲ ਸਿਮਰਦਾ ਹੈ ਅਤੇ (ਉਸ ਨੇ) ਰਾਮ ਦੇ ਨਾਮ ਵਿਚ ਧਿਆਨ ਲਾਇਆ ਹੋਇਆ ਹੈ।੧। ਹੇ ਪਿਆਰੇ ਪ੍ਰਭੂ! ਮੇਰੇ ਮਨ ਵਿਚ ਤੇ ਤਨ ਵਿਚ ਹੁਣ ਵਰਤਮਾਨ ਸਮੇਂ ਤੇ ਭਵਿੱਖ ਵਿਚ ਤੇਰੀ ਹੀ ਟੇਕ ਹੈ, ਮੇਰੇ ਮਨ ਤੇ ਤਨ ਵਿਚ ਆਦਿ ਅੰਤ ਸਭ ਸਮੇਂ ਤੇਰੀ ਟੇਕ ਹੈ। ਹੇ ਪਿਆਰੇ ਪ੍ਰਭੂ! ਤੇਰੇ ਬਿਨਾ ਹੋਰ ਕੋਈ ਦੂਜਾ ਕੁਝ ਕਰਨ ਵਾਲਾ ਨਹੀਂ ਹੈ, ਸਭ ਦੇ ਦਿਲਾਂ ਦੇ ਅੰਦਰ ਦੀ ਜਾਨਣ ਵਾਲਾ ਇਕ ਤੂੰ ਹੀ ਹੈਂ। ਰਹਾਉ। ਹੇ ਪਿਆਰੇ ਪ੍ਰਭੂ! ਕ੍ਰੋੜਾਂ ਜਨਮ ਭਟਕਦਾ ਹੋਇਆ ਅਤੇ ਅਨੇਕਾਂ ਜੋਨੀਆਂ ਵਿਚ ਦੁਖ ਪਾ ਕੇ (ਜੀਵ ਇਸ ਮਨੁੱਖਾ ਜਨਮ) ਵਿਚ ਆਇਆ ਹੈ। ਹੇ ਪਿਆਰੇ ਪ੍ਰਭੂ! (ਮਨੁੱਖ ਨੂੰ ਤੂੰ) ਸੱਚਾ ਪ੍ਰਭੂ ਭੁਲ ਗਿਆ ਹੈ, (ਜਿਸ ਕਰਕੇ ਇਸ ਨੂੰ) ਬਹੁਤ ਸਜਾ ਮਿਲਦੀ ਹੈ। ਹੇ ਪਿਆਰੇ ਪ੍ਰਭੂ! ਜਿਨ੍ਹਾਂ ਪੁਰਖਾਂ ਨੂੰ ਪੂਰਾ ਸਤਿਗੁਰੂ ਮਿਲ ਪੈਂਦਾ ਹੈ, ਉਹ ਸੱਚੇ ਪ੍ਰਭੂ ਦੇ ਨਾਮ ਵਿਚ ਲਗ ਜਾਂਦੇ (ਸੁਰਤ ਜੋੜਦੇ) ਹਨ।

ਅੰਗ ੬੪੧ = ਤਿਨਾ ਪਿਛੈ ਛੁਟੀਐ ਪਿਆਰੇ, ਜੋ ਸਾਚੀ ਸਰਣਾਇ ॥੨॥ ਹੇ ਪਿਆਰੇ ਪ੍ਰਭੂ! ਜੋ ਗੁਰਮੁਖ ਜਨ ਤੇਰੀ ਸੱਚੀ ਸ਼ਰਣ ਵਿਚ ਰਹਿੰਦੇ ਹਨ, ਉਨ੍ਹਾਂ ਦੇ ਪਿਛੇ ਲਗ ਕੇ (ਉਨ੍ਹਾਂ ਦੀ ਸੰਗਤ ਕਰਕੇ ਜਨਮ ਮਰਣ ਤੋਂ) ਛੁਟ ਜਾਈਦਾ ਹੈ।੨।

ਪਦਾਰਥ = ਮਾਤ ਗਰਭ–ਮਾਂ ਦਾ ਪੇਟ। ਸਾਗਰੋ–ਸਮੁੰਦਰ। ਤਹ–ਉਥੇ। ਬਿਖੁ–ਜਹਿਰ। ਪਸਰੀਆ–ਫੈਲ ਗਈ। ਜਿਸ ਨੋ–ਜਿਸ ਉਤੇ। ਕਰਮੁ–ਬਖਸ਼ਿਸ਼। ਤਿਸੁ–ਉਸ ਨੂੰ। ਸੋ–ਉਹ। ਆਰਾਧੇ–ਸਿਮਰਦਾ ਹੈ। ਸਾਸਿ ਸਾਸਿ–ਹਰੇਕ ਸਾਹ ਨਾਲ। ਲਿਵ–ਧਿਆਨ; ਪ੍ਰੇਮ।੧। ਮਨਿ–ਮਨ ਵਿਚ। ਤਨਿ–ਸਰੀਰ ਵਿਚ। ਟੇਕ–ਆਸਰਾ। ਤੁਧੁ ਬਿਨੁ–ਤੇਰੇ ਬਿਨਾ। ਅਵਰੁ–ਹੋਰ ਕੋਈ। ਕਰਨਹਾਰੁ–ਕਰਨ ਵਾਲਾ। ਅੰਤਰ

ਜਾਮੀ–ਸਭ ਦੇ ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ। ਰਹਾਉ। ਕੋਟਿ–ਕ੍ਰੋੜਾਂ। ਭ੍ਰਮਿ–ਭਟਕਦਾ ਹੋਇਆ। ਅਨਿਕ ਜੋਨਿ–ਅਨੇਕਾਂ ਜੋਨੀਆਂ ਵਿਚ। ਪਾਇ–ਪਾ ਕੇ। ਸਾਚਾ ਸਾਹਿਬੁ–ਸੱਚਾ ਪ੍ਰਭੂ। ਵਿਸਰਿਆ–ਭੁੱਲ ਗਿਆ। ਭੇਟੈ–ਮਿਲਦਾ ਹੈ। ਸੇ–ਉਹ। ਸਾਚੈ ਨਾਇ–ਸੱਚੇ ਪ੍ਰਭੂ ਦੇ ਨਾਮ ਵਿਚ। ਤਿਨਾ ਪਿਛੈ–ਉਨ੍ਹਾਂ ਦੇ ਪਿੱਛੇ ਲਗ (ਸੰਗਤ ਕਰ) ਕੇ। ਛੁਟੀਐ–(ਜਨਮ ਮਰਣ ਤੋਂ) ਛੁਟ ਜਾਈਦਾ ਹੈ।੨।

ਮਿਠਾ ਕਰਿ ਕੈ ਖਾਇਆ ਪਿਆਰੇ, ਤਿਨਿ ਤਨਿ ਕੀਤਾ ਰੋਗੁ ॥ ਕਉੜਾ ਹੋਇ ਪਤਿਸਟਿਆ ਪਿਆਰੇ, ਤਿਸ ਤੇ ਉਪਜਿਆ ਸੋਗੁ ॥ ਭੋਗ ਭੁੰਚਾਇ ਭੁਲਾਇਅਨੁ ਪਿਆਰੇ, ਉਤਰੈ ਨਹੀ ਵਿਜੋਗੁ ॥ ਜੋ ਗੁਰ ਮੇਲਿ ਉਧਾਰਿਆ ਪਿਆਰੇ, ਤਿਨ ਧੁਰੇ ਪਇਆ ਸੰਜੋਗੁ ॥੩॥ ਮਾਇਆ ਲਾਲਚਿ ਅਟਿਆ ਪਿਆਰੇ, ਚਿਤਿ ਨ ਆਵਹਿ ਮੂਲਿ ॥ ਜਿਨ ਤੂ ਵਿਸਰਹਿ ਪਾਰਬ੍ਰਹਮ ਸੁਆਮੀ, ਸੇ ਤਨ ਹੋਏ ਧੂੜਿ ॥ ਬਿਲਲਾਟ ਕਰਹਿ ਬਹੁਤੇਰਿਆ ਪਿਆਰੇ, ਉਤਰੈ ਨਾਹੀ ਸੂਲੁ ॥ ਜੋ ਗੁਰ ਮੇਲਿ ਸਵਾਰਿਆ ਪਿਆਰੇ, ਤਿਨ ਕਾ ਰਹਿਆ ਮੂਲੁ ॥੪॥ ਸਾਕਤ ਸੰਗੁ ਨ ਕੀਜਈ ਪਿਆਰੇ, ਜੇ ਕਾ ਪਾਰਿ ਵਸਾਇ ॥ ਜਿਸੁ ਮਿਲਿਐ ਹਰਿ ਵਿਸਰੈ ਪਿਆਰੇ, ਸੁੋ ਮੁਹਿ ਕਾਲੈ ਉਠਿ ਜਾਇ ॥ ਮਨਮੁਖਿ ਢੋਈ ਨਹ ਮਿਲੈ ਪਿਆਰੇ, ਦਰਗਹ ਮਿਲੈ ਸਜਾਇ ॥ ਜੋ ਗੁਰ ਮੇਲਿ ਸਵਾਰਿਆ ਪਿਆਰੇ, ਤਿਨਾ ਪੂਰੀ ਪਾਇ ॥੫॥ ਹੇ ਪਿਆਰੇ! (ਜਿਨ੍ਹਾਂ ਪਦਾਰਥਾਂ ਨੂੰ ਮਨੁੱਖ ਨੇ) ਮਿੱਠਾ ਜਾਣ ਕਰਕੇ ਖਾਧਾ ਹੈ, ਉਨ੍ਹਾਂ (ਪਦਾਰਥਾਂ) ਨੇ ਸਰੀਰ ਵਿਚ ਰੋਗ ਪੈਦਾ ਕੀਤਾ ਹੈ। ਹੇ ਪਿਆਰੇ! (ਉਹ ਪਦਾਰਥਾਂ ਦਾ ਭੋਗ) ਕੌੜਾ ਹੋ ਕੇ ਨਿਕਲਿਆ (ਦੁਖਦਾਈ ਹੋ ਕੇ ਦੇਹ ਵਿਚ ਟਿਕ ਗਿਆ; ਫੈਲ ਗਿਆ), ਉਸ ਤੋਂ (ਮਨੁੱਖ ਨੂੰ) ਸੋਗ ਪੈਦਾ ਹੋ ਗਿਆ ਹੈ। ਹੇ ਪਿਆਰੇ! (ਮਨੁੱਖ ਨੂੰ) ਸੁਆਦਲੇ ਪਦਾਰਥ ਖੁਆ ਕੇ ਉਸ ਹਰੀ ਨੇ ਭੁਲਾ ਦਿਤਾ ਹੈ, (ਜਿਸ ਕਰਕੇ ਜੀਵ ਦਾ ਹਰੀ ਨਾਲੋਂ) ਵਿਛੋੜਾ ਦੂਰ ਨਹੀਂ ਹੁੰਦਾ। ਹੇ ਪਿਆਰੇ ਪ੍ਰਭੂ! ਤੈਂ ਜਿਨ੍ਹਾਂ ਪੁਰਖਾਂ ਨੂੰ ਗੁਰੂ ਨਾਲ ਮੇਲ ਕੇ (ਭਵਜਲ ਤੋਂ) ਤਾਰਿਆ ਹੈ, ਉਨ੍ਹਾਂ ਦਾ ਮੇਲ ਧੁਰੋਂ ਹੀ ਲਿਖਿਆ ਪਿਆ ਸੀ।੩। ਮਨੁੱਖ ਮਾਇਆ ਦੇ ਲਾਲਚ ਵਿਚ ਫਸਿਆ ਹੋਇਆ ਹੈ, ਹੇ ਪਿਆਰੇ ਪ੍ਰਭੂ! (ਤੂੰ ਉਸ ਨੂੰ) ਉਕਾ ਹੀ ਯਾਦ ਨਹੀਂ ਆਉਂਦਾ। ਹੇ ਮਾਲਕ ਪ੍ਰਭੂ! ਜਿਨ੍ਹਾਂ ਮਨੁੱਖਾਂ ਨੂੰ ਤੂੰ ਭੁੱਲ ਜਾਂਦਾ ਹੈਂ, (ਮਨੁੱਖਾਂ ਦੇ) ਉਹ ਸਰੀਰ ਮਿੱਟੀ ਹੋ ਜਾਂਦੇ ਹਨ। ਹੇ ਪਿਆਰੇ! ਉਹ ਮਨੁੱਖ ਬਹੁਤ ਵਿਰਲਾਪ ਕਰਦੇ ਹਨ, (ਪਰ ਉਨ੍ਹਾਂ ਦਾ) ਦੁਖ ਦੂਰ ਨਹੀਂ ਹੁੰਦਾ। ਹੇ ਪਿਆਰੇ ਪ੍ਰਭੂ! ਜੋ ਮਨੁੱਖ ਤੈਂ ਗੁਰੂ ਨਾਲ ਮੇਲ ਕੇ ਸਵਾਰ ਦਿਤੇ ਹਨ, ਉਨ੍ਹਾ ਦਾ ਮੁੱਢ ਰਹਿ ਗਿਆ ਹੈ (ਜੜ੍ਹ ਸੰਸਾਰ ਵਿਚ ਕਾਇਮ ਰਹਿ ਗਈ; ਮੁੱਲ ਰਹਿ ਗਿਆ ਭਾਵ ਬੇ ਕੀਮਤੇ ਹੋ ਕੇ ਨਹੀਂ ਮਰੇ, ਸਫਲ ਰਹੇ ਹਨ)।੪। ਹੇ ਪਿਆਰੇ! ਜਿਥੋਂ ਤਕ ਵਸ ਚੱਲ ਸਕੇ, ਸਾਕਤ ਮਨੁੱਖ ਦਾ ਸੰਗ ਨਹੀਂ ਕਰਨਾ ਚਾਹੀਦਾ। ਹੇ ਪਿਆਰੇ ਹਰੀ! ਜਿਸ (ਸਾਕਤ) ਨੂੰ ਮਿਲਣ ਨਾਲ ਤੂੰ ਭੁੱਲ ਜਾਂਦਾ ਹੈ, ਉਹ (ਸਾਕਤ ਦੀ ਸੰਗਤ ਕਰਨ ਵਾਲਾ ਮਨੁੱਖ) ਕਾਲੇ ਮੂੰਹ ਨਾਲ (ਬੇਇੱਜਤ ਹੋ ਕੇ ਦੁਨੀਆਂ ਤੋਂ) ਉਠ ਕੇ ਚਲਾ ਜਾਂਦਾ ਹੈ। ਹੇ ਪਿਆਰੇ ਪ੍ਰਭੂ! ਮਨਮੁਖਾਂ ਨੂੰ (ਇਸ ਲੋਕ ਵਿਚ) ਢੋਈ ਨਹੀਂ ਮਿਲਦੀ ਅਤੇ (ਉਨ੍ਹਾਂ ਨੂੰ ਤੇਰੀ) ਦਰਗਾਹ ਵਿਚ ਵੀ ਸਜਾ ਮਿਲਦੀ ਹੈ। ਹੇ ਪਿਆਰੇ ਪ੍ਰਭੂ! ਜੋ ਮਨੁੱਖ ਤੈਂ ਗੁਰੂ ਨਾਲ ਮੇਲ ਕੇ ਸਵਾਰ ਦਿਤੇ ਹਨ, ਉਨ੍ਹਾਂ ਨੂੰ (ਜੀਵਨ ਵਿਚ) ਪੂਰੀ ਸਫਲਤਾ ਪ੍ਰਾਪਤ ਹੁੰਦੀ ਹੈ।੫।

ਪਦਾਰਥ = ਤਿਨਿ–ਉਨ੍ਹਾਂ ਨੇ। ਤਨਿ–ਸਰੀਰ ਵਿਚ। ਕੀਤਾ–ਪੈਦਾ ਕੀਤਾ। ਕਉੜਾ–ਕੌੜਾ (ਦੁਖਦਾਈ)। ਪਤਿਸਟਿਆ–ਨਿਕਲਿਆ; ਫੈਲ ਗਿਆ; ਟਿਕ ਗਿਆ। ਤਿਸ ਤੇ–ਉਸ ਤੋਂ। ਉਪਜਿਆ–ਪੈਦਾ ਹੋਇਆ। ਸੋਗੁ–ਗਮ। ਭੋਗ–ਸੁਆਦਲੇ ਪਦਾਰਥ। ਭੁੰਚਾਇ–ਖੁਆ ਕੇ। ਭੁਲਾਇਅਨੁ–ਉਸ ਨੇ ਭੁਲਾ ਦਿਤਾ। ਉਤਰੈ ਨਹੀ–ਉਤਰਦਾ ਨਹੀਂ (ਦੂਰ ਨਹੀਂ ਹੁੰਦਾ)। ਵਿਜੋਗੁ–ਵਿਛੋੜਾ। ਉਧਾਰਿਆ–ਤਾਰ ਦਿਤਾ। ਤਿਨ–ਉਨ੍ਹਾਂ ਦਾ। ਧੁਰੇ–ਧੁਰ ਤੋਂ। ਪਇਆ–(ਲਿਖਿਆ) ਪਿਆ ਸੀ। ਸੰਜੋਗੁ–ਮਿਲਾਪ।੩। ਲਾਲਚਿ–ਲਾਲਚ ਵਿਚ। ਅਟਿਆ–ਫਸਿਆ ਹੈ। ਚਿਤਿ–ਯਾਦ; ਚਿਤ ਵਿਚ। ਮੂਲਿ–ਉਕਾ ਹੀ; ਬਿਲਕੁਲ। ਸੇ ਤਨ–ਉਹ ਸਰੀਰ। ਧੂੜਿ–ਮਿੱਟੀ। ਬਿਲਲਾਟ–ਵਿਰਲਾਪ। ਬਹੁਤੇਰਿਆ –ਬਹੁਤ। ਸੂਲੁ–ਦੁਖ; ਦਰਦ। ਸਵਾਰਿਆ–ਸਵਾਰ (ਸੋਹਣਾ ਬਣਾ) ਦਿਤਾ। ਰਹਿਆ ਮੂਲੁ–ਜੜ੍ਹ ਰਹਿ ਗਈ; ਮੂਲ ਧਨ ਬਚਿਆ ਰਹਿ ਗਿਆ।੪। ਸਾਕਤ–ਰੱਬ ਤੋਂ ਟੁੱਟਿਆ ਮਨੁੱਖ। ਨ ਕੀਜਈ–ਨਹੀਂ ਕਰਨਾ ਚਾਹੀਦਾ। ਜੇ ਕਾ–ਜਿਥੋਂ ਤਕ; ਜਿਤਨਾ ਕੁ। ਪਾਰਿ ਵਸਾਇ– ਵਸ ਚਲ ਸਕੇ। ਮਿਲਿਐ–ਮਿਲਣ ਨਾਲ। ਵਿਸਰੈ–ਭੁੱਲ ਜਾਂਦਾ ਹੈ। ਸੁੋ–ਉਹ। ਮੁਹਿ ਕਾਲੈ–ਕਾਲੇ ਮੂੰਹ ਨਾਲ (ਬੇਇੱਜਤ ਹੋ ਕੇ)। ਉਠਿ– ਉਠ ਕੇ। ਢੋਈ–ਆਸਰਾ; ਥਾਂ। ਨਹ–ਨਹੀਂ। ਤਿਨਾ–ਉਨ੍ਹਾਂ ਨੂੰ। ਪੂਰੀ ਪਾਇ–ਪੂਰੀ ਸਫਲਤਾ ਪ੍ਰਾਪਤ ਹੁੰਦੀ ਹੈ।੫।

ਸੰਜਮ ਸਹਸ ਸਿਆਣਪਾ ਪਿਆਰੇ, ਇਕ ਨ ਚਲੀ ਨਾਲਿ ॥ ਜੋ ਬੇਮੁਖ ਗੋਬਿੰਦ ਤੇ ਪਿਆਰੇ, ਤਿਨ ਕੁਲਿ ਲਾਗੈ ਗਾਲਿ ॥ ਹੋਦੀ ਵਸਤੁ ਨ ਜਾਤੀਆ ਪਿਆਰੇ, ਕੂੜੁ ਨ ਚਲੀ ਨਾਲਿ ॥ ਸਤਿਗੁਰੁ ਜਿਨਾ ਮਿਲਾਇਓਨੁ ਪਿਆਰੇ, ਸਾਚਾ ਨਾਮੁ ਸਮਾਲਿ ॥੬॥ ਸਤੁ ਸੰਤੋਖੁ ਗਿਆਨੁ ਧਿਆਨੁ ਪਿਆਰੇ, ਜਿਸ ਨੋ ਨਦਰਿ ਕਰੇ ॥ ਅਨਦਿਨੁ ਕੀਰਤਨੁ ਗੁਣ ਰਵੈ ਪਿਆਰੇ, ਅੰਮ੍ਰਿਤਿ ਪੂਰ ਭਰੇ ॥ ਦੁਖ ਸਾਗਰੁ ਤਿਨ ਲੰਘਿਆ ਪਿਆਰੇ, ਭਵਜਲੁ ਪਾਰਿ ਪਰੇ ॥ ਜਿਸੁ ਭਾਵੈ ਤਿਸੁ ਮੇਲਿ ਲੈਹਿ ਪਿਆਰੇ, ਸੇਈ ਸਦਾ ਖਰੇ ॥੭॥ ਸੰਮ੍ਰਥ ਪੁਰਖੁ ਦਇਆਲ ਦੇਉ ਪਿਆਰੇ, ਭਗਤਾ ਤਿਸ ਕਾ ਤਾਣੁ ॥ ਤਿਸੁ ਸਰਣਾਈ ਢਹਿ ਪਏ ਪਿਆਰੇ, ਜਿ ਅੰਤਰਜਾਮੀ ਜਾਣੁ ॥ ਹਲਤੁ ਪਲਤੁ

ਸਵਾਰਿਆ ਪਿਆਰੇ, ਮਸਤਕਿ ਸਚੁ ਨੀਸਾਣੁ ॥ ਸੋ ਪ੍ਰਭੁ ਕਦੇ ਨ ਵੀਸਰੈ ਪਿਆਰੇ, ਨਾਨਕ ਸਦ ਕੁਰਬਾਣੁ ॥੮॥੨॥ ਹੇ ਪਿਆਰੇ ! (ਮਨੁੱਖ ਭਾਵੇਂ) ਹਜਾਰਾਂ ਸਿਆਣਪਾਂ ਤੇ ਹਜਾਰਾਂ (ਜੀਵਨ ਜਿਉਣ ਦੇ ਖਾਸ ਖਾਸ) ਤਰੀਕੇ ਵਰਤ ਲਵੇ, ਇਕ ਵੀ (ਸਿਆਣਪ ਜਾਂ ਤਰੀਕਾ ਅੰਤ ਸਮੇਂ) ਨਾਲ ਨਹੀਂ ਚਲਦਾ। ਹੇ ਪਿਆਰੇ ! ਜੋ ਮਨੁੱਖ ਗੋਬਿੰਦ ਤੋਂ ਬੇਮੁੱਖ ਹਨ, ਉਨ੍ਹਾਂ ਦੇ ਖਾਨਦਾਨ ਵਿਚ ਕਲੰਕ ਲਗਦਾ ਹੈ {ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ, ਤਿਸ ਕੈ ਕੁਲਿ ਲਾਗੀ ਗਾਰੀ ੧੨੬੩}। ਹੇ ਪਿਆਰੇ ! (ਇਨ੍ਹਾਂ ਨੇ) ਕੋਲ ਹੁੰਦੀ ਵਸਤੂ ਹਰੀ ਨੂੰ ਨਹੀਂ ਜਾਣਿਆ ਅਤੇ ਝੂਠੀ ਵਸਤੂ (ਮਰਨ ਵੇਲੇ ਕਿਸੇ ਦੇ) ਨਾਲ ਨਹੀਂ ਜਾਂਦੀ। ਹੇ ਪਿਆਰੇ ! ਜਿਨ੍ਹਾਂ ਮਨੁੱਖਾਂ ਨੂੰ ਉਸ ਪ੍ਰਭੂ ਨੇ ਸਤਿਗੁਰੂ ਮਿਲਾ ਦਿਤਾ ਹੈ, ਉਹ ਸੱਚਾ ਨਾਮ ਸਿਮਰਦੇ ਹਨ।੬। ਹੇ ਪਿਆਰੇ ! ਜਿਸ ਮਨੁੱਖ ਉਤੇ ਪ੍ਰਭੂ ਮੇਹਰ ਦੀ ਨਜਰ ਕਰ ਦੇਵੇ, ਉਸ ਵਿਚ ਸਤ, ਸੰਤੋਖ ਆਦਿ ਦੈਵੀ ਗੁਣ ਆਪੇ ਆ ਜਾਂਦੇ ਹਨ, (ਉਸ ਨੂੰ ਪ੍ਰਭੂ ਦਾ) ਗਿਆਨ ਪ੍ਰਾਪਤ ਹੋ ਜਾਂਦਾ ਹੈ ਅਤੇ (ਉਸ ਵਿਚ ਸੁਤੇ ਸਿਧ) ਧਿਆਨ ਲਗ ਜਾਂਦਾ ਹੈ। ਹੇ ਪਿਆਰੇ ! (ਉਹ ਮਨੁੱਖ) ਹਰ ਰੋਜ ਕੀਰਤਨ ਕਰਦਾ ਹੈ ਤੇ (ਉਸ ਦੇ) ਗੁਣ ਗਾਉਂਦਾ ਹੈ ਅਤੇ (ਉਹ) ਨਾਮ ਅੰਮ੍ਰਿਤ ਨਾਲ ਪੂਰਨ ਭਰਿਆ ਰਹਿੰਦਾ ਹੈ। ਹੇ ਪਿਆਰੇ ! ਉਨ੍ਹਾਂ ਨੇ ਦੁਖਾਂ ਦਾ ਸਮੁੰਦਰ ਲੰਘ ਲਿਆ ਹੈ ਅਤੇ (ਉਨ੍ਹਾਂ ਦੀ ਸੰਗਤ ਕਰਨ ਵਾਲੇ ਮਨੁੱਖ ਵੀ) ਭਵਜਲ ਤੋਂ ਪਾਰ ਪੈ ਗਏ ਹਨ। ਹੇ ਪਿਆਰੇ ! ਜਿਸ ਮਨੁੱਖ ਦਾ ਪ੍ਰੇਮ (ਪ੍ਰਭੂ ਨੂੰ) ਚੰਗਾ ਲਗਦਾ ਹੈ, ਉਸ ਨੂੰ ਅਪਣੇ ਨਾਲ ਮਿਲਾ ਲੈਂਦਾ ਹੈ, ਉਹ ਪੁਰਖ ਸਦਾ ਚੰਗੇ ਹਨ।੭। ਹੇ ਪਿਆਰੇ ! ਪ੍ਰਕਾਸ਼ ਸਰੂਪ ਪ੍ਰਭੂ ਸਰਬ ਸ਼ਕਤੀ ਮਾਨ ਹੈ, ਸਰਬ ਵਿਆਪਕ ਹੈ, ਦਇਆ ਦਾ ਘਰ ਹੈ, ਭਗਤਾਂ ਨੂੰ ਉਸ ਦਾ ਤਾਣ (ਆਸਰਾ) ਹੈ। ਹੇ ਪਿਆਰੇ ! (ਭਗਤ) ਉਸ ਪ੍ਰਭੂ ਦੀ ਸ਼ਰਣ ਵਿਚ ਢਹਿ ਪਏ ਹਨ, ਜਿਹੜਾ ਸਭ ਦੇ ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ ਤੇ ਸਿਆਣਾ ਹੈ। ਹੇ ਪਿਆਰੇ ! (ਜਿਸ ਦੇ) ਮੱਥੇ ਉਤੇ (ਹਰੀ ਅਪਣੇ ਨਾਮ ਦੀ) ਸੱਚੀ ਮੋਹਰ ਲਾ ਦਿਤੀ ਹੈ, (ਹਰੀ ਨੇ ਉਸ ਦਾ) ਲੋਕ ਪ੍ਰਲੋਕ ਸਵਾਰ ਦਿਤਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪਿਆਰੇ ! ਉਹ ਪ੍ਰਭੂ ਮੈਨੂੰ ਕਦੇ ਨਾ ਭੁੱਲੇ, ਮੈਂ ਉਸ ਤੋਂ ਸਦਾ ਕੁਰਬਾਨ ਜਾਂਦਾ ਹਾਂ।੮।੨।

ਪਦਾਰਥ = ਸੰਜਮ–ਤਰੀਕਾ; ਰਹਿਣੀ। ਸਹਸ–ਹਜਾਰਾਂ। ਪਿਆਰੇ–ਹੇ ਪਿਆਰੇ (ਹੇ ਭਾਈ) !। ਤੇ–ਤੋਂ। ਤਿਨ–ਉਨ੍ਹਾਂ ਦੇ। ਕੁਲਿ–ਖਾਨ ਦਾਨ ਵਿਚ। ਗਾਲਿ–ਸਰਾਪ; ਕਲੰਕ; ਉਲਾਂਭਾ। ਹੋਦੀ–ਕੋਲ ਹੁੰਦਾ। ਵਸਤੁ–ਹਰੀ ਦਾ ਨਾਮ ਪਦਾਰਥ; ਆਤਮ ਵਸਤੂ। ਕੂੜੁ–ਝੂਠੀ ਵਸਤੂ। ਜਿਨਾ–ਜਿਨ੍ਹਾਂ ਨੂੰ। ਮਿਲਾਇਓਨੁ–ਉਸ ਪ੍ਰਭੂ ਨੇ ਮਿਲਾ ਦਿਤਾ। ਸਮਾਲਿ–ਸਿਮਰਦੇ ਹਨ; (ਹਿਰਦੇ ਵਿਚ) ਸੰਭਾਲ ਕੇ ਰਖਦੇ ਹਨ।੬। ਸਤ–ਦਾਨ; ਪੁੰਨ। ਜਿਸ ਨੋ–ਜਿਸ ਉਤੇ। ਨਦਰਿ–ਮੇਹਰ ਦੀ ਨਜਰ। ਅਨਦਿਨੁ–ਹਰ ਰੋਜ। ਰਵੈ–ਗਾਉਂਦਾ ਹੈ। ਅੰਮ੍ਰਿਤਿ–ਨਾਮ ਅੰਮ੍ਰਿਤ ਨਾਲ। ਪੂਰ ਭਰੇ–ਪੂਰਨ ਭਰਿਆ ਰਹਿੰਦਾ ਹੈ। ਭਵਜਲੁ–ਸੰਸਾਰ ਸਮੁੰਦਰ। ਪਾਰਿ ਪਰੇ–ਪਾਰ ਪਏ ਹਨ। ਭਾਵੈ–ਚੰਗਾ ਲਗਦਾ ਹੈ। ਮੇਲਿ ਲੈਹਿ–ਮੇਲ ਲੈਂਦਾ ਹੈ। ਸੇਈ–ਉਹ ਹੀ। ਖਰੇ–ਚੰਗੇ; ਪਵਿਤ੍ਰ।੭। ਸੰਮ੍ਰਥ–ਸਾਰੀਆਂ ਤਾਕਤਾਂ ਦਾ ਮਾਲਕ। ਪੁਰਖੁ–ਸਰਬ ਵਿਆਪਕ ਪ੍ਰਭੂ। ਦੇਉ–ਪ੍ਰਕਾਸ਼ ਸਰੂਪ। ਤਿਸ ਕਾ–ਉਸ ਦਾ। ਤਾਣੁ–ਬਲ; ਆਸਰਾ। ਜਿ–ਜਿਹੜਾ। ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ। ਜਾਣੁ–ਸਿਆਣਾ। ਹਲਤੁ–ਮਾਤ ਲੋਕ (ਇਸ ਲੋਕ ਦਾ ਜੀਵਨ)। ਪਲਤੁ–ਪ੍ਰਲੋਕ (ਅਗਲਾ ਮੌਤ ਪਿਛੋਂ ਦਾ ਸਮਾਂ)। ਮਸਤਕਿ–ਮੱਥੇ ਉਤੇ। ਨੀਸਾਣੁ–ਮੋਹਰ; ਬਖਸ਼ਿਸ਼ ਦਾ ਨਿਸ਼ਾਨ। ਸੋ–ਉਹ। ਨ ਵੀਸਰੈ–ਨਾ ਭੁੱਲੇ। ਸਦ–ਸਦਾ।੮।੨।

ਸੋਰਠਿ ਮਹਲਾ ੫ ਘਰੁ ੨ ਅਸਟਪਦੀਆ ੴ ਸਤਿਗੁਰ ਪ੍ਰਸਾਦਿ ॥ ਪਾਠੁ ਪੜਿਓ ਅਰੁ ਬੇਦੁ ਬੀਚਾਰਿਓ, ਨਿਵਲਿ ਭੁਅੰਗਮ ਸਾਧੇ ॥ ਪੰਚ ਜਨਾ ਸਿਉ ਸੰਗੁ ਨ ਛੁਟਕਿਓ, ਅਧਿਕ ਅਹੰਬੁਧਿ ਬਾਧੇ ॥੧॥ ਪਿਆਰੇ ਇਨ ਬਿਧਿ ਮਿਲਣੁ ਨ ਜਾਈ, ਮੈ ਕੀਏ ਕਰਮ ਅਨੇਕਾ ॥ ਹਰਿ ਪਰਿਓ ਸੁਆਮੀ ਕੈ ਦੁਆਰੈ, ਦੀਜੈ ਬੁਧਿ ਬਿਬੇਕਾ ॥ਰਹਾਉ॥ ਮੋਨਿ ਭਇਓ ਕਰ ਪਾਤੀ ਰਹਿਓ, ਨਗਨ ਫਿਰਿਓ ਬਨ ਮਾਹੀ ॥ (ਹੇ ਭਾਈ ! ਜਿਸ ਕਿਸੇ ਨੇ ਵੀ ਧਰਮ ਗ੍ਰੰਥਾਂ ਦਾ) ਪਾਠ ਪੜ੍ਹਿਆ ਅਤੇ ਵੇਦ ਆਦਿ ਗ੍ਰੰਥਾਂ ਨੂੰ ਵੀਚਾਰਿਆ, ਨਿਉਲੀ ਕਰਮ ਕੀਤਾ ਅਤੇ ਭੁਅੰਗਮਾ ਨਾੜੀ ਵੀ ਸਿਧ ਕੀਤੀ {ਕਿਨਹੀ ਨਿਵਲ ਭੁਇਅੰਗਮ ਸਾਧੇ ੯੧੨}। ਪਰ ਪੰਜ ਕਾਮਾਦਿਕਾਂ ਨਾਲੋਂ ਸਾਥ ਨਹੀਂ ਛੁਟ ਸਕਿਆ, (ਸੱਗੋਂ ਮਨੁੱਖ ਹੋਰ) ਵਧੇਰੇ ਹੰਕਾਰ ਵਾਲੀ ਬੁੱਧੀ ਨਾਲ ਬੱਝ ਗਏ ਹਨ।੧। ਹੇ ਭਾਈ ! (ਇਸ ਤਰ੍ਹਾਂ ਦੇ) ਮੈਂ ਅਨੇਕਾਂ ਧਾਰਮਕ ਕਰਮ ਕੀਤੇ ਹਨ, ਪਰ ਇਨ੍ਹਾਂ ਤਰੀਕਿਆਂ ਨਾਲ (ਹਰੀ ਨੂੰ) ਮਿਲਿਆ ਨਹੀਂ ਕੀਤਾ ਜਾ ਸਕਦਾ। (ਅਖੀਰ ਮੈਂ) ਹਾਰ ਕੇ ਮਾਲਕ ਪ੍ਰਭੂ ਦੇ ਦੁਆਰੇ ਤੇ ਢਹਿ ਪਿਆ, (ਅਤੇ ਅਰਦਾਸ ਕੀਤੀ ਕਿ ਹੇ ਪ੍ਰਭੂ ! ਕ੍ਰਿਪਾ ਕਰਕੇ ਮੈਨੂੰ) ਭਲੇ ਬੁਰੇ ਕਰਮਾਂ ਦੇ ਪਰਖ ਕਰਨ ਵਾਲੀ ਬੁੱਧੀ ਬਖਸ਼ ਦੇ। ਰਹਾਉ। (ਕੋਈ ਮਨੁੱਖ) ਮੋਨੀ ਹੋ ਗਿਆ (ਚੁੱਪ ਧਾਰਨ ਕਰ ਲਈ, ਕੋਈ ਮਨੁੱਖ ਅਪਣੇ) ਹੱਥਾਂ ਨੂੰ ਭਾਂਡੇ ਦੀ ਵਰਤੋਂ ਕਰਨ ਵਾਲਾ ਬਣਦਾ ਰਿਹਾ (ਭਾਂਡਿਆਂ ਦੀ ਵਰਤੋਂ ਛਡ ਦਿਤੀ) ਅਤੇ ਕੋਈ ਜੰਗਲਾਂ ਵਿਚ ਨੰਗਾ ਫਿਰਦਾ ਰਿਹਾ ਹੈ।

ਅੰਗ ੬੪੨ = ਤਟ ਤੀਰਥ ਸਭ ਧਰਤੀ ਭ੍ਰਮਿਓ, ਦੁਬਿਧਾ ਛੁਟਕੈ ਨਾਹੀ ॥੨॥ ਮਨ ਕਾਮਨਾ ਤੀਰਥ ਜਾਇ ਬਸਿਓ, ਸਿਰਿ ਕਰਵਤ ਧਰਾਏ ॥ ਮਨ ਕੀ ਮੈਲੁ ਨ ਉਤਰੈ ਇਹ ਬਿਧਿ, ਜੇ ਲਖ ਜਤਨ ਕਰਾਏ ॥੩॥ ਕਨਿਕ ਕਾਮਿਨੀ ਹੈਵਰ ਗੈਵਰ, ਬਹੁ ਬਿਧਿ ਦਾਨੁ

ਦਾਤਾਰਾ ॥ ਅੰਨ ਬਸਤ੍ਰ ਭੂਮਿ ਬਹੁ ਅਰਪੇ, ਨਹ ਮਿਲੀਐ ਹਰਿ ਦੁਆਰਾ ॥੪॥ (ਕੋਈ ਮਨੁੱਖ) ਤੀਰਥਾਂ ਦੇ ਕਿਨਾਰੇ ਅਤੇ ਸਾਰੀ ਧਰਤੀ ਤੇ ਘੁੰਮਦਾ ਰਿਹਾ ਹੈ, (ਪਰ ਇਹ ਸਾਰੇ ਧਾਰਮਕ ਕਰਮ ਕਰਨ ਨਾਲ ਵੀ) ਦੁਬਿਧਾ ਦੂਰ ਨਹੀਂ ਹੋਈ।੨।(ਕੋਈ ਮਨੁੱਖ) ਮਨ ਦੀ ਇੱਛਾ ਅਨੁਸਾਰ ਤੀਰਥਾਂ ਤੇ ਜਾ ਕੇ ਵਸ ਗਿਆ ਹੈ ਅਤੇ (ਕਿਸੇ ਨੇ ਕਾਂਸੀ ਦਾ) ਆਰਾ ਵੀ ਸਿਰ ਉਤੇ ਧਰਾ ਲਿਆ ਹੈ।ਜੇ (ਕੋਈ ਮਨੁੱਖ ਅਜੇਹੇ) ਲੱਖਾਂ ਜਤਨ ਕਰ ਲਵੇ ਤੇ ਕਰਾ ਲਵੇ, (ਫਿਰ ਵੀ) ਇਸ ਤਰ੍ਹਾਂ ਮਨ ਦੇ ਵਿਕਾਰਾਂ ਦੀ ਮੈਲ ਉਤਰ ਨਹੀਂ ਸਕਦੀ।੩।(ਕੋਈ ਮਨੁੱਖ) ਸੋਨਾ, ਇਸਤ੍ਰੀ, ਵਧੀਆ ਘੋੜੇ, ਵਧੀਆ ਹਾਥੀ ਅਤੇ ਬਹੁਤ ਪ੍ਰਕਾਰ ਦਾ ਦਾਨ ਕਰਨ ਵਾਲਾ ਦਾਤਾ ਹੋ ਜਾਵੇ।ਅੰਨ, ਕਪੜੇ ਅਤੇ ਜਮੀਨ ਵੀ (ਕੋਈ ਮਨੁੱਖ) ਦਾਨ ਕਰ ਦੇਵੇ, (ਇਸ ਤਰ੍ਹਾਂ ਦਾਨ ਕਰਨ ਨਾਲ ਵੀ) ਹਰੀ ਦਾ ਦਰ ਨਹੀਂ ਮਿਲ ਸਕਦਾ।੪।

ਪਦਾਰਥ = ਪੜਿਓ-ਪੜ੍ਹਿਆ।ਅਰੁ-ਅਤੇ।ਨਿਵਲਿ-ਇਕ ਯੋਗ ਕਿਰਿਆ (ਸਿੱਧੇ ਬੈਠ ਕੇ ਪ੍ਰਾਣਾਂ ਦੇ ਬਲ ਨਾਲ ਪੇਟ ਨੂੰ ਸੱਜੇ ਖੱਬੇ, ਉਪਰ ਥੱਲੇ ਇਸ ਤਰ੍ਹਾਂ ਹਿਲਾਉਣਾ, ਜਿਵੇਂ ਮਟਕੇ ਵਿਚ ਮਧਾਣੀ ਨਾਲ ਦਹੀ ਰਿੜਕੀਦਾ ਹੈ, ਇਸ ਨਾਲ ਅੰਦਰੋਂ ਆਂਦਰਾਂ ਸਾਫ ਹੁੰਦੀਆ ਹਨ)।ਭੁਅੰਗਮ-ਰੀੜ੍ਹ ਦੀ ਹੱਡੀ ਦੇ ਨਾਲ ਦਿਮਾਗ ਤਕ ਜਾਂਦੀ ਇਕ ਨਾੜੀ, ਜੋਗੀ ਇਸ ਦੁਆਰਾ ਦਸਮ ਦੁਆਰ ਵਿਚ ਪ੍ਰਾਣ ਚੜ੍ਹਾਉਂਦੇ ਹਨ।ਸਾਧੇ-ਸਿਧ ਕੀਤੇ; ਸਿਰੇ ਚਾੜ੍ਹੇ; ਅਭਿਆਸ ਕੀਤਾ।ਪੰਚ ਜਨਾ-ਪੰਜ ਕਾਮਾਦਿਕ ਵਿਕਾਰਾਂ ਤੋਂ।ਸਿਉ-ਨਾਲੋਂ।ਸੰਗੁ-ਸਾਥ।ਛੁਟਿਓ -ਛੁਟ ਸਕਿਆ।ਅਧਿਕ-ਵਧੇਰੇ।ਅਹੰਬੁਧਿ-ਹੰਕਾਰ ਵਾਲੀ ਬੁਧੀ।ਬਾਧੇ-ਬੱਝ ਗਏ।੧।ਪਿਆਰੇ-ਹੇ ਭਾਈ!; ਹੇ ਪਿਆਰੇ ਸੱਜਨ!। ਇਨ ਬਿਧਿ-ਇਨ੍ਹਾਂ ਤਰੀਕਿਆ ਨਾਲ।ਕੀਏ-ਕੀਤੇ।ਕਰਮ-ਧਾਰਮਕ ਕਰਮ।ਹਾਰਿ-ਥੱਕ ਹਾਰ ਕੇ।ਪਰਿਓ-(ਢਹਿ) ਪਿਆ।ਕੈ-ਦੇ। ਦੁਆਰੈ-ਦਰ ਉਤੇ।ਬੁਧਿ ਬਿਬੇਕਾ-ਭਲੇ ਬੁਰੇ ਦੀ ਪਰਖ ਕਰਨ ਵਾਲੀ ਸਮਝ; ਯਥਾਰਥ ਜਾਨਣ ਦੀ ਸਮਝ।ਰਹਾਉ।ਮੋਨਿ-ਚੁੱਪ ਧਾਰਨ ਕਰਨ ਵਾਲਾ ਮਨੁੱਖ।ਭਇਓ-ਹੋ ਗਿਆ।ਕਰ ਪਾਤੀ-ਹੱਥਾਂ ਨੂੰ ਪਾਤ੍ਰ (ਭਾਂਡੇ) ਦੀ ਥਾਂ ਵਰਤਣ ਵਾਲਾ ਮਨੁੱਖ।ਨਗਨ-ਨੰਗਾ।ਫਿਰਿਓ-ਫਿਰਦਾ ਰਿਹਾ।ਬਨ ਮਾਹੀ-ਜੰਗਲਾਂ ਵਿਚ।ਤਟ-ਕਿਨਾਰੇ।ਸਭ-ਸਾਰੀ।ਭ੍ਰਮਿਓ-ਘੁੰਮਿਆ ਫਿਰਿਆ।ਦੁਬਿਧਾ-ਦੁਚਿੱਤਾਪਣ; ਡਾਵਾਂ ਡੋਲ ਹਾਲਤ।ਛੁਟਕੈ ਨਾਹੀ-ਦੂਰ ਨਹੀਂ ਹੋਈ।੨।ਮਨ ਕਾਮਨਾ-ਮਨ ਦੀ ਇੱਛਾ।ਸਿਰਿ-ਸਿਰ ਉਤੇ।ਕਰਵਤ-ਆਰਾ (ਬਨਾਰਸ ਦੇ ਸ਼ਿਵ ਮੰਦਰ ਵਿਚ ਪਿਆ ਆਰਾ, ਜਿਸ ਨਾਲ ਸ਼ਿਵ ਭਗਤ ਅਪਣੇ ਆਪ ਨੂੰ ਚਿਰਾ ਕੇ ਮੁਕਤ ਹੋਣਾ ਸਮਝਦੇ ਹਨ)।ਧਰਾਏ-ਧਰਾ ਲਿਆ।ਇਹ ਬਿਧਿ-ਇਸ ਤਰੀਕੇ ਨਾਲ।੩।ਕਨਿਕ-ਸੋਨਾ।ਕਾਮਿਨੀ-ਇਸਤ੍ਰੀ।ਹੈਵਰ-ਵਧੀਆ ਘੋੜੇ।ਗੈਵਰ-ਵਧੀਆ ਹਾਥੀ।ਬਹੁ ਬਿਧਿ-ਬਹੁਤ ਪ੍ਰਕਾਰ ਦਾ।ਅੰਨ-ਅਨਾਜ।ਬਸਤ੍ਰ-ਕਪੜੇ।ਭੂਮਿ-ਜਮੀਨ।ਅਰਪੇ-ਦਾਨ ਕਰ ਦੇਵੇ।ਹਰਿ ਦੁਆਰਾ-ਹਰੀ ਦਾ ਦਰ।੪।

ਪੂਜਾ ਅਰਚਾ ਬੰਦਨ ਡੰਡਉਤ, ਖਟੁ ਕਰਮਾ ਰਤੁ ਰਹਤਾ ॥ ਹਉ ਹਉ ਕਰਤ ਬੰਧਨ ਮਹਿ ਪਰਿਆ, ਨਹ ਮਿਲੀਐ ਇਹ ਜੁਗਤਾ ॥੫॥ ਜੋਗ ਸਿਧ ਆਸਣ ਚਉਰਾਸੀਹ, ਏ ਭੀ ਕਰਿ ਕਰਿ ਰਹਿਆ ॥ ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥੬॥ ਰਾਜ ਲੀਲਾ ਰਾਜਨ ਕੀ ਰਚਨਾ, ਕਰਿਆ ਹੁਕਮੁ ਅਫਾਰਾ ॥ ਸੇਜ ਸੋਹਨੀ ਚੰਦਨੁ ਚੋਆ, ਨਰਕ ਘੋਰ ਕਾ ਦੁਆਰਾ ॥੭॥ ਹਰਿ ਕੀਰਤਿ ਸਾਧ ਸੰਗਤਿ ਹੈ, ਸਿਰਿ ਕਰਮਨ ਕੈ ਕਰਮਾ ॥ ਕਹੁ ਨਾਨਕ ਤਿਸੁ ਭਇਓ ਪਰਾਪਤ, ਜਿਸੁ ਪੁਰਬ ਲਿਖੇ ਕਾ ਲਹਨਾ ॥੮॥ ਤੇਰੋ ਸੇਵਕੁ ਇਹ ਰੰਗਿ ਮਾਤਾ ॥ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ,ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥ਰਹਾਉ ਦੂਜਾ॥੧॥੩॥ (ਕੋਈ ਮਨੁੱਖ ਦੇਵਤਿਆਂ ਦੀ) ਪੂਜਾ ਕਰਦਾ ਹੈ, (ਕੋਈ ਦੇਵਤਿਆਂ ਦੀ ਮੂਰਤੀਆਂ ਤੇ) ਚੰਦਨ ਛਿੜਕਦਾ ਹੈ, ਕੋਈ ਡੰਡੇ ਵਾਂਗ ਸਿੱਧਾ ਲੇਟ ਕੇ ਨਮਸ਼ਕਾਰ ਕਰਦਾ ਹੈ ਅਤੇ (ਕੋਈ ਮਨੁੱਖ ਸ਼ਾਸ਼ਤਰਾਂ ਦੇ ਦੱਸੇ) ਛੇ ਕਰਮਾਂ ਦਾ ਪ੍ਰੇਮੀ ਰਹਿੰਦਾ ਹੈ।ਮੈਂ ਮੈਂ ਕਰਦਾ (ਅਜੇਹਾ ਮਨੁੱਖ ਇਨ੍ਹਾਂ ਕਰਮਾਂ ਦੇ) ਬੰਧਨਾਂ ਵਿਚ ਪਿਆ ਰਹਿੰਦਾ ਹੈ, ਇਸ ਤਰ੍ਹਾਂ ਦੀ ਜੁਗਤੀ ਨਾਲ ਵੀ ਪ੍ਰਭੂ ਨੂੰ ਨਹੀਂ ਮਿਲਿਆ ਜਾ ਸਕਦਾ।੫।ਜੋਗ ਮੱਤ ਦੇ ਸਿੱਧਾਂ ਦੇ ਚੁਰਾਸੀ ਆਸਣ ਹਨ, (ਕੋਈ ਮਨੁੱਖ) ਏਹ (ਆਸਣ) ਵੀ ਬਾਰ ਬਾਰ ਕਰਦਾ ਰਿਹਾ ਹੈ।(ਕਿਸੇ ਜੋਗੀ ਨੇ) ਵੱਡੀ ਉਮਰ ਵੀ ਭੋਗੀ ਹੈ, ਪਰ ਹਰੀ ਨਾਲ ਮੇਲ ਪ੍ਰਾਪਤ ਨਹੀਂ ਹੋਇਆ, (ਜਿਸ ਕਰਕੇ ਅਜੇਹਾ ਜੋਗੀ) ਮੁੜ ਮੁੜ ਜੰਮਦਾ (ਮਰਦਾ) ਰਹਿੰਦਾ ਹੈ।੬।(ਕਈ ਮਨੁੱਖ) ਰਾਜਿਆਂ ਦੇ ਚੋਜ ਤਮਾਸ਼ੇ ਤੇ ਰਾਜਿਆਂ ਦੇ ਸ਼ਾਹੀ ਠਾਠ ਬਾਠ ਮਾਣਦੇ ਰਹੇ ਅਤੇ ਅਮੋੜ ਹੁਕਮ ਕਰਦੇ ਰਹੇ ਹਨ।(ਅਜੇਹੇ ਮਨੁੱਖ ਰਾਜੇ ਬਣ ਕੇ) ਸੋਹਣੀਆਂ ਸੇਜਾਂ ਉਤੇ ਸੁੱਤੇ, ਚੰਦਨ, ਅਤਰ ਆਦਿ (ਅਪਣੇ ਸਰੀਰ ਤੇ) ਮਲਦੇ ਰਹੇ, (ਪਰ ਇਹ ਸਭ) ਭਿਆਨਕ ਨਰਕ ਦਾ ਦਰਵਾਜਾ ਹੈ।੭।ਸਾਧ ਸੰਗਤ ਵਿਚ ਬੈਠ ਕੇ ਹਰੀ ਦੀ ਕੀਰਤਨ ਭਗਤੀ ਸਭ ਧਾਰਮਕ ਕਰਮਾਂ ਤੋਂ ਸ਼੍ਰੋਮਣੀ ਕਰਮ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਇਹ ਕਰਮ) ਉਸ ਮਨੁੱਖ ਨੂੰ ਪ੍ਰਾਪਤ ਹੋਇਆ ਹੈ, ਜਿਸ ਦੇ (ਮੱਥੇ ਉਤੇ) ਪਹਿਲਾਂ ਤੋਂ ਹੀ ਪ੍ਰਾਪਤ ਹੋਣ ਦਾ ਲੇਖ ਲਿਖਿਆ ਹੋਵੇ।੮।(ਹੇ ਪ੍ਰਭੂ!) ਤੇਰਾ ਸੇਵਕ (ਸਾਧ ਸੰਗਤ ਅਤੇ ਕੀਰਤਨ ਦੇ) ਇਸ ਰੰਗ ਵਿਚ ਮਸਤ ਹੋਇਆ ਹੈ।ਅਨਾਥਾਂ ਦੇ ਦੁਖ ਨਾਸ਼ ਕਰਨ ਵਾਲਾ ਪ੍ਰਭੂ ਜਦ ਮੇਹਰਵਾਨ ਹੋਇਆ, ਤਾਂ ਮੇਰਾ ਇਹ ਮਨ ਹਰੀ ਦੇ ਕੀਰਤਨ ਭਗਤੀ ਦੇ ਰੰਗ ਵਿਚ ਰੰਗਿਆ ਗਿਆ ਹੈ।ਰਹਾਉ ਦੂਜਾ।੧।੩। ਕਲਜੁਗ ਮਹਿ ਕੀਰਤਨੁ ਪਰਧਾਨਾ ॥ (੧੦੭੫)

ਪਦਾਰਥ = ਅਰਚਾ–ਚੰਦਨ ਛਿੜਕਦਾ ਹੈ।ਬੰਦਨ–ਨਮਸ਼ਕਾਰ।ਡੰਡਉਤ–ਡੰਡੇ ਵਾਂਗ ਸਿੱਧੇ ਲੰਮੇ ਪੈ ਕੇ।ਖਟ ਕਰਮਾ–(ਸ਼ਾਸ਼ਤ੍ਰ ਦੇ ਦੱਸੇ ਹੋਏ) ਛੇ ਕਰਮ (ਪੜ੍ਹਨਾ, ਪੜ੍ਹਾਉਣਾ, ਜੱਗ ਕਰਨਾ, ਜੱਗ ਕਰਾਉਣਾ, ਦਾਨ ਦੇਣਾ ਤੇ ਦਾਨ ਲੈਣਾ)।ਰਤੁ ਰਹਤਾ–ਪ੍ਰੇਮੀ ਰਹਿੰਦਾ ਹੈ; ਮਗਨ ਰਹਿੰਦਾ ਹੈ।ਹਉ ਹਉ–ਮੈਂ ਮੈਂ।ਮਹਿ–ਵਿਚ।ਪਰਿਆ–ਪਿਆ ਹੈ।ਇਹ ਜੁਗਤਾ–ਇਸ ਤਰੀਕੇ ਨਾਲ।੫।ਜੋਗ ਸਿਧ–ਜੋਗ ਮੱਤ ਦੇ ਸਿੱਧ।ਏ ਭੀ–ਏਹ ਵੀ।ਕਰਿ ਕਰਿ ਰਹਿਆ–ਬਾਰ ਬਾਰ ਕਰਦਾ ਰਿਹਾ।ਆਰਜਾ–ਉਮਰ।ਫਿਰਿ ਫਿਰਿ–ਮੁੜ ਮੁੜ।ਸਿਉ–ਨਾਲ। ਸੰਗੁ–ਮੇਲ।ਨ ਗਹਿਆ–ਨਹੀਂ ਪ੍ਰਾਪਤ ਹੋਇਆ।੬।ਰਾਜ ਲੀਲਾ–ਰਾਜਿਆਂ ਦੇ ਚੋਜ ਤਮਾਸ਼ੇ (ਸ਼ਿਕਾਰ ਆਦਿ ਦੇ ਖੇਲ)।ਰਾਜਨ ਕੀ–ਰਾਜਿਆਂ ਦੀ।ਰਚਨਾ–ਠਾਠ ਬਾਠ; ਰਾਜ ਮਹਲ ਤੇ ਬਾਗ ਆਦਿ ਦੀ ਰਚਨਾ।ਹੁਕਮੁ ਅਫਾਰਾ–ਅਮੋੜ ਹੁਕਮ (ਅਜੇਹਾ ਹੁਕਮ, ਜਿਸ ਨੂੰ ਕੋਈ ਮੋੜ ਨਹੀਂ ਸਕਦਾ)।ਸੇਜ ਸੋਹਨੀ–ਸੁੰਦਰ ਪਲੰਘ।ਚੋਆ–ਅਤਰ।ਘੋਰ–ਭਿਆਨਕ।ਦੁਆਰਾ–ਦਰਵਾਜਾ।੭।ਕੀਰਤਿ–ਸਿਫਤ ਸਲਾਹ।ਸਿਰਿ–ਸ਼੍ਰੋਮਣੀ; ਸ੍ਰੇਸਟ।ਕਰਮ ਕੈ–ਧਾਰਮਕ ਕਰਮਾਂ ਦੇ।ਤਿਸੁ–ਉਸ ਨੂੰ।ਭਇਓ–ਹੋਇਆ ਹੈ।ਪੁਰਬ ਲਿਖੇ ਕਾ–ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦੇ ਲਿਖੇ ਲੇਖ ਦਾ।ਲਹਨਾ–ਪ੍ਰਾਪਤ ਹੋਣਾ।੮।ਇਹ ਰੰਗਿ–ਇਸ ਰੰਗ ਵਿਚ।ਮਾਤਾ–ਮਸਤ ਹੋਇਆ ਹੈ।ਦੀਨ–ਅਨਾਥਾਂ ਦੇ।ਭੰਜਨ–ਨਾਸ਼ ਕਰਨ ਵਾਲਾ।ਰਾਤਾ–ਰੰਗਿਆ ਗਿਆ; ਜੁੜ ਗਿਆ।ਰਹਾਉ ਦੂਜਾ।੧।੩।

ਉਥਾਨਕਾ = ਵਾਰ ਵਿਚ ਦੋ ਸੂਰਮਿਆਂ ਦੀ ਸੂਰਮਗਤੀ ਦਾ ਜਸ ਵਰਨਣ ਹੁੰਦਾ ਹੈ।ਇਸ ਸੋਰਠ ਦੀ ਵਾਰ ਵਿਚ ਬਿਬੇਕ ਤੇ ਮੋਹ ਦਾ ਅਤੇ ਮਨਮੁੱਖਾਂ ਤੇ ਗੁਰਮੁਖਾਂ ਦਾ ਮੁਕਾਬਲਾ ਹੈ।ਜਿੱਤ ਬਿਬੇਕ ਦੀ ਤੇ ਗੁਰਮੁਖਾਂ ਦੀ ਹੋਈ ਬਿਆਨ ਕੀਤੀ ਹੈ।ਇਸ ਵਾਰ ਦੀਆਂ ਸਾਰੀਆਂ ਪਉੜੀਆਂ ਸ਼੍ਰੀ ਗੁਰੂ ਰਾਮਦਾਸ ਜੀ ਦੀਆਂ ਉਚਾਰਨ ਕੀਤੀਆਂ ਹੋਈਆਂ ਹਨ।ਕੁੱਲ ਪਉੜੀਆਂ ੨੯ ਹਨ ਅਤੇ ਸਲੋਕਾਂ ਦੀ ਗਿਣਤੀ ੫੮ ਹੈ।ਮਃ ੩ ਦੇ ੪੮ ਸਲੋਕ, ਮਃ ੪ ਦੇ ੭ ਸਲੋਕ, ਮਃ ੨ ਦਾ ੧ ਸਲੋਕ ਅਤੇ ਮਃ ੧ ਦੇ ੨ ਸਲੋਕ ਹਨ।

ਰਾਗੁ ਸੋਰਠਿ ਵਾਰ ਮਹਲੇ ੪ ਕੀ

ੴ ਸਤਿਗੁਰ ਪ੍ਰਸਾਦਿ ॥ ਸਲੋਕੁ ਮਃ ੧ ॥ ਸੋਰਠਿ ਸਦਾ ਸੁਹਾਵਣੀ, ਜੇ ਸਚਾ ਮਨਿ ਹੋਇ ॥ ਦੰਦੀ ਮੈਲੁ ਨ ਕਤੁ ਮਨਿ, ਜੀਭੈ ਸਚਾ ਸੋਇ ॥ ਸਸੁਰੈ ਪੇਈਐ ਭੈ ਵਸੀ, ਸਤਿਗੁਰੁ ਸੇਵਿ ਨਿਸੰਗ ॥ ਪਰਹਰਿ ਕਪੜੁ ਜੇ ਪਿਰ ਮਿਲੈ, ਖੁਸੀ ਰਾਵੈ ਪਿਰੁ ਸੰਗਿ ॥ ਸਦਾ ਸੀਗਾਰੀ ਨਾਉ ਮਨਿ, ਕਦੇ ਨ ਮੈਲੁ ਪਤੰਗੁ ॥ ਦੇਵਰ ਜੇਠ ਮੁਏ ਦੁਖਿ, ਸਸੂ ਕਾ ਡਰੁ ਕਿਸੁ ॥ ਜੇ ਪਿਰ ਭਾਵੈ ਨਾਨਕਾ, ਕਰਮ ਮਣੀ ਸਭੁ ਸਚੁ ॥੧॥ (ਗੁਰੂ ਨਾਨਕ ਦੇਵ ਜੀ ਪਾਸ ਆ ਕੇ ਕਿਸੇ ਗਵੱਈਏ ਨੇ ਸੋਰਠਿ ਰਾਗਣੀ ਗਾਈ, ਉਸ ਨੂੰ ਗੁਰੂ ਜੀ ਸਿੱਖਿਆ ਦੇਂਦੇ ਹਨ।ਹੇ ਭਾਈ!) ਸੋਰਠ ਰਾਗਣੀ ਗਾਈ ਤਾਂ ਸੋਭਨੀਕ ਹੈ, ਜੇ ਸੱਚਾ ਪ੍ਰਭੂ ਮਨ ਵਿਚ ਵਸਿਆ ਹੋਵੇ।(ਮਨੁੱਖ ਦੇ) ਦੰਦਾਂ ਨੂੰ ਮੈਲ ਨ ਲੱਗੇ (ਹਰਾਮ ਦੀ ਚੀਜ ਖਾ ਕੇ ਮੂੰਹ ਮੈਲਾ ਨਾ ਕਰੇ), ਮਨ ਵਿਚ ਵੈਰ ਵਿਰੋਧ ਦਾ ਚੀਰ (ਤ੍ਰੇੜ) ਨਾ ਹੋਵੇ ਅਤੇ ਜੀਭ ਉਤੇ ਉਹ ਸੱਚਾ ਪ੍ਰਭੂ ਵਸਿਆ ਹੋਵੇ (ਇਹੋ ਜਿਹੇ ਜੀਵਨ ਵਾਲਾ ਰਾਗੀ ਹੋਵੇ।ਜਿਹੜੀ ਜੀਵ ਇਸਤ੍ਰੀ) ਸਹੁਰੇ ਪੇਕੇ (ਲੋਕ ਪ੍ਰਲੋਕ ਵਿਚ ਹਰ ਥਾਂ ਪ੍ਰਭੂ ਪਤੀ ਦੇ) ਭੈ ਵਿਚ ਵਸਦੀ ਹੈ ਤੇ ਨਿਝੱਕ ਹੋ ਕੇ ਸਤਿਗੁਰੂ ਦੀ ਸੇਵਾ ਕਰਦੀ ਹੈ।ਜੇ ਕੱਪੜਾ (ਬਾਹਰਲਾ ਦਿਖਾਵੇ ਦਾ ਭੇਖ) ਛਡ ਕੇ ਵੀ ਪਤੀ ਪ੍ਰਭੂ ਦਾ ਮੇਲਾ ਹੋ ਸਕੇ ਤਾਂ ਉਹ ਪਤੀ ਪ੍ਰਭੂ ਨਾਲ ਮਿਲ ਕੇ ਖੁਸ਼ੀ ਮਾਣਦੀ ਹੈ।(ਅਜੇਹੀ ਜੀਵ ਇਸਤ੍ਰੀ ਦੇ) ਮਨ ਵਿਚ ਹਰੀ ਦਾ ਨਾਮ ਹੁੰਦਾ ਹੈ, (ਜਿਸ ਕਰਕੇ ਉਹ) ਸਦਾ ਸ਼ਿੰਗਾਰੀ ਹੋਈ ਹੁੰਦੀ ਹੈ, (ਉਸ ਦੇ) ਸਰੀਰ ਨੂੰ ਕਦੇ ਪਾਪਾਂ ਦੀ ਮੈਲ ਨਹੀਂ ਲਗਦੀ।(ਉਸ ਦੇ ਕਾਮਾਦਿਕ ਵਿਕਾਰ ਰੂਪ) ਦੇਵਰ ਜੇਠ ਦੁਖੀ ਹੋ ਕੇ ਮਰ ਗਏ ਹਨ, (ਤਾਂ ਮਾਇਆ ਰੂਪ) ਸੱਸ ਦਾ ਕਿਸ ਨੂੰ ਡਰ ਰਹਿਆ ਗਿਆ ਹੈ? ਨਾਨਕ ਗੁਰੂ ਜੀ ਆਖਦੇ ਹਨ ਕਿ ਜੇ (ਜੀਵ ਇਸਤ੍ਰੀ) ਪਤੀ ਪ੍ਰਭੂ ਨੂੰ ਚੰਗੀ ਲੱਗੇ, (ਤਾਂ ਉਸ ਦੇ ਚਿਹਰੇ ਉਤੇ) ਭਾਗਾਂ ਦੀ ਮਣੀ ਹੈ ਅਤੇ (ਉਹ) ਸਭ ਗਲੋਂ ਸੱਚੀ ਹੁੰਦੀ ਹੈ (ਉਸ ਦਾ ਕੀਤਾ ਹਰੇਕ ਕਰਮ ਸੱਚਾ ਹੈ)।੧।

ਪਦਾਰਥ = ਸੋਰਠਿ–ਰਾਗਣੀ ਹੈ, ਜੋ ਅੱਧੀ ਰਾਤ ਦੇ ਸਮੇਂ ਗਾਈ ਜਾਂਦੀ ਹੈ।ਸੁਹਾਵਣੀ–ਸੋਭਨੀਕ; ਸੋਹਣੀ।ਮਨਿ–ਮਨ ਵਿਚ।ਦੰਦੀ ਮੈਲ–ਦੰਦਾਂ ਨੂੰ ਮੈਲ (ਹਰਾਮ ਦੇ ਖਾਣੇ ਦੀ ਦੰਦਾਂ ਨੂੰ ਲੱਗੀ ਮੈਲ)।ਕਤੁ–ਵੈਰ ਵਿਰੋਧ ਦਾ ਚੀਰ (ਕੱਟ; ਤ੍ਰੇੜ); ਈਰਖਾ; ਸਾੜਾ; ਕਤਰਾ ਮਾਤ੍ਰ ਵੀ।ਜੀਭੈ–ਜੀਭ ਉਤੇ।ਸਚਾ–ਸੱਚਾ ਪ੍ਰਭੂ।ਸੋਇ–ਉਹ।ਸਸੁਰੈ–ਸਹੁਰੇ ਘਰ (ਪ੍ਰਲੋਕ) ਵਿਚ।ਪੇਈਐ–ਪੇਕੇ ਘਰ (ਇਸ ਲੋਕ) ਵਿਚ ਸੇਵਿ–ਸੇਵਾ ਕਰਦੀ ਹੈ।ਨਿਸੰਗ–ਸੰਕਾ ਰਹਿਤ; ਨਿਰਭੈ ਹੋ ਕੇ।ਪਰਹਰਿ–ਛਡ ਕੇ।ਕਪੜੁ–ਬਾਹਰਲਾ ਦਿਖਾਵੇ ਦਾ ਭੇਖ; ਕਪਟ।ਪਿਰ–ਪਤੀ ਪ੍ਰਭੂ।ਰਾਵੈ–ਮਾਣਦੀ ਹੈ।ਸੰਗਿ–ਨਾਲ।ਪਤੰਗੁ–ਸਰੀਰ ਨੂੰ; ਪ੍ਰਤੀ (ਕਿਸੇ) ਅੰਗ ਨੂੰ (ਮ.ਕੋ.); ਰੰਚਕ ਮਾਤ੍ਰ।ਦੇਵਰ ਜੇਠ–(ਸੱਸ ਦੇ ਪੁਤ੍ਰ) ਕਾਮਾਦਿਕ ਵਿਕਾਰ ਰੂਪ ਦੇਵਰ ਜੇਠ।ਸਸੂ–ਮਾਇਆ ਰੂਪ ਸੱਸ।ਮੁਏ–ਮਰ ਮੁੱਕ ਗਏ।ਭਾਵੈ–ਚੰਗੀ ਲੱਗੇ।ਕਰਮ ਮਣੀ–ਭਾਗਾਂ ਦੀ ਮਣੀ (ਚੰਗੇ ਭਾਗਾਂ ਦਾ ਰਤਨ ਭਾਵ ਚੰਗੀ ਕਿਸਮਤ)।੧।

ਮਃ ੪ ॥ ਸੋਰਠਿ ਤਾਮਿ ਸੁਹਾਵਣੀ, ਜਾ ਹਰਿ ਨਾਮੁ ਢੰਢੋਲੇ ॥ ਗੁਰ ਪੁਰਖੁ ਮਨਾਵੈ ਆਪਣਾ, ਗੁਰਮਤੀ ਹਰਿ ਹਰਿ ਬੋਲੇ ॥ ਹਰਿ ਪ੍ਰੇਮਿ

ਕਸਾਈ ਦਿਨਸੁ ਰਾਤਿ, ਹਰਿ ਰਤੀ ਹਰਿ ਰੰਗਿ ਚੋਲੇ ॥ ਹਰਿ ਜੈਸਾ ਪੁਰਖੁ ਨ ਲਭਈ, ਸਭੁ ਦੇਖਿਆ ਜਗਤੁ ਮੈ ਟੋਲੇ ॥ ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ, ਮਨੁ ਅਨਤ ਨ ਕਾਹੂ ਡੋਲੇ ॥ ਜਨੁ ਨਾਨਕੁ ਹਰਿ ਕਾ ਦਾਸੁ ਹੈ, ਗੁਰ ਸਤਿਗੁਰ ਕੇ ਗੋਲ ਗੋਲੇ ॥੨॥ (ਹੇ ਭਾਈ!) ਸੋਰਠ ਰਾਗਣੀ ਗਾਈ ਹੋਈ ਤਦ ਹੀ ਸੋਭਨੀਕ ਹੈ, ਜੇ (ਰਾਗੀ ਇਸ ਦੇ ਗਾਇਆਂ ਸੁਣਿਆਂ) ਹਰੀ ਦੇ ਨਾਮ ਨੂੰ ਢੂੰਢੇ। (ਪ੍ਰਭੂ ਨੂੰ ਲੱਭਣ ਲਈ) ਅਪਣੇ ਪ੍ਰਭੂ ਸਰੂਪ ਸਤਿਗੁਰੂ ਪੁਰਖ ਨੂੰ ਪੂਜੇ ਅਤੇ ਗੁਰੂ ਦੀ ਸਿੱਖਿਆ ਲੈ ਕੇ ਹਰਿ ਦਾ ਨਾਮ ਉਚਾਰਨ ਕਰੇ। ਦਿਨ ਰਾਤ (ਜਿਸ ਜੀਵ ਇਸਤ੍ਰੀ ਨੂੰ) ਹਰੀ ਦੇ ਪ੍ਰੇਮ ਵਿਚ ਖਿੱਚ ਪਈ ਹੋਈ ਹੈ, (ਉਸ ਦੀ) ਹਿਰਦੇ ਰੂਪ ਚੋਲੀ ਹਰੀ ਦੇ ਪ੍ਰੇਮ ਰੰਗ ਵਿਚ ਰੰਗੀ ਹੋਈ ਹੈ। (ਉਹ ਆਖਦੀ ਹੈ ਕਿ) ਮੈਂ ਸਾਰੇ ਜਗਤ ਨੂੰ ਟੋਲ ਕੇ ਦੇਖ ਲਿਆ ਹੈ, ਹਰੀ ਜੈਸਾ ਪੁਰਖ ਲੱਭ ਨਹੀਂ ਸਕਦਾ। ਪੂਜਨੀਕ ਸਤਿਗੁਰੂ ਨੇ (ਮੈਨੂੰ) ਹਰੀ ਦਾ ਨਾਮ ਦ੍ਰਿੜ ਕਰਾ ਦਿਤਾ ਹੈ, (ਜਿਸ ਕਰਕੇ ਹੁਣ ਮੇਰਾ) ਮਨ ਹੋਰ ਕਿਸੇ ਪਾਸੇ ਨਹੀਂ ਡੋਲਦਾ। ਦਾਸ ਨਾਨਕ ਹਰੀ ਦਾ ਦਾਸ ਹੈ ਅਤੇ ਪੂਜਨੀਕ ਸਤਿਗੁਰੂ ਦੇ ਦਾਸਾਂ ਦਾ ਦਾਸ ਹੈ।੨।

ਪਦਾਰਥ = ਤਾਮਿ-ਤਦੋਂ। ਸੁਹਾਵਣੀ-ਸੋਭਨੀਕ; ਸੋਹਣੀ। ਜਾ-ਜੇ। ਢੰਢੋਲੇ-ਢੂੰਢੇ (ਖੋਜ ਕਰੇ)। ਗੁਰ ਪੁਰਖੁ-ਪ੍ਰਭੂ ਰੂਪ ਸਤਿਗੁਰੂ ਨੂੰ। ਮਨਾਵੈ-ਪੂਜੇ; ਪ੍ਰਸੰਨ ਕਰੇ। ਗੁਰਮਤੀ-ਗੁਰੂ ਦੀ ਸਿੱਖਿਆ ਲੈ ਕੇ। ਬੋਲੇ-ਉਚਾਰਨ ਕਰੇ। ਪ੍ਰੇਮਿ ਕਸਾਈ-ਪ੍ਰੇਮ ਵਿਚ ਖਿੱਚੀ ਹੋਈ। ਰਤੀ -ਰੰਗੀ ਹੋਈ ਹੈ। ਹਰਿ ਰੰਗਿ-ਹਰੀ ਦੇ ਪ੍ਰੇਮ ਵਿਚ। ਚੋਲੇ-ਹਿਰਦੇ ਰੂਪ ਚੋਲੀ (ਇਸਤ੍ਰੀਆਂ ਦੀ ਛਾਤੀ ਢਕਣ ਵਾਲੀ ਕੁੜਤੀ; ਅੰਗੀ)। ਪੁਰਖੁ-ਅਕਾਲ ਪੁਰਖ। ਟੋਲੇ-ਟੋਲ ਕੇ। ਗੁਰਿ ਸਤਿਗੁਰਿ-ਪੂਜਨੀਕ ਸਤਿਗੁਰੂ ਨੇ। ਦ੍ਰਿੜਾਇਆ-ਦ੍ਰਿੜ ਕਰਾ ਦਿਤਾ। ਅਨਤ ਕਾਹੂ-ਕਿਸੇ ਹੋਰ ਪਾਸੇ। ਜਨੁ ਨਾਨਕੁ-ਦਾਸ ਨਾਨਕ। ਕੇ-ਦੇ। ਗੋਲ ਗੋਲੇ-ਦਾਸਾਂ ਦਾ ਦਾਸ।੨।

ਪਉੜੀ ॥ ਤੂ ਆਪੇ ਸਿਸਟਿ ਕਰਤਾ, ਸਿਰਜਣਹਾਰਿਆ ॥ ਤੁਧੁ ਆਪੇ ਖੇਲੁ ਰਚਾਇ, ਤੁਧੁ ਆਪਿ ਸਵਾਰਿਆ ॥ ਦਾਤਾ ਕਰਤਾ ਆਪਿ, ਆਪਿ ਭੋਗਣਹਾਰਿਆ ॥ ਸਭੁ ਤੇਰਾ ਸਬਦੁ ਵਰਤੈ, ਉਪਾਵਣਹਾਰਿਆ ॥ ਹਉ ਗੁਰਮੁਖਿ ਸਦਾ ਸਲਾਹੀ, ਗੁਰ ਕਉ ਵਾਰਿਆ ॥੧॥ ਹੇ ਸਿਰਜਨਹਾਰ ਪ੍ਰਭੂ! ਤੂੰ ਆਪੇ ਸ੍ਰਿਸਟੀ ਨੂੰ ਪੈਦਾ ਕਰਨ ਵਾਲਾ ਹੈਂ। ਤੂੰ ਆਪ ਹੀ (ਦੁਨੀਆਂ ਦਾ) ਖੇਲ ਰਚਾਇਆ ਹੈ ਅਤੇ ਤੈਂ ਆਪ ਹੀ (ਇਸ ਨੂੰ) ਸਵਾਰਿਆ ਹੈ। ਆਪ ਹੀ (ਤੂੰ ਸਭ ਨੂੰ) ਪੈਦਾ ਕਰਨ ਵਾਲਾ ਹੈਂ, ਆਪ ਹੀ (ਤੂੰ ਸਭ ਦਾ) ਦਾਤਾ ਹੈਂ ਅਤੇ (ਤੂੰ ਦਾਤਾਂ ਨੂੰ) ਭੋਗਣਵਾਲਾ ਵੀ ਆਪ ਹੀ ਹੈਂ। ਹੇ (ਸਭ ਨੂੰ) ਪੈਦਾ ਕਰਨ ਵਾਲੇ ਪ੍ਰਭੂ! ਸਭ ਜਗ੍ਹਾ ਤੇਰਾ ਹੁਕਮ ਵਰਤਦਾ ਹੈ। ਮੈਂ ਗੁਰੂ ਦੁਆਰਾ ਸਦਾ ਤੈਨੂੰ ਸਲਾਹੁੰਦਾ ਹਾਂ ਅਤੇ ਗੁਰੂ ਤੋਂ ਸਦਾ ਕੁਰਬਾਨ ਜਾਂਦਾ ਹਾਂ।੧।

ਪਦਾਰਥ = ਸਿਸਟਿ-ਸ੍ਰਿਸਟੀ। ਕਰਤਾ-ਪੈਦਾ ਕਰਨ ਵਾਲਾ ਪ੍ਰਭੂ। ਸਿਰਜਣਹਾਰਿਆ-ਹੇ (ਦੁਨੀਆਂ ਦੀ) ਰਚਨਾ ਕਰਨ ਵਾਲੇ ਪ੍ਰਭੂ!। ਤੁਧੁ-ਤੂੰ। ਸਵਾਰਿਆ-ਸੋਹਣਾ ਬਣਾਇਆ। ਭੋਗਣਹਾਰਿਆ-ਭੋਗਣ (ਖਾਣ) ਵਾਲਾ। ਸਬਦੁ-ਹੁਕਮ। ਉਪਾਵਣਹਾਰਿਆ-ਹੇ ਪੈਦਾ ਕਰਨ ਵਾਲੇ ਪ੍ਰਭੂ!। ਹਉ-ਮੈਂ। ਗੁਰਮੁਖਿ-ਗੁਰੂ ਰਾਹੀਂ। ਗੁਰ ਕਉ-ਗੁਰੂ ਤੋਂ। ਵਾਰਿਆ-ਕੁਰਬਾਨ ਜਾਂਦਾ ਹਾਂ।੧।

ਅੰਗ ੬੪੩ = ਸਲੋਕੁ ਮਃ ੩ ॥ ਹਉਮੈ ਜਲਤੇ ਜਲਿ ਮੁਏ, ਭ੍ਰਮਿ ਆਏ ਦੂਜੈ ਭਾਇ ॥ ਪੂਰੈ ਸਤਿਗੁਰਿ ਰਾਖਿ ਲੀਏ, ਆਪਣੈ ਪੰਨੈ ਪਾਇ ॥ ਇਹੁ ਜਗੁ ਜਲਤਾ ਨਦਰੀ ਆਇਆ, ਗੁਰ ਕੈ ਸਬਦਿ ਸੁਭਾਇ ॥ ਸਬਦਿ ਰਤੇ ਸੇ ਸੀਤਲ ਭਏ, ਨਾਨਕ ਸਚੁ ਕਮਾਇ ॥੧॥ (ਹੇ ਭਾਈ! ਜੀਵ) ਹਉਮੈ ਦੀ ਅੱਗ ਵਿਚ ਸੜਦੇ ਹੋਏ ਸੜ ਕੇ ਮਰ ਗਏ ਸਨ ਤੇ ਦ੍ਵੈਤ ਭਾਵ (ਮਾਇਆ ਦੇ ਮੋਹ ਕਰਕੇ ਅਨੇਕਾਂ ਜੋਨੀਆਂ) ਵਿਚ ਭਟਕਦੇ ਹੋਏ (ਇਸ ਮਨੁੱਖਾ ਜਨਮ ਵਿਚ) ਆਏ ਹਨ। (ਇਨ੍ਹਾਂ ਵਿਚੋਂ ਜਿਹੜੇ ਮਨੁੱਖ ਗੁਰੂ ਦੀ ਸ਼ਰਣ ਵਿਚ ਆ ਗਏ ਹਨ, ਉਹ) ਪੂਰੇ ਸਤਿਗੁਰੂ ਨੇ ਅਪਣੇ ਵਹੀ ਖਾਤੇ ਵਿਚ ਪਾ ਕੇ ਰੱਖ ਲਏ ਹਨ (ਅਪਣੇ ਬਣਾ ਲਏ ਹਨ)। ਗੁਰੂ ਦੇ ਸ਼ਬਦ ਦੁਆਰਾ ਅਤੇ ਸ੍ਰੇਸਟ ਭਾਵਨਾ ਕਰਕੇ (ਉਨ੍ਹਾਂ ਨੂੰ) ਇਹ ਜਗਤ ਹਉਮੈ ਦੀ ਅੱਗ ਵਿਚ ਸੜਦਾ ਨਜਰ ਆਇਆ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਜੋ ਮਨੁੱਖ) ਗੁਰੂ ਦੇ ਸ਼ਬਦ ਵਿਚ ਜੁੜੇ ਹਨ, ਉਹ ਸਚੇ ਨਾਮ ਦੀ ਕਮਾਈ ਕਰਕੇ ਸ਼ਾਂਤ ਚਿਤ ਹੋ ਗਏ ਹਨ।੧।

ਪਦਾਰਥ = ਜਲਤੇ-ਸੜਦੇ ਹੋਏ। ਜਲਿ ਮੁਏ-ਸੜ ਕੇ ਮਰ ਗਏ ਸਨ। ਭ੍ਰਮਿ ਆਏ-ਭਟਕਦੇ ਹੋਏ (ਮਨੁੱਖਾਂ ਜਨਮ ਵਿਚ) ਆਏ ਹਨ (ਫ.ਸ.)। ਪੂਰੈ ਸਤਿਗੁਰਿ-ਪੂਰੇ ਸਤਿਗੁਰੂ ਨੇ। ਪੰਨੈ ਪਾਇ-ਵਹੀ ਖਾਤੇ ਵਿਚ ਪਾ ਕੇ (ਇਤਬਾਰ ਕਰਕੇ ਅਪਣੇ ਵਹੀ ਖਾਤੇ ਵਿਚ ਹਿਸਾਬ ਖੋਲ੍ਹਣਾ); ਅਪਣੇ ਬਣਾ ਕੇ। ਸਬਦਿ-ਸ਼ਬਦ ਦੁਆਰਾ। ਸੁਭਾਇ-ਸ੍ਰੇਸਟ ਭਾਵਨਾ ਕਰਕੇ; ਸੁਭਾਵਕ ਹੀ। ਰਤੇ-ਜੁੜੇ ਹਨ। ਸੇ-ਉਹ। ਸੀਤਲ ਭਏ-ਸ਼ਾਂਤ ਚਿਤ ਹੋ ਗਏ। ਸਚੁ ਕਮਾਇ-ਸੱਚ ਨੂੰ ਕਮਾ (ਸੱਚੇ ਨਾਮ ਦੀ ਕਮਾਈ ਕਰ) ਕੇ।੧।

ਮਃ ੩ ॥ ਸਫਲਿਓ ਸਤਿਗੁਰੁ ਸੇਵਿਆ, ਧੰਨੁ ਜਨਮੁ ਪਰਵਾਣੁ ॥ ਜਿਨਾ ਸਤਿਗੁਰੁ ਜੀਵਦਿਆ ਮੁਇਆ ਨ ਵਿਸਰੈ, ਸੇਈ ਪੁਰਖ ਸੁਜਾਣ ॥ ਕੁਲੁ ਉਧਾਰੇ ਆਪਣਾ, ਸੋ ਜਨੁ ਹੋਵੈ ਪਰਵਾਣੁ ॥ ਗੁਰਮੁਖਿ ਮੁਏ ਜੀਵਦੇ ਪਰਵਾਣੁ ਹਹਿ, ਮਨਮੁਖ ਜਨਮਿ ਮਰਾਹਿ ॥ ਨਾਨਕ ਮੁਏ ਨ ਆਖੀਅਹਿ, ਜਿ ਗੁਰ ਕੈ ਸਬਦਿ ਸਮਾਹਿ ॥੨॥ (ਜਿਨ੍ਹਾਂ ਪੁਰਖਾਂ ਨੇ ਸਭ) ਫਲ ਦੇਣ ਵਾਲੇ ਸਤਿਗੁਰੂ ਨੂੰ ਸੇਵਿਆ ਹੈ,

ਉਨ੍ਹਾਂ ਦਾ ਮਨੁੱਖਾ ਜਨਮ ਧੰਨ ਹੈ ਅਤੇ (ਉਹ ਜਗਤ ਵਿਚ ਆਏ) ਪ੍ਰਵਾਨ ਹਨ। ਜਿਨ੍ਹਾਂ ਨੂੰ ਜਿਉਂਦਿਆਂ ਤੇ ਮਰਨ ਸਮੇਂ ਸਤਿਗੁਰੂ ਨਹੀਂ ਭੁਲਦਾ, ਉਹ ਹੀ ਪੁਰਖ ਸਿਆਣੇ ਹਨ। (ਨਾਮ ਜਪਣ ਵਾਲਾ) ਉਹ ਪੁਰਖ (ਰੱਬੀ ਦਰਬਾਰ ਵਿਚ) ਪ੍ਰਵਾਨ ਹੁੰਦਾ ਹੈ ਅਤੇ ਅਪਣੀ ਕੁਲ ਨੂੰ ਵੀ (ਭਵਜਲ ਤੋਂ) ਤਾਰ ਲੈਂਦਾ ਹੈ। ਗੁਰਮੁਖ ਮਰੇ ਹੋਏ ਤੇ ਜਿਉਂਦੇ ਹੋਏ (ਦੋਹਾਂ ਹਾਲਤਾਂ ਵਿਚ) ਪ੍ਰਵਾਨ ਹਨ, ਪਰ ਮਨਮੁਖ ਜੰਮਦੇ ਮਰਦੇ ਰਹਿੰਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਹੜੇ ਪੁਰਖ ਗੁਰੂ ਦੇ ਸ਼ਬਦ ਵਿਚ ਲੀਨ ਹੁੰਦੇ ਹਨ; ਗੁਰੂ ਦੇ ਸ਼ਬਦ ਦੁਆਰਾ ਹਰੀ ਵਿਚ ਸਮਾ ਜਾਂਦੇ ਹਨ (ਸ਼ਬਦਾਰਥ), ਉਹ ਮਰੇ ਹੋਏ ਨਹੀਂ ਆਖੇ ਜਾਂਦੇ (ਉਹ ਅਮਰ ਹਨ)।੨।

ਪਦਾਰਥ = ਸਫਲਿਓ–ਸਭ ਫਲ ਦੇਣ ਵਾਲਾ। ਨ ਵਿਸਰੈ–ਨਹੀਂ ਭੁਲਦਾ। ਸੇਈ–ਉਹ ਹੀ। ਸੁਜਾਣ–ਸਿਆਣੇ (ਸਮਝਦਾਰ)। ਕੁਲੁ–ਖਾਨ ਦਾਨ। ਉਧਾਰੇ–ਲੈਂਦਾ ਹੈ। ਸੋ ਜਨੁ–ਉਹ ਪੁਰਖ। ਹਹਿ–ਹਨ। ਜਿ–ਜਿਹੜੇ। ਸਬਦਿ ਸਮਾਹਿ–ਸ਼ਬਦ ਵਿਚ ਸਮਾ ਜਾਂਦੇ ਹਨ।੨।

ਪਉੜੀ ॥ ਹਰਿ ਪੁਰਖੁ ਨਿਰੰਜਨੁ ਸੇਵਿ, ਹਰਿ ਨਾਮੁ ਧਿਆਈਐ ॥ ਸਤਸੰਗਤਿ ਸਾਧੂ ਲਗਿ, ਹਰਿ ਨਾਮਿ ਸਮਾਈਐ ॥ ਹਰਿ ਤੇਰੀ ਵਡੀ ਕਾਰ, ਮੈ ਮੂਰਖ ਲਾਈਐ ॥ ਹਉ ਗੋਲਾ ਲਾਲਾ ਤੁਧੁ ,ਮੈ ਹੁਕਮੁ ਫੁਰਮਾਈਐ ॥ ਹਉ ਗੁਰਮੁਖਿ ਕਾਰ ਕਮਾਵਾ, ਜਿ ਗੁਰਿ ਸਮਝਾਈਐ ॥੨॥ (ਹੇ ਭਾਈ!) ਮਾਇਆ ਤੋਂ ਨਿਰਲੇਪ ਤੇ ਸਰਬ ਵਿਆਪਕ ਹਰੀ ਨੂੰ ਸੇਵ ਕੇ ਹਰੀ ਦੇ ਨਾਮ ਨੂੰ ਸਿਮਰਨਾ ਚਾਹੀਦਾ ਹੈ। ਸਾਧੂਆਂ ਦੀ ਸਤਸੰਗਤ ਵਿਚ ਲਗ ਕੇ ਹਰੀ ਦੇ ਨਾਮ ਵਿਚ ਸਮਾ ਜਾਈਦਾ ਹੈ। ਹੇ ਹਰੀ! ਤੇਰੀ ਸੇਵਾ ਬੜੀ ਉਤਮ ਹੈ, ਮੈਨੂੰ ਮੂਰਖ ਨੂੰ (ਇਸ ਸੇਵਾ ਵਿਚ) ਲਗਾ ਦਿਓ। ਮੈਂ ਤੇਰਾ ਗੁਲਾਮ ਸੇਵਕ ਹਾਂ, (ਸੇਵਾ ਲਈ ਮੈਨੂੰ) ਹੁਕਮ ਫੁਰਮਾਓ। ਮੈਂ ਗੁਰੂ ਦੁਆਰਾ ਕਾਰ (ਸੇਵਾ) ਕਮਾਵਾਂ, ਜਿਹੜੀ ਮੈਨੂੰ ਗੁਰੂ ਨੇ ਸਮਝਾਈ ਹੈ।੨।

ਪਦਾਰਥ = ਨਿਰੰਜਨੁ–ਮਾਇਆ ਤੋਂ ਨਿਰਲੇਪ। ਹਰਿ ਪੁਰਖ–ਵਿਆਪਕ ਪ੍ਰਭੂ। ਸੇਵਿ–ਸੇਵ (ਸਿਮਰ) ਕੇ। ਨਾਮਿ ਸਮਾਈਐ–ਨਾਮ ਵਿਚ ਸਮਾ ਜਾਈਦਾ ਹੈ। ਕਾਰ–ਸੇਵਾ ਭਗਤੀ। ਮੈ–ਮੈਨੂੰ। ਹਉ–ਮੈਂ। ਗੋਲਾ ਲਾਲਾ–ਗੁਲਾਮ ਸੇਵਕ; ਦਾਸਾਂ ਦਾ ਦਾਸ। ਤੁਧੁ–ਤੇਰਾ। ਕਾਰ ਕਮਾਵਾ –ਸੇਵਾ ਕਰਾਂ। ਜਿ–ਜਿਹੜੀ। ਗੁਰਿ–ਗੁਰੂ ਨੇ।੨।

ਸਲੋਕੁ ਮਃ ੩ ॥ ਪੂਰਬਿ ਲਿਖਿਆ ਕਮਾਵਣਾ, ਜਿ ਕਰਤੈ ਆਪਿ ਲਿਖਿਆਸੁ ॥ ਮੋਹ ਠਗਉਲੀ ਪਾਈਅਨੁ ,ਵਿਸਰਿਆ ਗੁਣਤਾਸੁ ॥ ,ਮਤੁ ਜਾਣਹੁ ਜਗੁ ਜੀਵਦਾ, ਦੂਜੈ ਭਾਇ ਮੁਇਆਸੁ ॥ ਜਿਨੀ ਗੁਰਮੁਖਿ ਨਾਮੁ ਨ ਚੇਤਿਓ, ਸੇ ਬਹਣਿ ਨ ਮਿਲਨੀ ਪਾਸਿ ॥ ਦੁਖੁ ਲਾਗਾ ਬਹੁ ਅਤਿ ਘਣਾ, ਪੁਤੁ ਕਲਤੁ ਨ ਸਾਥਿ ਕੋਈ ਜਾਸਿ ॥ ਲੋਕਾ ਵਿਚਿ ਮੁਹੁ ਕਾਲਾ ਹੋਆ, ਅੰਦਰਿ ਉਭੇ ਸਾਸ ॥ ਮਨਮੁਖਾ ਨੋ ਕੋ ਨ ਵਿਸਹੀ, ਚੁਕਿ ਗਇਆ ਵੇਸਾਸੁ ॥ ਨਾਨਕ ਗੁਰਮੁਖਾ ਨੋ ਸੁਖੁ ਅਗਲਾ, ਜਿਨਾ ਅੰਤਰਿ ਨਾਮ ਨਿਵਾਸੁ ॥੧॥ (ਹੇ ਭਾਈ! ਅਸੀਂ ਜੀਵਾਂ ਨੇ) ਪਹਿਲਾਂ ਤੋਂ ਲਿਖੇ ਕਰਮਾਂ ਅਨੁਸਾਰ ਕੰਮ ਕਰਨਾ ਹੁੰਦਾ ਹੈ, ਜਿਹੜਾ ਲੇਖ ਕਰਤਾਰ ਨੇ ਆਪ ਲਿਖ ਦਿਤਾ ਹੈ। ਉਸ ਪ੍ਰਭੂ ਨੇ (ਆਪ ਹੀ ਜੀਵਾਂ ਨੂੰ ਬੇਹੋਸ਼ ਕਰਨ ਵਾਲੀ) ਮੋਹ ਦੀ ਠਗਬੂਟੀ ਪਾਈ ਹੋਈ ਹੈ, (ਜਿਸ ਕਰਕੇ ਜੀਵਾਂ ਨੂੰ) ਗੁਣਾਂ ਦਾ ਖਜਾਨਾ ਪ੍ਰਭੂ ਭੁੱਲਿਆ ਹੋਇਆ ਹੈ। (ਹੇ ਭਾਈ! ਤੁਸੀਂ) ਜਗਤ ਨੂੰ ਜਿਉਂਦਾ ਨਾ ਸਮਝੋ, (ਇਹ ਤਾਂ) ਦ੍ਵੈਤ ਭਾਵ ਵਿਚ ਮਰਿਆ ਪਿਆ ਹੈ। ਜਿਨ੍ਹਾਂ ਮਨੁੱਖਾਂ ਨੇ ਗੁਰੂ ਦੀ ਸ਼ਰਨ ਵਿਚ ਪੈ ਕੇ ਹਰੀ ਦੇ ਨਾਮ ਨੂੰ ਨਹੀਂ ਸਿਮਰਿਆ, ਉਨ੍ਹਾਂ ਨੂੰ ਹਰੀ ਦੇ ਪਾਸ ਬੈਠਣਾ ਨਹੀਂ ਮਿਲਦਾ। (ਉਨ੍ਹਾਂ ਨੂੰ) ਬਹੁਤ ਜਿਆਦਾ ਦੁਖ ਲੱਗ ਗਿਆ ਹੈ, (ਅੱਗੇ ਪ੍ਰਲੋਕ ਵਿਚ ਸਹਾਇਤਾ ਕਰਨ ਲਈ) ਕੋਈ ਪੁਤ੍ਰ ਜਾਂ ਇਸਤ੍ਰੀ ਨਾਲ ਨਹੀਂ ਜਾਵੇਗਾ। (ਮਾੜੇ ਕਰਮਾਂ ਦੇ ਕਾਰਣ ਉਨ੍ਹਾਂ ਦਾ) ਮੂੰਹ ਲੋਕਾਂ ਵਿਚ ਕਾਲਾ ਹੋਇਆ ਹੈ ਅਤੇ ਘਰ ਦੇ ਅੰਦਰ ਆਇਆਂ ਚਿੰਤਾ ਵਿਚ ਹਉਕੇ ਲੈਂਦਾ ਹੈ। ਮਨਮੁਖਾਂ ਦੇ ਤਾਈਂ ਕੋਈ ਵੀ ਵਿਸਾਹ ਨਹੀਂ ਕਰਦਾ, (ਮਨਮੁਖਾਂ ਉਤੇ ਲੋਕਾਂ ਦਾ) ਵਿਸ਼ਵਾਸ ਉਠ ਗਿਆ। ਨਾਨਕ ਗੁਰੂ ਜੀ ਆਖਦੇ ਹਨ ਕਿ ਉਨ੍ਹਾਂ ਗੁਰਮੁਖਾ ਨੂੰ ਬਹੁਤ ਸੁਖ ਹੁੰਦਾ ਹੈ, ਜਿਨ੍ਹਾਂ ਦੇ ਹਿਰਦੇ ਅੰਦਰ ਨਾਮ ਦਾ ਨਿਵਾਸ ਹੈ।੧।

ਪਦਾਰਥ = ਪੂਰਬਿ ਲਿਖਿਆ–ਪਹਿਲਾਂ ਤੋਂ ਲਿਖਿਆ (ਪ੍ਰਾਲਬਧ ਲੇਖ)। ਜਿ–ਜਿਹੜਾ। ਕਰਤੈ–ਕਰਤਾਰ ਨੇ। ਲਿਖਿਆਸੁ–ਲਿਖ ਦਿਤਾ ਹੈ। ਠਗਉਲੀ–ਨਸ਼ੇ ਵਾਲੀ ਬੂਟੀ, ਜਿਸ ਨਾਲ ਠਗ ਕਿਸੇ ਨੂੰ ਬੇਹੋਸ਼ ਕਰਕੇ ਲੁੱਟਦਾ ਹੈ। ਪਾਈਅਨੁ–ਉਸ ਨੇ ਪਾਈ ਹੈ। ਵਿਸਰਿਆ–ਭੁਲਿਆ ਹੈ। ਗੁਣਤਾਸੁ–ਗੁਣਾਂ ਦਾ ਖਜਾਨਾ ਪ੍ਰਭੂ। ਮਤੁ ਜਾਣਹੁ–ਨਾ ਸਮਝੋ। ਦੂਜੈ ਭਾਇ–ਦ੍ਵੈਤ ਭਾਵ ਵਿਚ। ਮੁਇਆਸੁ–ਮਰਿਆ ਪਿਆ ਹੈ। ਜਿਨੀ–ਜਿਨ੍ਹਾਂ ਨੇ। ਨ ਚੇਤਿਓ–ਨਹੀਂ ਸਿਮਰਿਆ। ਸੇ–ਉਹ (ਉਨ੍ਹਾਂ ਨੂੰ)। ਬਹੁ ਅਤਿ ਘਣਾ–ਬਹੁਤ ਜਿਆਦਾ। ਕਲਤੁ–ਇਸਤ੍ਰੀ। ਨ ਜਾਸਿ–ਨਹੀਂ ਜਾਵੇਗਾ। ਉਭੇ ਸਾਸ–(ਦੁਖ ਤੇ ਚਿੰਤਾ ਵਿਚ) ਹਾਉਕੇ ਲੈਂਦੇ ਹਨ। ਨੋ–ਨੂੰ; ਤਾਈਂ (ਪ੍ਰਤੀ)। ਕੋ–ਕੋਈ। ਨ ਵਿਸਹੀ–ਵਿਸਾਹ ਨਹੀਂ ਕਰਦਾ। ਚੁਕਿ ਗਇਆ–ਉਠ ਗਿਆ। ਵੇਸਾਸੁ–ਵਿਸਵਾਸ। ਅਗਲਾ–ਬਹੁਤ। ਅੰਤਰਿ–ਹਿਰਦੇ ਅੰਦਰ।੧।

ਮਃ ੩ ॥ ਸੇ ਸੈਣ ਸੇ ਸਜਣਾ, ਜਿ ਗੁਰਮੁਖਿ ਮਿਲਹਿ ਸੁਭਾਇ ॥ ਸਤਿਗੁਰ ਕਾ ਭਾਣਾ ਅਨਦਿਨੁ ਕਰਹਿ, ਸੇ ਸਚਿ ਰਹੇ ਸਮਾਇ ॥ ਦੂਜੈ ਭਾਇ ਲਗੇ ਸਜਣ ਨ ਆਖੀਅਹਿ, ਜਿ ਅਭਿਮਾਨੁ ਕਰਹਿ ਵੇਕਾਰ ॥ ਮਨਮੁਖ ਆਪ ਸੁਆਰਥੀ, ਕਾਰਜੁ ਨ ਸਕਹਿ ਸਵਾਰਿ ॥

ਨਾਨਕ ਪੂਰਬਿ ਲਿਖਿਆ ਕਮਾਵਣਾ, ਕੋਇ ਨ ਮੇਟਣਹਾਰੁ ॥੨॥ (ਹੇ ਭਾਈ!) ਉਹ ਰਿਸਤੇਦਾਰ ਤੇ ਉਹ ਸੱਜਨ ਮਿਤ੍ਰ ਹਨ, ਜਿਹੜੇ ਗੁਰਮੁਖ ਬਣ ਕੇ ਚੰਗੇ ਪ੍ਰੇਮ ਨਾਲ ਮਿਲਦੇ ਹਨ। ਉਹ ਦਿਨ ਰਾਤ ਸਤਿਗੁਰੂ ਦੇ ਹੁਕਮ ਵਿਚ ਚਲਦੇ ਹਨ ਅਤੇ ਉਹ ਸੱਚੇ ਪ੍ਰਭੂ ਵਿਚ ਲੀਨੇ ਰਹਿੰਦੇ ਹਨ। ਜਿਹੜੇ ਬਿਅਰਥ ਅਭਿਮਾਨ ਕਰਦੇ ਹਨ ਅਤੇ ਦ੍ਵੈਤ ਭਾਵ ਵਿਚ ਲੱਗੇ ਹੋਏ ਹਨ, ਉਹ ਚੰਗੇ ਮਨੁੱਖ ਨਹੀਂ ਆਖੇ ਜਾਂਦੇ। ਮਨਮੁਖ ਆਪ ਸੁਆਰਥੀ ਹਨ, (ਉਹ ਅਪਣਾ ਜਾਂ ਕਿਸੇ ਦਾ ਕੋਈ) ਕੰਮ ਨਹੀਂ ਸੁਆਰ ਸਕਦੇ। ਨਾਨਕ ਗੁਰੂ ਜੀ ਆਖਦੇ ਹਨ ਕਿ (ਹਰੇਕ ਜੀਵ ਨੂੰ) ਧੁਰ ਤੋਂ ਲਿਖੇ ਲੇਖ ਅਨੁਸਾਰ ਕਰਮ ਕਮਾਉਣਾ ਪੈਂਦਾ ਹੈ, (ਜਿਸ ਨੂੰ) ਕੋਈ ਵੀ ਮਿਟਾਉਣ ਵਾਲਾ ਨਹੀਂ ਹੈ।੨।

ਪਦਾਰਥ = ਸੇ–ਉਹ। ਸੈਣ–ਰਿਸ਼ਤੇਦਾਰ; ਸਾਥੀ। ਸਜਣਾ–ਮਿਤ੍ਰ; ਚੰਗੇ ਮਨੁੱਖ। ਜਿ–ਜਿਹੜੇ। ਗੁਰਮੁਖਿ–ਸਤਿਗੁਰੂ ਦੇ ਸਨਮੁਖ ਰਹਿਣ ਵਾਲੇ ਪੁਰਖ। ਸੁਭਾਇ–ਚੰਗੇ ਪ੍ਰੇਮ ਭਾਵ ਨਾਲ। ਭਾਣਾ–ਹੁਕਮ। ਅਨਦਿਨੁ–ਹਰ ਰੋਜ। ਸਚਿ–ਸੱਚੇ ਹਰੀ ਵਿਚ। ਰਹੇ ਸਮਾਇ–ਲੀਨ ਰਹਿੰਦੇ ਹਨ। ਦੂਜੈ ਭਾਇ–ਕਿਸੇ ਦੂਜੇ ਦੇ ਪਿਆਰ ਵਿਚ। ਸੁਆਰਥੀ–ਮਤਲਬੀ। ਕਾਰਜੁ–ਕੰਮ। ਵੇਕਾਰ–ਬਿਅਰਥ। ਪੂਰਬਿ ਲਿਖਿਆ–ਧੁਰ ਤੋਂ ਲਿਖਿਆ ਹੋਇਆ ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਦਾ (ਪ੍ਰਾਲਬਧ) ਲੇਖ। ਕਮਾਵਣਾ–ਕਰਨਾ ਪੈਂਦਾ ਹੈ।੨।

ਪਉੜੀ ॥ ਤੁਧੁ ਆਪੇ ਜਗਤੁ ਉਪਾਇ ਕੈ, ਆਪਿ ਖੇਲੁ ਰਚਾਇਆ ॥ ਤ੍ਰੈ ਗੁਣ ਆਪਿ ਸਿਰਜਿਆ, ਮਾਇਆ ਮੋਹੁ ਵਧਾਇਆ ॥ ਵਿਚਿ ਹਉਮੈ ਲੇਖਾ ਮੰਗੀਐ, ਫਿਰਿ ਆਵੈ ਜਾਇਆ ॥ ਜਿਨਾ ਹਰਿ ਆਪਿ ਕ੍ਰਿਪਾ ਕਰੇ, ਸੇ ਗੁਰਿ ਸਮਝਾਇਆ ॥ ਬਲਿਹਾਰੀ ਗੁਰ ਆਪਣੇ, ਸਦਾ ਸਦਾ ਘੁਮਾਇਆ ॥੩॥ (ਹੇ ਪ੍ਰਭੂ!) ਤੂੰ ਆਪੇ ਜਗਤ ਨੂੰ ਪੈਦਾ ਕਰਕੇ ਆਪ ਹੀ ਇਹ ਖੇਲ ਬਣਾਇਆ ਹੈ। (ਮਾਇਆ ਦੇ) ਤਿੰਨ ਗੁਣ ਵੀ ਤੈਂ ਆਪ ਹੀ ਬਣਾਏ ਹਨ ਅਤੇ (ਆਪ ਹੀ ਜਗਤ ਵਿਚ) ਮਾਇਆ ਦਾ ਮੋਹ ਵਧਾ ਦਿਤਾ ਹੈ। ਹਉਮੈ ਵਿਚ ਰਹਿਣ ਵਾਲੇ ਜੀਵ ਪਾਸੋਂ (ਕੀਤੇ ਕਰਮਾਂ ਦਾ ਦਰਗਾਹ ਵਿਚ) ਹਿਸਾਬ ਮੰਗਿਆ ਜਾਂਦਾ ਹੈ, (ਕਰਮਾਂ ਦੇ ਹਿਸਾਬ ਅਨੁਸਾਰ ਉਹ) ਮੁੜ ਆਉਂਦਾ ਜਾਂਦਾ (ਜੰਮਦਾ ਮਰਦਾ) ਰਹਿੰਦਾ ਹੈ। ਜਿਨ੍ਹਾਂ ਜੀਵਾਂ ਉਤੇ ਹਰੀ ਆਪ ਕ੍ਰਿਪਾ ਕਰਦਾ ਹੈ, ਉਨ੍ਹਾਂ ਨੂੰ ਗੁਰੂ ਨੇ ਸਮਝਾਇਆ ਹੈ (ਗਿਆਨ ਦੀ ਬਖਸ਼ਿਸ਼ ਕੀਤੀ ਹੈ)। ਮੈਂ ਅਪਣੇ ਗੁਰੂ ਤੋਂ ਬਲਹਾਰ ਜਾਂਦਾ ਹਾਂ, (ਮਨ ਬਾਣੀ ਕਰਕੇ) ਸਦਾ ਸਦਾ ਕੁਰਬਾਨ ਜਾਂਦਾ ਹਾਂ।੩।

ਪਦਾਰਥ = ਤੁਧੁ–ਤੂੰ। ਉਪਾਇ ਕੈ–ਪੈਦਾ ਕਰਕੇ। ਰਚਾਇਆ–ਬਣਾਇਆ। ਤ੍ਰੈ ਗੁਣ–(ਮਾਇਆ ਦੇ ਰਜੋ, ਸਤੋ ਤੇ ਤਮੋ) ਤਿੰਨ ਗੁਣ। ਸਿਰਜਿਆ–ਬਣਾਏ ਹਨ। ਲੇਖਾ–ਕੀਤੇ ਕਰਮਾਂ ਦਾ ਹਿਸਾਬ। ਫਿਰਿ–ਮੁੜ ਮੁੜ ਕੇ। ਆਵੈ ਜਾਇਆ–ਆਉਂਦਾ ਜਾਂਦਾ (ਜੰਮਦਾ ਮਰਦਾ) ਹੈ। ਜਿਨਾ–ਜਿਨ੍ਹਾਂ ਉਤੇ। ਸੇ–ਉਨ੍ਹਾਂ ਨੂੰ। ਗੁਰਿ–ਗੁਰੂ ਨੇ।੩।

ਸਲੋਕੁ ਮਃ ੩ ॥ ਮਾਇਆ ਮਮਤਾ ਮੋਹਣੀ, ਜਿਨਿ ਵਿਣੁ ਦੰਤਾ ਜਗੁ ਖਾਇਆ ॥ ਮਨਮੁਖ ਖਾਧੇ ਗੁਰਮੁਖਿ ਉਬਰੇ, ਜਿਨੀ ਸਚਿ ਨਾਮਿ ਚਿਤੁ ਲਾਇਆ ॥ ਬਿਨੁ ਨਾਵੈ ਜਗੁ ਕਮਲਾ ਫਿਰੈ, ਗੁਰਮੁਖਿ ਨਦਰੀ ਆਇਆ ॥ (ਹੇ ਭਾਈ!) ਮਾਇਆ ਦੀ ਮਮਤਾ (ਹਰੇਕ ਜੀਵ ਨੂੰ) ਮੋਹ ਲੈਣ ਵਾਲੀ ਹੈ, ਜਿਸ (ਮਾਇਆ) ਨੇ ਬਿਨਾ ਦੰਦਾਂ ਤੋਂ ਹੀ ਜਗਤ ਨੂੰ ਖਾ (ਨਿਗਲ) ਲਿਆ ਹੈ। ਮਨਮੁਖ (ਮਾਇਆ ਤੋਂ) ਖਾਧੇ ਗਏ ਹਨ, (ਪਰ ਮਾਇਆ ਤੋਂ ਉਹ) ਗੁਰਮੁਖ ਬਚ ਗਏ ਹਨ, ਜਿਨ੍ਹਾਂ ਨੇ ਸੱਚੇ ਨਾਮ ਵਿਚ ਚਿਤ ਲਾਇਆ ਹੋਇਆ ਹੈ। ਗੁਰੂ ਰਾਹੀਂ (ਇਹ ਗੱਲ) ਨਜਰ ਆਈ ਹੈ ਕਿ ਨਾਮ ਤੋਂ ਬਿਨਾ ਜਗਤ ਕਮਲਾ ਹੋਇਆ ਫਿਰਦਾ ਹੈ।

ਅੰਗ ੬੪੪ = ਧੰਧਾ ਕਰਤਿਆ ਨਿਹਫਲੁ ਜਨਮੁ ਗਵਾਇਆ, ਸੁਖ ਦਾਤਾ ਮਨਿ ਨ ਵਸਇਆ ॥ ਨਾਨਕ ਨਾਮੁ ਤਿਨਾ ਕਉ ਮਿਲਿਆ ,ਜਿਨ ਕਉ ਧੁਰਿ ਲਿਖਿ ਪਾਇਆ ॥੧॥ (ਮਨਮੁਖਾਂ ਨੇ) ਧੰਧਾ ਕਰਦਿਆਂ (ਅਪਣਾ ਮਨੁੱਖਾ) ਜਨਮ ਨਿਸਫਲ ਗਵਾ ਲਿਆ ਹੈ, (ਕਿਉਂ ਕਿ ਉਨ੍ਹਾਂ ਨੇ) ਸੁੱਖ ਦੇਣ ਵਾਲਾ ਪ੍ਰਭੂ ਮਨ ਵਿਚ ਨਹੀਂ ਵਸਾਇਆ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦਾ ਨਾਮ ਉਨ੍ਹਾਂ ਪੁਰਖਾਂ ਨੂੰ ਮਿਲਿਆ ਹੈ, ਜਿਨ੍ਹਾਂ ਨੂੰ ਧੁਰ ਤੋਂ (ਹਰੀ ਨੇ ਭਾਗਾਂ ਵਿਚ) ਲਿਖ ਕੇ ਪਾਇਆ ਹੁੰਦਾ ਹੈ।੧।

ਪਦਾਰਥ = ਮਮਤਾ–ਅਪਣੱਤ; ਮੇਰਾਪਣ। ਮੋਹਣੀ–ਮੋਹ ਲੈਣ ਵਾਲੀ। ਜਿਨਿ–ਜਿਸ ਨੇ। ਵਿਣੁ–ਬਿਨਾ। ਦੰਤਾ–ਦੰਦਾਂ ਤੋਂ। ਉਬਰੇ–ਬਚ ਗਏ। ਕਮਲਾ–ਝੱਲਾ। ਨਦਰੀ–ਨਜਰ ਵਿਚ। ਮਨਿ–ਮਨ ਵਿਚ। ਧੁਰਿ–ਧੁਰ (ਹਰੀ ਦੀ ਹਜੂਰੀ) ਤੋਂ।੧।

ਮਃ ੩ ॥ ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ, ਮਨਮੁਖਾ ਸਾਦੁ ਨ ਪਾਇਆ ॥ ਜਿਉ ਕਸਤੂਰੀ ਮਿਰਗੁ ਨ ਜਾਣੈ, ਭ੍ਰਮਦਾ ਭਰਮਿ ਭੁਲਾਇਆ ॥ ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ, ਕਰਤੈ ਆਪਿ ਖੁਆਇਆ ॥ ਗੁਰਮੁਖਿ ਵਿਰਲੇ ਸੋਝੀ ਪਈ, ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥ ਤਨੁ ਮਨੁ ਸੀਤਲੁ ਹੋਇਆ, ਰਸਨਾ ਹਰਿ ਸਾਦੁ ਆਇਆ ॥ ਸਬਦੇ ਹੀ ਨਾਉ ਊਪਜੈ, ਸਬਦੇ ਮੇਲਿ ਮਿਲਾਇਆ ॥ ਬਿਨੁ ਸਬਦੈ ਸਭੁ ਜਗੁ ਬਉਰਾਨਾ, ਬਿਰਥਾ ਜਨਮੁ ਗਵਾਇਆ ॥ ਅੰਮ੍ਰਿਤੁ ਏਕੋ ਸਬਦੁ ਹੈ, ਨਾਨਕ ਗੁਰਮੁਖਿ ਪਾਇਆ ॥੨॥ (ਹੇ ਭਾਈ! ਹਿਰਦੇ) ਘਰ ਵਿਚ ਹੀ ਨਾਮ ਅੰਮ੍ਰਿਤ ਭਰਿਆ ਪਿਆ ਹੈ, (ਪਰ ਉਸ ਦਾ) ਸੁਆਦ ਮਨਮੁਖਾਂ ਨੇ ਨਹੀਂ ਪ੍ਰਾਪਤ ਕੀਤਾ। ਜਿਵੇਂ ਹਿਰਨ ਜਾਣਦਾ ਨਹੀਂ ਕਿ ਕਸਤੂਰੀ (ਉਸ ਦੀ ਧੁੰਨੀ ਵਿਚ ਹੈ, ਉਹ) ਭਰਮ ਵਿਚ ਭੁਲਾਇਆ ਭਟਕਦਾ ਫਿਰਦਾ ਹੈ (ਉਹ ਕਸਤੂਰੀ

ਦੀ ਮਹਿਕ ਬਾਹਰ ਭਾਲਦਾ ਹੈ।ਇਸੇ ਤਰ੍ਹਾਂ ਮਨਮੁਖ ਨਾਮ) ਅੰਮ੍ਰਿਤ ਨੂੰ ਛਡ ਕੇ ਬਿਹੁ ਇਕੱਠੀ ਕਰਦਾ ਹੈ, ਕਰਤਾਰ ਨੇ ਆਪ ਹੀ (ਉਸ ਨੂੰ ਉਸ ਦੇ ਪਿਛਲੇ ਜਨਮਾਂ ਦੇ ਕੀਤੇ ਮਾੜੇ ਕਰਮਾਂ ਕਰਕੇ) ਕੁਰਾਹੇ ਪਾਇਆ ਹੈ।ਗੁਰੂ ਦੀ ਸ਼ਰਣ ਵਿਚ ਪਏ ਵਿਰਲੇ ਮਨੁੱਖ ਨੂੰ (ਨਾਮ ਅੰਮ੍ਰਿਤ ਦੀ) ਸਮਝ ਪਈ ਹੈ, ਉਨ੍ਹਾਂ ਨੂੰ (ਗੁਰੂ ਨੇ ਹਿਰਦੇ ਦੇ) ਅੰਦਰ ਹੀ ਬ੍ਰਹਮ ਦਿਖਾ ਦਿਤਾ ਹੈ।(ਉਨ੍ਹਾਂ ਦਾ) ਤਨ ਤੇ ਮਨ ਸੀਤਲ ਹੋ ਗਿਆ ਹੈ, (ਕਿਉਂਕਿ ਉਨ੍ਹਾਂ ਦੀ) ਰਸਨਾ ਨੂੰ ਹਰੀ ਦੇ ਨਾਮ ਦਾ ਸੁਆਦ ਆਇਆ ਹੈ।(ਹੇ ਭਾਈ! ਗੁਰੂ ਦੇ) ਸ਼ਬਦ ਦੁਆਰਾ ਹੀ (ਮਨੁੱਖ ਦੇ ਅੰਦਰ) ਨਾਮ ਦਾ ਸਿਮਰਨ ਪੁੰਗਰਦਾ ਹੈ ਅਤੇ ਸ਼ਬਦ ਦੁਆਰਾ ਹੀ (ਮਨੁੱਖ) ਹਰੀ ਦੇ ਮੇਲ ਵਿਚ ਮਿਲਾ ਲਿਆ ਜਾਂਦਾ ਹੈ।(ਗੁਰੂ ਦੇ) ਸ਼ਬਦ ਤੋਂ ਬਿਨਾ ਸਾਰਾ ਜਗਤ ਪਾਗਲ ਹੋਇਆ ਫਿਰਦਾ ਹੈ ਅਤੇ (ਅਪਣਾ ਮਨੁੱਖਾ ਜਨਮ) ਬਿਰਥਾ ਗਵਾ ਲਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦਾ ਇਕ ਸ਼ਬਦ ਹੀ ਅੰਮ੍ਰਿਤ ਹੈ, ਜੋ ਗੁਰੂ ਦੀ ਸ਼ਰਣ ਵਿਚ ਪਿਆਂ ਪਾਇਆ ਜਾਂਦਾ ਹੈ।੨।

ਪਦਾਰਥ = ਘਰ ਹੀ ਮਹਿ–ਹਿਰਦੇ ਘਰ ਵਿਚ ਹੀ।ਭਰਪੂਰੁ–ਭਰਿਆ ਪਿਆ ਹੈ।ਸਾਦੁ–ਸੁਆਦ (ਅਨੰਦ)।ਮਿਰਗੁ–ਹਿਰਣ।ਤਜਿ–ਛਡ ਕੇ।ਬਿਖੁ–ਮਾਇਆ ਜਾਂ ਵਿਸ਼ਿਆਂ ਦੀ ਜਹਿਰ।ਕਰਤੈ–ਕਰਤਾਰ ਨੇ।ਖੁਆਇਆ–ਖੁੰਝਾ (ਭੁਲਾ; ਕੁਰਾਹੇ ਪਾ) ਦਿਤਾ।ਸੋਝੀ–ਸਮਝ; ਗਿਆਨ।ਤਿਨਾ–ਉਨ੍ਹਾਂ ਨੂੰ।ਅੰਦਰਿ–ਹਿਰਦੇ ਦੇ ਅੰਦਰ।ਸੀਤਲੁ–ਠੰਢਾ; ਸ਼ਾਂਤ।ਰਸਨਾ–ਜੀਭ।ਸਬਦੇ–ਸ਼ਬਦ ਦੁਆਰਾ।ਊਪਜੈ –ਪੁੰਗਰਦਾ (ਉਗਦਾ) ਹੈ।ਜਗੁ–ਜਗਤ।ਬਉਰਾਨਾ–ਪਾਗਲ।ਗੁਰਮੁਖਿ–ਗੁਰੂ ਦੁਆਰਾ।੨।

ਪਉੜੀ ॥ ਸੋ ਹਰਿ ਪੁਰਖੁ ਅਗੰਮੁ ਹੈ, ਕਹੁ ਕਿਤੁ ਬਿਧਿ ਪਾਈਐ ॥ ਤਿਸੁ ਰੂਪੁ ਨ ਰੇਖ ਅਦ੍ਰਿਸਟੁ ,ਕਹੁ ਜਨ ਕਿਉ ਧਿਆਈਐ ॥ ਨਿਰੰਕਾਰੁ ਨਿਰੰਜਨੁ ਹਰਿ ਅਗਮੁ ,ਕਿਆ ਕਹਿ ਗੁਣ ਗਾਈਐ ॥ ਜਿਸੁ ਆਪਿ ਬੁਝਾਏ ਆਪਿ, ਸੁ ਹਰਿ ਮਾਰਗਿ ਪਾਈਐ ॥ ਗੁਰਿ ਪੂਰੈ ਵੇਖਾਲਿਆ, ਗੁਰ ਸੇਵਾ ਪਾਈਐ ॥੪॥ (ਹੇ ਭਾਈ!) ਉਹ ਹਰੀ ਪੁਰਖ (ਮਨ ਬਾਣੀ ਦੀ) ਪਹੁੰਚ ਤੋਂ ਪਰੇ ਹੈ, ਦੱਸੋ ਉਸ ਨੂੰ ਕਿਸ ਵਿਧੀ ਨਾਲ ਪ੍ਰਾਪਤ ਕਰੀਏ? ਉਸ ਹਰੀ ਦਾ ਨਾ ਕੋਈ ਰੂਪ ਹੈ, ਨਾ ਕੋਈ ਚਿੰਨ੍ਹ ਹੈ, ਉਹ ਅਦ੍ਰਿਸ਼ਟ ਹੈ, ਹੇ ਸੰਤ ਜਨੋਂ! ਦੱਸੋ, (ਉਸ ਨੂੰ) ਕਿਵੇਂ ਧਿਆਈਏ? ਹਰੀ ਨਿਰਾਕਾਰ ਹੈ, ਮਾਇਆ ਤੋਂ ਰਹਿਤ ਹੈ ਤੇ (ਮਨੁੱਖ ਦੀ) ਪਹੁੰਚ ਤੋਂ ਪਰੇ ਹੈ, ਕੀ ਆਖ ਕੇ (ਉਸ ਦੇ) ਗੁਣ ਗਾਈਏ? (ਉਤਰ) ਜਿਸ ਮਨੁੱਖ ਨੂੰ ਪ੍ਰਭੂ ਆਪਣਾ ਆਪ ਬੁਝਾ ਦੇਵੇ, ਉਹ ਹਰੀ ਦੇ ਰਸਤੇ ਤੇ ਪੈ ਜਾਂਦਾ ਹੈ।ਪੂਰੇ ਗੁਰੂ ਨੇ (ਸਾਨੂੰ ਉਹ ਪ੍ਰਭੂ) ਦਿਖਾਇਆ ਹੈ, ਗੁਰੂ ਦੀ ਸੇਵਾ ਕਰਕੇ (ਪ੍ਰਭੂ ਨੂੰ) ਪਾਈਦਾ ਹੈ।੪।

ਪਦਾਰਥ = ਸੋ–ਉਹ।ਅਗੰਮੁ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਕਹੁ–ਦੱਸੋ।ਕਿਤੁ ਬਿਧਿ–ਕਿਸ ਤਰੀਕੇ ਨਾਲ।ਰੂਪੁ–ਸ਼ਕਲ।ਰੇਖ–ਚਿੰਨ੍ਹ।ਅਦ੍ਰਿਸਟਿ–ਦਿਸਦਾ ਨਹੀਂ।ਜਨ–ਹੇ ਸੰਤ ਜਨੋਂ!।ਕਿਉ–ਕਿਵੇਂ।ਨਿਰੰਕਾਰੁ–ਅਕਾਰ ਰਹਿਤ।ਨਿਰੰਜਨੁ–ਮਾਇਆ ਤੋਂ ਰਹਿਤ। ਸੁ–ਉਹ।ਮਾਰਗਿ–ਰਸਤੇ ਤੇ।ਗੁਰਿ ਪੂਰੈ–ਪੂਰੇ ਗੁਰੂ ਨੇ।ਵੇਖਾਲਿਆ–ਦਿਖਾਇਆ ਹੈ।੪।

ਸਲੋਕੁ ਮਃ ੩ ॥ ਜਿਉ ਤਨੁ ਕੋਲੂ ਪੀੜੀਐ, ਰਤੁ ਨ ਭੋਰੀ ਡੇਹਿ ॥ ਜੀਉ ਵੰਞੈ ਚਉ ਖੰਨੀਐ, ਸਚੇ ਸੰਦੜੈ ਨੇਹਿ ॥ ਨਾਨਕ ਮੇਲੁ ਨ ਚੁਕਈ, ਰਾਤੀ ਅਤੈ ਡੇਹ ॥੧॥ ਜਿਵੇਂ ਕੋਹਲੂ ਵਿਚ ਤਿਲ ਪੀੜੇ ਜਾਂਦੇ ਹਨ, ਤਿਵੇਂ ਜੇ ਮੇਰਾ ਸਰੀਰ ਕੋਹਲੂ ਵਿਚ ਪੀੜਿਆ ਜਾਵੇ ਤਾਂ ਰੱਤਾ ਭਰ ਵੀ ਲਹੂ ਨ ਦੇਵੇਗਾ (ਨਿਕਲੇਗਾ); ਕੋਹਲੂ ਵਿਚ ਤਿਲਾਂ ਦੀ ਤਰ੍ਹਾਂ ਸਰੀਰ ਨੂੰ ਪੀੜਿਆ ਜਾਵੇ (ਅਨੇਕਾਂ ਦੁਖ ਤਕਲੀਫਾਂ ਮਿਲਣ ਦੇ ਬਾਵਜੂਦ) ਮੈਂ ਭੋਰਾ ਭਰ ਪ੍ਰੀਤ ਹਰੀ ਨਾਲੋਂ ਟੁੱਟਣ ਨਹੀਂ ਦੇਂਦਾ।ਮੇਰਾ ਮਨ ਸੱਚੇ ਹਰੀ ਦੇ ਪਿਆਰ ਵਾਸਤੇ ਚਾਰ ਟੁਕੜੇ (ਕੁਰਬਾਨ) ਹੋ ਜਾਵੇ।ਅਤੇ ਦਿਨ ਅਤੇ ਰਾਤ ਕਿਸੇ ਵੇਲੇ ਵੀ ਉਸ ਨਾਲੋਂ ਮੇਰਾ ਮੇਲ ਨਾ ਟੁੱਟ ਸਕੇ।੧।

ਪਦਾਰਥ = ਤਨੁ–ਸਰੀਰ।ਕੋਲੂ–ਕੋਹਲੂ।ਪੀੜੀਐ–ਪੀੜਿਆ ਜਾਵੇ।ਰਤੁ–ਲਹੂ; ਪ੍ਰੀਤ।ਭੋਰੀ–ਭੋਰਾ (ਰੱਤਾ) ਭਰ।ਡੇਹਿ–ਦੇਵੇ; ਨਿਕਲੇ ।ਜੀਉ–ਮਨ; ਜਿੰਦ।ਵੰਞੈ–ਹੋ ਜਾਵੇ।ਚਉ ਖੰਨੀਐ–ਚਾਰ ਟੁਕੜੇ (ਕੁਰਬਾਨ)।ਸੰਦੜੈ–ਦੇ।ਨੇਹਿ–ਪਿਆਰ ਵਾਸਤੇ।ਨ ਚੁਕਈ–ਨਾ ਟੁੱਟ ਸਕੇ।ਰਾਤੀ–ਰਾਤ।ਅਤੇ–ਅਤੇ।ਡੇਹ–ਦਿਨ।੧।

ਮਃ ੩ ॥ ਸਜਣੁ ਮੈਡਾ ਰੰਗੁਲਾ, ਰੰਗੁ ਲਾਏ ਮਨੁ ਲੇਇ ॥ ਜਿਉ ਮਾਜੀਠੈ ਕਪੜੇ, ਰੰਗੇ ਭੀ ਪਾਹੇਹਿ ॥ ਨਾਨਕ ਰੰਗੁ ਨ ਉਤਰੈ, ਬਿਆ ਨ ਲਗੈ ਕੇਹ ॥੨॥ (ਹੇ ਭਾਈ!) ਮੇਰਾ ਸੱਜਣ ਰੰਗਲਾ (ਖੁਸ਼ ਤੇ ਪਿਆਰ ਵਾਲਾ) ਹੈ, ਪ੍ਰੇਮ ਲਾ ਕੇ ਮਨ ਨੂੰ ਮੋਹ ਲੈਂਦਾ ਹੈ।ਜਿਸ ਤਰ੍ਹਾਂ ਮਜੀਠ ਨਾਲ ਕਪੜੇ ਪਾਹ ਦੇ ਕੇ ਰੰਗੇ ਜਾਂਦੇ ਹਨ (ਉਹ ਰੰਗ ਪੱਕਾ ਹੁੰਦਾ ਹੈ, ਉਤਰਦਾ ਨਹੀਂ)।ਨਾਨਕ ਗੁਰੂ ਜੀ ਆਖਦੇ ਹਨ ਕਿ (ਇਸੇ ਤਰ੍ਹਾਂ) ਪ੍ਰੇਮ ਦਾ ਰੰਗ ਉਤਰਦਾ ਨਹੀਂ, (ਪੱਕਾ ਹੁੰਦਾ ਹੈ, ਅਜੇਹੇ ਰੰਗ ਉਤੇ) ਕੋਈ ਹੋਰ ਰੰਗ ਨਹੀਂ ਲਗ ਸਕਦਾ (ਅਜੇਹੇ ਪ੍ਰੇਮ ਰੰਗ ਉਤੇ ਕਿਸੇ ਹੋਰ ਦਾ ਪ੍ਰੇਮ ਰੰਗ ਨਹੀਂ ਚੜ੍ਹ ਸਕਦਾ)।੨।

ਪਦਾਰਥ = ਸਜਣੁ–ਸ੍ਰੇਸਟ ਪੁਰਖ ਗੁਰੂ।ਮੈਡਾ–ਮੇਰਾ।ਰੰਗੁਲਾ–ਅਨੰਦ ਦੇਣ ਵਾਲਾ; ਪਿਆਰਾ ।ਰੰਗੁ–ਪ੍ਰੇਮ ਦਾ ਰੰਗ।ਮਨੁ ਲੇਇ–ਮਨ ਨੂੰ ਮੋਹ ਲੈਂਦਾ ਹੈ।ਮਾਜੀਠੈ–ਮਜੀਠ ਨਾਲ (ਇਕ ਬੇਲ ਹੈ, ਜਿਸ ਵਿਚੋਂ ਲਾਲ ਰੰਗ ਨਿਕਲਦਾ ਹੈ) ਪਾਹੇਹਿ–ਲਾਗ ਜਾਂ ਪਾਣ (ਫਟਕੜੀ

ਆਦਿ ਦੀ ਪੁੱਠ ਜਾਂ ਪਾਣ, ਜੋ ਕਪੜੇ ਨੂੰ ਪੱਕਾ ਰੰਗ ਦੇਣ ਤੋਂ ਪਹਿਲਾਂ ਦਿਤੀ ਜਾਂਦੀ ਹੈ)। ਬਿਆ-ਹੋਰ ਦੂਜਾ। ਕੇਹ-ਕੋਈ।੨।

ਪਉੜੀ ॥ ਹਰਿ ਆਪਿ ਵਰਤੈ ਆਪਿ, ਹਰਿ ਆਪਿ ਬੁਲਾਇਦਾ ॥ ਹਰਿ ਆਪੇ ਸ੍ਰਿਸਟਿ ਸਵਾਰਿ, ਸਿਰਿ ਧੰਧੈ ਲਾਇਦਾ ॥ ਇਕਨਾ ਭਗਤੀ ਲਾਇ, ਇਕਿ ਆਪਿ ਖੁਆਇਦਾ ॥ ਇਕਨਾ ਮਾਰਗਿ ਪਾਇ, ਇਕਿ ਉਝੜਿ ਪਾਇਦਾ ॥ ਜਨੁ ਨਾਨਕੁ ਨਾਮੁ ਧਿਆਏ, ਗੁਰਮੁਖਿ ਗੁਣ ਗਾਇਦਾ ॥੫॥ (ਹੇ ਭਾਈ!) ਹਰੀ ਆਪ ਹੀ ਸਭ ਵਿਚ ਵਰਤ ਰਿਹਾ ਹੈ ਤੇ ਹਰੀ ਆਪ ਹੀ (ਸਭ ਜੀਵਾਂ ਨੂੰ) ਬੁਲਾਉਂਦਾ (ਹਰੇਕ ਜੀਵ ਵਿਚ ਬੋਲਦਾ) ਹੈ। ਹਰੀ ਆਪ ਹੀ ਸ੍ਰਿਸਟੀ ਨੂੰ ਸਵਾਰ ਕੇ ਸਿਰ ਸਿਰ (ਹਰ ਇਕ ਨੂੰ) ਧੰਦੇ ਵਿਚ ਲਾਉਂਦਾ ਹੈ। ਕਈਆਂ (ਗੁਰਮੁਖਾਂ) ਨੂੰ ਭਗਤੀ ਵਿਚ ਲਾਉਂਦਾ ਹੈ ਤੇ ਕਈਆਂ (ਮਨਮੁਖਾਂ) ਨੂੰ ਕੁਰਾਹੇ ਪਾ ਦੇਂਦਾ ਹੈ। ਕਈਆਂ (ਗੁਰਮੁਖਾਂ) ਨੂੰ ਚੰਗੇ ਰਸਤੇ ਤੇ ਪਾਉਂਦਾ ਹੈ ਤੇ ਕਈਆਂ (ਮਨਮੁੱਖਾਂ) ਨੂੰ ਉਜਾੜ ਵਿਚ ਪਾ ਦੇਂਦਾ ਹੈ (ਜਿਥੋਂ ਰਸਤਾ ਹੀ ਨਾ ਲੱਭ ਸਕੇ)। ਦਾਸ ਨਾਨਕ ਹਰੀ ਦਾ ਨਾਮ ਸਿਮਰਦਾ ਹੈ ਅਤੇ ਗੁਰੂ ਦੀ ਸ਼ਰਣ ਵਿਚ ਪੈ ਕੇ (ਹਰੀ ਦੇ) ਗੁਣ ਗਾਉਂਦਾ ਹੈ।੫।

ਪਦਾਰਥ = ਪਉੜੀ। ਵਰਤੈ-ਵਰਤ ਰਿਹਾ (ਵਿਆਪਕ) ਹੈ। ਸਵਾਰਿ-ਸਵਾਰ (ਰਚ) ਕੇ। ਸਿਰਿ-ਪ੍ਰਤੀ ਜੀਵ (ਹਰੇਕ ਨੂੰ)। ਇਕਨਾ-ਕਈਆਂ ਨੂੰ। ਇਕਿ-ਕਈਆਂ ਨੂੰ। ਖੁਆਇਦਾ-ਕੁਰਾਹੇ ਪਾ ਦੇਂਦਾ ਹੈ। ਮਾਰਗਿ-ਸਿੱਧੇ ਰਸਤੇ ਤੇ। ਉਝੜਿ-ਉਜਾੜ ਵਿਚ (ਜਿਤੋਂ ਰਸਤਾ ਨਾ ਲੱਭਿਆ ਜਾ ਸਕੇ)। ਜਨੁ ਨਾਨਕੁ-ਦਾਸ ਨਾਨਕ। ਗੁਰਮੁਖਿ-ਗੁਰੂ ਦੀ ਸ਼ਰਣ ਵਿਚ ਪੈ ਕੇ।੫।

ਸਾਰੰਸ਼ = ਰੱਬ ਦਾ ਪਿਆਰ ਏਡੀ ਖਿੱਚ ਵਾਲਾ ਹੈ ਕਿ ਜਿਸ ਨੂੰ ਲਗ ਜਾਏ, ਉਹ ਵੱਡੀ ਤੋਂ ਵੱਡੀ ਤਕਲੀਫ ਨੂੰ ਕੁਝ ਨਹੀਂ ਸਮਝਦਾ ਤੇ ਇਕ ਵਾਰ ਪਿਆਰ ਲੱਗਾ ਹੋਇਆ ਫਿਰ ਜਾਂਦਾ ਭੀ ਨਹੀਂ ਤੇ ਨਾ ਕਿਸੇ ਹੋਰ ਵੱਲ ਲੱਗ ਹੀ ਸਕਦਾ ਹੈ (ਸ਼ਬਦਾਰਥ)।

ਸਲੋਕੁ ਮਃ ੩ ॥ ਸਤਿਗੁਰ ਕੀ ਸੇਵਾ ਸਫਲੁ ਹੈ, ਜੇ ਕੋ ਕਰੇ ਚਿਤੁ ਲਾਇ ॥ ਮਨਿ ਚਿੰਦਿਆ ਫਲੁ ਪਾਵਣਾ, ਹਉਮੈ ਵਿਚਹੁ ਜਾਇ ॥ ਬੰਧਨ ਤੋੜੈ ਮੁਕਤਿ ਹੋਇ, ਸਚੇ ਰਹੈ ਸਮਾਇ ॥ ਇਸੁ ਜਗ ਮਹਿ ਨਾਮੁ ਅਲਭੁ ਹੈ, ਗੁਰਮੁਖਿ ਵਸੈ ਮਨਿ ਆਇ ॥ ਨਾਨਕ ਜੋ ਗੁਰੁ ਸੇਵਹਿ ਆਪਣਾ, ਹਉ ਤਿਨ ਬਲਿਹਾਰੈ ਜਾਉ ॥੧॥ (ਹੇ ਭਾਈ!) ਜੇ ਕੋਈ ਮਨੁੱਖ ਚਿਤ ਲਾ ਕੇ ਸਤਿਗੁਰੂ ਦੀ ਸੇਵਾ ਕਰੇ, (ਤਾਂ ਉਹ ਸੇਵਾ) ਸਫਲ ਹੈ। (ਸੇਵਾ ਕਰਨ ਨਾਲ) ਮਨ ਵਿਚ ਚਿਤਵਿਆ ਫਲ ਪ੍ਰਾਪਤ ਹੋ ਜਾਂਦਾ ਹੈ ਅਤੇ ਮਨ ਵਿਚੋਂ ਹੰਕਾਰ ਵੀ ਚਲੇ ਜਾਂਦਾ ਹੈ। (ਸਤਿਗੁਰੂ ਦੀ ਸੇਵਾ ਮਨੁੱਖ ਦੇ ਸਾਰੇ) ਬੰਧਨ ਤੋੜ ਦਿੰਦੀ ਹੈ, (ਉਹ) ਸੱਚੇ ਹਰੀ ਵਿਚ ਲੀਨ ਰਹਿੰਦਾ ਹੈ, (ਜਿਸ ਕਰਕੇ ਮਨੁੱਖ) ਮੁਕਤ ਹੋ ਜਾਂਦਾ ਹੈ। ਇਸ ਜਗਤ ਵਿਚ ਹਰੀ ਦਾ ਨਾਮ ਅਲੱਭ ਹੈ, (ਪਰ ਇਹ ਨਾਮ) ਗੁਰੂ ਦੀ ਸ਼ਰਣ ਵਿਚ ਪੈਣ ਨਾਲ ਮਨ ਵਿਚ ਆ ਵਸਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜੋ ਮਨੁੱਖ ਅਪਣੇ ਗੁਰੂ ਦੀ ਸੇਵਾ ਕਰਦੇ ਹਨ, ਮੈਂ ਉਨ੍ਹਾਂ ਤੋਂ ਬਲਹਾਰ ਜਾਂਦਾ ਹਾਂ।੧।

ਪਦਾਰਥ = ਸਫਲ-ਸਭ ਫਲ ਦੇਣ ਵਾਲੀ। ਕੋ-ਕੋਈ। ਮਨਿ ਚਿੰਦਿਆ-ਮਨ ਵਿਚ ਚਾਹਿਆ; ਮਨ ਮੰਗਿਆ। ਪਾਵਣਾ-ਪ੍ਰਾਪਤ ਹੋ ਜਾਂਦਾ ਹੈ। ਵਿਚਹੁ-ਮਨ ਵਿਚੋਂ। ਸਚੇ-ਸੱਚੇ ਪ੍ਰਭੂ ਵਿਚ। ਰਹੈ ਸਮਾਇ-ਲੀਨ ਰਹਿੰਦਾ ਹੈ। ਅਲਭੁ (ਅਲੱਭ ਬੋਲੋ)-ਗੁਰੂ ਦੀ ਸ਼ਰਣ ਵਿਚ ਪਏ ਬਿਨਾ ਹੋਰ ਕਿਧਰੋਂ ਨਾ ਲਭਣ ਵਾਲਾ। ਗੁਰਮੁਖਿ-ਗੁਰੂ ਦੀ ਸ਼ਰਣ ਵਿਚ ਪੈਣ ਨਾਲ। ਹਉ-ਮੈਂ। ਤਿਨ-ਉਨ੍ਹਾਂ ਤੋਂ।੧।

ਮਃ ੩ ॥ ਮਨਮੁਖ ਮੰਨੁ ਅਜਿਤੁ ਹੈ, ਦੂਜੈ ਲਗੈ ਜਾਇ ॥ ਤਿਸ ਨੋ ਸੁਖੁ ਸੁਪਨੈ ਨਹੀ, ਦੁਖੇ ਦੁਖਿ ਵਿਹਾਇ ॥ ਘਰਿ ਘਰਿ ਪੜਿ ਪੜਿ ਪੰਡਿਤ ਥਕੇ, ਸਿਧ ਸਮਾਧਿ ਲਗਾਇ ॥ ਇਹੁ ਮਨੁ ਵਸਿ ਨ ਆਵਈ, ਥਕੇ ਕਰਮ ਕਮਾਇ ॥ ਭੇਖਧਾਰੀ ਭੇਖ ਕਰਿ ਥਕੇ, ਅਠਿਸਠਿ ਤੀਰਥਿ ਨਾਇ ॥ (ਹੇ ਭਾਈ!) ਮਨਮੁਖ ਬੰਦਿਆਂ ਦਾ ਮਨ ਅਜਿੱਤ ਹੈ (ਵਸ ਵਿਚ ਨਹੀਂ ਆਉਂਦਾ, ਉਨ੍ਹਾਂ ਦਾ ਮਨ) ਦੂਜੇ ਪਾਸੇ ਜਾ ਲਗਦਾ ਹੈ। (ਅਜੇਹੇ ਮਨੁੱਖ ਨੂੰ) ਸੁਪਨੇ ਵਿਚ ਵੀ ਸੁਖ ਨਹੀਂ ਮਿਲਦਾ, (ਉਸ ਦੀ ਉਮਰ) ਦੁਖ ਹੀ ਦੁਖ ਵਿਚ ਲੰਘਦੀ ਹੈ। ਘਰ ਘਰ ਵਿਚ ਪੰਡਤ (ਲੋਕ ਪਾਠ) ਪੜ੍ਹ ਪੜ੍ਹ ਕੇ ਅਤੇ ਸਿੱਧ ਸਮਾਧੀਆਂ ਲਗਾ ਕੇ ਥੱਕ ਹਾਰ ਗਏ ਹਨ। (ਉਹ ਲੋਕ ਅਨੇਕਾਂ ਤਰ੍ਹਾਂ ਦੇ) ਕਰਮ ਕਰਕੇ ਥੱਕ ਗਏ ਹਨ, (ਪਰ ਫਿਰ ਵੀ ਉਨ੍ਹਾਂ ਦਾ) ਇਹ ਮਨ ਵਸ ਵਿਚ ਨਹੀਂ ਆਉਂਦਾ। ਵੱਖ ਵੱਖ ਭੇਖਾਂ ਦੇ ਧਾਰਨ ਕਰਨ ਵਾਲੇ ਸਾਧੂ ਭੇਖ (ਆਪੋ ਆਪਣੀ ਮਰਿਆਦਾ) ਕਰਕੇ ਅਤੇ ਅਠਾਹਠ ਤੀਰਥਾਂ ਉਤੇ ਨਹਾ ਕੇ ਥੱਕ ਗਏ ਹਨ।

ਅੰਗ ੬੪੫ = ਮਨ ਕੀ ਸਾਰ ਨ ਜਾਣਨੀ, ਹਉਮੈ ਭਰਮਿ ਭੁਲਾਇ ॥ ਗੁਰ ਪਰਸਾਦੀ ਭਉ ਪਇਆ, ਵਡਭਾਗਿ ਵਸਿਆ ਮਨਿ ਆਇ ॥ ਭੈ ਪਇਐ ਮਨੁ ਵਸਿ ਹੋਆ, ਹਉਮੈ ਸਬਦਿ ਜਲਾਇ ॥ ਸਚਿ ਰਤੇ ਸੇ ਨਿਰਮਲੇ, ਜੋਤੀ ਜੋਤਿ ਮਿਲਾਇ ॥ ਸਤਿਗੁਰਿ ਮਿਲਿਐ ਨਾਉ ਪਾਇਆ, ਨਾਨਕ ਸੁਖਿ ਸਮਾਇ ॥੨॥ (ਉਹ) ਮਨ ਦੀ ਖਬਰ ਨਹੀਂ ਜਾਣਦੇ, (ਉਹ) ਹਉਮੈ ਦੇ ਕਾਰਣ ਭਰਮ ਨੇ ਭੁਲਾਏ ਹੋਏ ਹਨ। (ਮਨ ਨੂੰ ਜਿੱਤਣ ਦਾ ਵਸੀਲਾ ਦਸਦੇ ਹਨ) ਗੁਰੂ ਦੀ ਕ੍ਰਿਪਾ ਨਾਲ (ਜਿਨ੍ਹਾਂ ਮਨੁੱਖਾਂ ਦੇ) ਮਨ ਵਿਚ ਹਰੀ ਦਾ ਭੈ ਪਿਆ ਹੈ, ਵੱਡੇ ਭਾਗਾਂ ਨਾਲ (ਉਨ੍ਹਾਂ ਦੇ) ਮਨ ਵਿਚ ਹਰੀ ਆ ਵਸਿਆ ਹੈ। (ਹਰੀ ਦਾ) ਭੈ ਪੈਣ ਕਰਕੇ ਮਨ ਵਸ ਵਿਚ ਹੋ ਗਿਆ ਹੈ, (ਕਿਉਂਕਿ ਉਨ੍ਹਾਂ ਨੇ) ਗੁਰੂ ਦੇ ਸ਼ਬਦ ਦੁਆਰਾ ਹਉਮੈ ਜਲਾ ਦਿਤੀ ਹੈ। (ਜੋ ਮਨੁੱਖ) ਸੱਚੇ ਨਾਮ ਵਿਚ ਰੰਗੇ ਹੋਏ ਹਨ, ਉਹ ਪਵਿਤ੍ਰ ਹਨ

ਅਤੇ ਜੋਤ ਸਰੂਪ ਪ੍ਰਭੂ ਵਿਚ (ਅਪਣੀ) ਆਤਮ ਜੋਤ ਮਿਲਾ ਲੈਂਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਸਤਿਗੁਰੂ ਦੇ ਮਿਲਣ ਨਾਲ (ਜਿਸ ਪੁਰਖ ਨੇ) ਹਰੀ ਦਾ ਨਾਮ ਪਾਇਆ ਹੈ, ਉਹ ਸੁਖ ਵਿਚ ਸਮਾ ਜਾਂਦਾ ਹੈ।੨।

ਪਦਾਰਥ = ਮੰਨੁ ਅਜਿਤੁ–ਨਾ ਜਿੱਤਿਆ ਜਾਣ ਵਾਲਾ ਮਨ। ਦੂਜੈ–ਦੂਜੇ ਪਾਸੇ। ਵਿਹਾਇ–ਲੰਘਦੀ। ਘਰਿ ਘਰਿ–ਘਰ ਘਰ ਵਿਚ। ਅਠਿ ਸਠਿ–ਅਠਾਹਠ। ਨਾਇ–ਨਹਾ ਕੇ। ਸਾਰ–ਖਬਰ; ਸੋਝੀ। ਮਨਿ–ਮਨ ਵਿਚ। ਜਲਾਇ–ਸਾੜ ਦਿਤੀ। ਰਤੇ–ਰੰਗੇ ਹੋਏ। ਸੇ–ਉਹ। ਨਿਰਮਲੇ –ਪਵਿਤ੍ਰ। ਜੋਤੀ ਜੋਤਿ ਮਿਲਾਇ–ਪ੍ਰਕਾਸ਼ ਸਰੂਪ ਪ੍ਰਭੂ ਵਿਚ ਅਪਣੀ ਆਤਮ ਜੋਤ ਮਿਲਾ ਲੈਂਦੇ ਹਨ। ਸਮਾਇ–ਸਮਾ ਜਾਂਦਾ ਹੈ।੨।

ਪਉੜੀ ॥ ਏਹ ਭੂਪਤਿ ਰਾਣੇ ਰੰਗ, ਦਿਨ ਚਾਰਿ ਸੁਹਾਵਣਾ ॥ ਏਹੁ ਮਾਇਆ ਰੰਗੁ ਕੁਸੁੰਭ, ਖਿਨ ਮਹਿ ਲਹਿ ਜਾਵਣਾ ॥ ਚਲਦਿਆ ਨਾਲਿ ਨ ਚਲੈ, ਸਿਰਿ ਪਾਪ ਲੈ ਜਾਵਣਾ ॥ ਜਾਂ ਪਕੜਿ ਚਲਾਇਆ ਕਾਲਿ, ਤਾਂ ਖਰਾ ਡਰਾਵਣਾ ॥ ਓਹ ਵੇਲਾ ਹਥਿ ਨ ਆਵੈ, ਫਿਰਿ ਪਛੁਤਾਵਣਾ ॥੬॥ ਇਹ ਜਮੀਨਾਂ ਦੇ ਮਾਲਕ ਅਤੇ ਰਾਣਿਆਂ ਦੀ ਸ਼ਾਨ ਸ਼ੌਕਤ ਚਾਰ ਦਿਨ ਵਾਸਤੇ ਹੀ ਸੋਹਣੀ ਲਗਦੀ ਹੈ (ਛੇਤੀ ਨਾਸ਼ ਹੋ ਜਾਂਦੀ ਹੈ)। ਇਹ ਮਾਇਆ ਦਾ ਰੰਗ ਕੁਸੁੰਭੇ ਦੇ ਰੰਗ ਵਾਂਗ (ਕੱਚਾ) ਹੈ, (ਜਿਸ ਨੇ) ਇਕ ਖਿਨ ਵਿਚ ਲਹਿ ਜਾਣਾ ਹੈ। (ਮਾਇਆ ਦੀ ਸ਼ਾਨ ਸ਼ੋਕਤ) ਅੰਤ ਚਲਣ ਵੇਲੇ (ਜੀਵ ਦੇ) ਨਾਲ ਨਹੀਂ ਚਲਦੀ, (ਸੱਗੋਂ ਜੀਵ ਨੇ ਅਪਣੇ) ਸਿਰ ਤੇ ਪਾਪਾਂ ਦਾ ਭਾਰ ਲੈ ਜਾਣਾ ਹੁੰਦਾ ਹੈ। ਜਦ ਕਾਲ ਨੇ ਫੜ ਕੇ ਅੱਗੇ ਤੋਰਿਆ ਤਾਂ (ਉਸ ਵੇਲੇ ਜੀਵ) ਬਹੁਤ ਡਰਾਉਣਾ ਹੁੰਦਾ ਹੈ (ਡਰਉਣੀ ਹਾਲਤ ਹੁੰਦੀ ਹੈ। ਮਨੁੱਖਾ ਸਰੀਰ ਦੀ ਪ੍ਰਾਪਤੀ ਦਾ) ਉਹ ਵੇਲਾ ਫਿਰ ਮੁੜ ਕੇ ਹੱਥ ਨਹੀਂ ਆਉਂਦਾ, (ਜੀਵ ਨੂੰ) ਪਛਤਾਉਣਾ ਹੀ ਪੈਂਦਾ ਹੈ।੬।

ਪਦਾਰਥ =ਭੂਪਤਿ–ਜਮੀਨਾਂ ਦੇ ਮਾਲਕ; ਰਾਜੇ। ਰਾਣੇ–ਛੋਟੇ ਰਾਜੇ। ਰੰਗ–ਸ਼ਾਨ ਸ਼ੌਕਤ; ਮੌਜ ਮੇਲਾ। ਸੁਹਾਵਣਾ–ਸੋਹਣਾ। ਕੁਸੁੰਭ–ਸੂਹੇ ਰੰਗ ਦੇ ਫੁੱਲਾਂ ਵਾਲਾ ਇਕ ਬੂਟਾ, ਜਿਸ ਦੇ ਫੁੱਲਾਂ ਦਾ ਰੰਗ ਛੇਤੀ ਫਿੱਕਾ ਪੈ ਜਾਂਦਾ ਹੈ (ਗੁਰਬਾਣੀ ਵਿਚ ਮਾਇਆ ਤੇ ਵਿਸ਼ੇ ਭੋਗਾਂ ਦੇ ਅਨੰਦ ਲਈ ਕੁਸੁੰਭੇ ਦਾ ਦ੍ਰਿਸ਼ਟਾਂਤ ਦਿਤਾ ਹੈ)। ਸਿਰਿ–ਸਿਰ ਉਤੇ। ਜਾਂ–ਜਦੋਂ। ਕਾਲਿ–ਕਾਲ ਨੇ। ਖਰਾ–ਬਹੁਤ।੬।

ਸਲੋਕੁ ਮਃ ੩ ॥ ਸਤਿਗੁਰ ਤੇ ਜੋ ਮੁਹ ਫਿਰੇ, ਸੇ ਬਧੇ ਦੁਖ ਸਹਾਹਿ ॥ ਫਿਰਿ ਫਿਰਿ ਮਿਲਣੁ ਨ ਪਾਇਨੀ, ਜੰਮਹਿ ਤੈ ਮਰਿ ਜਾਹਿ ॥ ਸਹਸਾ ਰੋਗੁ ਨ ਛੋਡਈ, ਦੁਖ ਹੀ ਮਹਿ ਦੁਖ ਪਾਹਿ ॥ ਨਾਨਕ ਨਦਰੀ ਬਖਸਿ ਲੇਹਿ, ਸਬਦੇ ਮੇਲਿ ਮਿਲਾਹਿ ॥੧॥ (ਹੇ ਭਾਈ!) ਜਿਹੜੇ ਮੂੰਹ ਸਤਿਗੁਰੂ ਤੋਂ ਫਿਰੇ ਹੋਏ ਹਨ (ਜੋ ਮਨੁੱਖ ਗੁਰੂ ਤੋਂ ਬੇਮੁਖ ਹਨ), ਉਹ (ਅੰਤ ਸਮੇਂ ਜਮਾਂ ਦੇ) ਬੰਨ੍ਹੇ ਹੋਏ ਦੁਖ ਸਹਿੰਦੇ ਹਨ। (ਉਹ ਪ੍ਰਭੂ ਦਾ) ਮਿਲਾਪ ਪ੍ਰਾਪਤ ਨਹੀਂ ਕਰ ਸਕਦੇ, (ਜਿਸ ਕਰਕੇ ਉਹ) ਮੁੜ ਮੁੜ ਜੰਮਦੇ ਹਨ ਅਤੇ ਮਰ ਜਾਂਦੇ ਹਨ। (ਉਨ੍ਹਾਂ ਨੂੰ) ਸੰਸੇ ਦਾ ਰੋਗ ਛਡਦਾ ਨਹੀਂ, (ਉਹ) ਦੁਖਾਂ ਵਿਚ ਪਏ ਹੋਏ ਦੁਖ ਹੀ ਪਾਉਂਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਜੇ ਮੇਹਰ ਦੀ ਨਜਰ ਕਰਨ ਵਾਲਾ ਪ੍ਰਭੂ (ਉਨ੍ਹਾਂ ਨੂੰ) ਬਖਸ਼ ਲਵੇ, (ਤਾਂ ਉਹ ਉਨ੍ਹਾਂ ਨੂੰ ਗੁਰੂ ਦੇ) ਸ਼ਬਦ ਵਿਚ ਮੇਲ ਕੇ ਅਪਣੇ ਨਾਲ ਮਿਲਾ ਲੈਂਦਾ ਹੈ।੧।

ਮਃ ੩ ॥ ਜੋ ਸਤਿਗੁਰ ਤੇ ਮੁਹ ਫਿਰੇ, ਤਿਨਾ ਠਉਰ ਨ ਠਾਉ ॥ ਜਿਉ ਛੁਟੜਿ ਘਰਿ ਘਰਿ ਫਿਰੈ, ਦੁਹਚਾਰਣਿ ਬਦਨਾਉ ॥ ਨਾਨਕ ਗੁਰਮੁਖਿ ਬਖਸੀਅਹਿ, ਸੇ ਸਤਿਗੁਰ ਮੇਲਿ ਮਿਲਾਉ ॥੨॥ (ਹੇ ਭਾਈ!) ਜੋ ਮੂੰਹ ਸਤਿਗੁਰੂ ਤੋਂ ਫਿਰੇ ਹੋਏ ਹਨ, ਉਨ੍ਹਾਂ ਨੂੰ (ਇਸ ਲੋਕ ਵਿਚ ਵੀ ਕੋਈ) ਥਾਂ ਨਹੀਂ ਮਿਲਦਾ ਅਤੇ (ਪ੍ਰਲੋਕ ਵਿਚ ਵੀ) ਥਾਂ ਨਹੀਂ ਮਿਲਦਾ। ਜਿਵੇਂ ਪਤੀ ਦੀ ਛੱਡੀ ਹੋਈ ਇਸਤ੍ਰੀ ਘਰ ਘਰ (ਥਾਂ ਥਾਂ) ਫਿਰਦੀ ਹੈ, ਬੁਰੇ ਆਚਰਣ ਵਾਲੀ (ਉਹ ਇਸਤ੍ਰੀ ਲੋਕਾਂ ਵਿਚ) ਬਦਨਾਮ ਹੁੰਦੀ ਹੈ (ਸਤਿਗੁਰੂ ਤੋਂ ਬੇਮੁਖ ਲੋਕ ਅਪਣੇ ਔਗਣਾਂ ਕਰਕੇ ਅਨੇਕਾਂ ਜੋਨੀਆਂ ਵਿਚ ਭਟਕਦੇ ਹਨ)। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜੇ) ਗੁਰਮੁਖ ਬਖਸ਼ੇ ਜਾਂਦੇ ਹਨ, ਉਹ (ਅਪਣੇ ਆਪ ਨੂੰ) ਸਤਿਗੁਰੂ ਦੇ ਮੇਲ (ਸਤਸੰਗ) ਵਿਚ ਮਿਲਾ ਲੈਂਦੇ ਹਨ; ਉਹ ਸਤਿਗੁਰੂ ਨਾਲ ਮਿਲ ਕੇ (ਹਰੀ ਨਾਲ) ਮਿਲ ਜਾਂਦੇ ਹਨ।੨।

ਪਦਾਰਥ = ਤੇ–ਤੋਂ। ਮੁਹ ਫਿਰੇ–ਮੂੰਹ ਮੁੜੇ ਹੋਏ (ਬੇਮੁਖ) ਹਨ। ਸੇ–ਉਹ। ਬਧੇ–ਬੰਨ੍ਹੇ ਹੋਏ। ਸਹਾਹਿ–ਸਹਿੰਦੇ ਹਨ। ਫਿਰਿ ਫਿਰਿ–ਮੁੜ ਮੁੜ (ਬਾਰ ਬਾਰ)। ਤੈ–ਅਤੇ। ਸਹਸਾ–ਭਰਮ। ਮਹਿ–ਵਿਚ। ਪਾਹਿ–ਪਾਉਂਦੇ ਹਨ। ਨਦਰੀ–ਮੇਹਰ ਦੀ ਨਜਰ ਕਰਨ ਵਾਲਾ ਪ੍ਰਭੂ।੧। ਤਿਨਾ–ਉਨ੍ਹਾਂ ਨੂੰ। ਠਉਰ ਠਾਉ–ਥਾਂ ਟਿਕਾਣਾ। ਛੁਟੜਿ–ਪਤੀ ਦੀ ਛੱਡੀ ਹੋਈ ਇਸਤ੍ਰੀ (ਦੁਹਾਗਣ)। ਦੁਹਚਾਰਣਿ–ਬੁਰੇ ਆਚਰਣ ਵਾਲੀ ਇਸਤ੍ਰੀ। ਬਦਨਾਉ–ਬੁਰੇ ਨਾਉਂ ਵਾਲੀ (ਭੈੜੀ)। ਸੇ–ਉਹ। ਮੇਲਿ–ਮੇਲ (ਸਤਸੰਗ) ਵਿਚ। ਮਿਲਾਉ–ਮਿਲਾ ਲੈਂਦੇ ਹਨ।੨।

ਸਾਰੰਸ਼ = ਸਤਿਗੁਰੂ ਤੋਂ ਬੇਮੁਖ ਹੋਣ ਕਰਕੇ ਮਨੁੱਖ ਦਾ ਭਰਮ ਨਹੀਂ ਛੁਟਦਾ, ਉਹ ਦੁਰਾਚਾਰ ਇਸਤ੍ਰੀ ਵਾਂਗ ਘਰ ਘਰ (ਅਨੇਕਾਂ ਜੋਨੀਆਂ ਵਿਚ) ਭਟਕਦਾ ਰਹਿੰਦਾ ਹੈ। ਮੁਕਤ ਨਹੀਂ ਹੋ ਸਕਦਾ।

ਪਉੜੀ ॥ ਜੋ ਸੇਵਹਿ ਸਤਿ ਮੁਰਾਰਿ, ਸੇ ਭਵਜਲ ਤਰਿ ਗਇਆ ॥ ਜੋ ਬੋਲਹਿ ਹਰਿ ਹਰਿ ਨਾਉ ,ਤਿਨ ਜਮੁ ਛਡਿ ਗਇਆ ॥ ਸੇ ਦਰਗਹ ਪੈਧੇ ਜਾਹਿ, ਜਿਨਾ ਹਰਿ ਜਪਿ ਲਇਆ ॥ ਹਰਿ ਸੇਵਹਿ ਸੇਈ ਪੁਰਖ, ਜਿਨਾ ਹਰਿ ਤੁਧੁ ਮਇਆ ॥ ਗੁਣ ਗਾਵਾ ਪਿਆਰੇ ਨਿਤ, ਗੁਰਮੁਖਿ ਭ੍ਰਮ ਭਉ ਗਇਆ ॥੭॥ (ਹੇ ਭਾਈ!) ਜੋ ਮਨੁੱਖ ਸੱਚ ਸਰੂਪ ਪ੍ਰਭੂ ਨੂੰ ਸਿਮਰਦੇ ਹਨ, ਉਹ ਸੰਸਾਰ ਸਮੁੰਦਰ ਨੂੰ ਤਰ

ਗਏ ਹਨ। ਜੋ ਮਨੁੱਖ ਹਰਿ ਹਰਿ ਨਾਮ ਉਚਾਰਦੇ ਹਨ, ਉਨ੍ਹਾਂ ਨੂੰ ਜਮ ਛਡ ਗਿਆ ਹੈ (ਜਮ ਨੇੜੇ ਨਹੀਂ ਆਉਂਦਾ)। ਉਹ ਪੁਰਖ ਦਰਗਾਹ ਵਿਚ ਜਸ ਰੂਪ ਪੁਸ਼ਾਕ ਪਹਿਨ ਕੇ (ਇੱਜਤ ਨਾਲ) ਜਾਂਦੇ ਹਨ, ਜਿਨ੍ਹਾਂ ਨੇ ਹਰੀ ਨੂੰ ਜਪ ਲਿਆ ਹੈ। ਹੇ ਹਰੀ! ਜਿਨ੍ਹਾਂ ਉਤੇ ਤੇਰੀ ਮੇਹਰ ਹੈ, ਉਹ ਪੁਰਖ ਹੀ ਹਰੀ ਦਾ ਨਾਮ ਸਿਮਰਦੇ ਹਨ। ਹੇ ਪਿਆਰੇ ਪ੍ਰਭੂ! (ਮੇਰੇ ਤੇ ਮੇਹਰ ਕਰ, ਜਿਨ੍ਹਾਂ) ਗੁਰਮੁਖਾਂ ਦਾ ਭਰਮ ਤੇ ਡਰ ਦੂਰ ਹੋ ਗਿਆ ਹੈ, (ਮੈਂ ਉਨ੍ਹਾਂ ਦੀ ਸੰਗਤ ਕਰਕੇ) ਹਰ ਰੋਜ ਤੇਰੇ ਗੁਣ ਗਾਉਂਦਾ ਰਹਾਂ।੭।

ਪਦਾਰਥ = ਸੇਵਹਿ–ਸਿਮਰਦੇ ਹਨ। ਸਤਿ ਮੁਰਾਰਿ–ਸੱਚ ਸਰੂਪ ਪ੍ਰਭੂ ਨੂੰ। ਸੇ–ਉਹ। ਭਵਜਲ–ਸੰਸਾਰ ਸਮੁੰਦਰ। ਪੈਧੇ ਜਾਹਿ–(ਜਸ ਰੂਪ) ਪੁਸ਼ਾਕ ਪਹਿਨੇ ਹੋਏ ਜਾਂਦੇ ਹਨ। ਸੇਈ–ਉਹ ਹੀ। ਤੁਧੁ–ਤੇਰੀ। ਮਇਆ–ਮੇਹਰ। ਨਿਤ–ਹਰ ਰੋਜ। ਪਿਆਰੇ–ਹੇ ਪਿਆਰੇ!।੭।

ਸਲੋਕੁ ਮਃ ੩ ॥ ਥਾਲੈ ਵਿਚਿ ਤੈ ਵਸਤੂ ਪਈਓ, ਹਰਿ ਭੋਜਨੁ ਅੰਮ੍ਰਿਤੁ ਸਾਰੁ ॥ ਜਿਤੁ ਖਾਧੈ ਮਨੁ ਤ੍ਰਿਪਤੀਐ, ਪਾਈਐ ਮੋਖ ਦੁਆਰੁ ॥ ਇਹੁ ਭੋਜਨੁ ਅਲਭੁ ਹੈ ਸੰਤਹੁ ,ਲਭੈ ਗੁਰ ਵੀਚਾਰਿ ॥ ਏਹ ਮੁਦਾਵਣੀ ਕਿਉ ਵਿਚਹੁ ਕਢੀਐ, ਸਦਾ ਰਖੀਐ ਉਰਿ ਧਾਰਿ ॥ ਏਹ ਮੁਦਾਵਣੀ ਸਤਿਗੁਰੂ ਪਾਈ, ਗੁਰਸਿਖਾ ਲਧੀ ਭਾਲਿ ॥ ਨਾਨਕ ਜਿਸੁ ਬੁਝਾਏ ਸੁ ਬੁਝਸੀ, ਹਰਿ ਪਾਇਆ ਗੁਰਮੁਖਿ ਘਾਲਿ ॥੧॥ (ਹੇ ਭਾਈ!) ਗੁਰੂ ਦੇ ਸ਼ਬਦ ਰੂਪ ਥਾਲ ਵਿਚ ਤਿੰਨ ਵਸਤੂਆਂ (ਸਤ, ਸੰਤੋਖ ਤੇ ਵਿਚਾਰ ਪਰੋਸੀਆਂ) ਪਈਆਂ ਹਨ, ਜੋ ਹਰੀ ਦਾ ਬਣਾਇਆ ਅੰਮ੍ਰਿਤ ਰੂਪ ਉਤਮ ਭੋਜਨ ਹੈ। ਜਿਸ ਦੇ ਖਾਣ ਨਾਲ ਮਨ ਰੱਜ ਜਾਂਦਾ ਹੈ ਅਤੇ ਮੁਕਤੀ ਦਾ ਦੁਆਰ ਪ੍ਰਾਪਤ ਕਰ ਲਈਦਾ ਹੈ। ਹੇ ਸੰਤ ਜਨੋਂ! ਇਹ ਭੋਜਨ (ਪ੍ਰਾਪਤ ਹੋਣਾ) ਦੁਰਲੱਭ ਹੈ, (ਗੁਰੂ ਦੇ ਸ਼ਬਦ ਦੀ) ਵੀਚਾਰ ਦੁਆਰਾ ਲੱਭਦਾ ਹੈ। ਇਹ ਬੁਝਾਰਤ ਮਨ ਵਿਚੋਂ ਕਿਉਂ ਕੱਢੀਏ? ਸਦਾ ਹਿਰਦੇ ਵਿਚ ਧਾਰਨ ਕਰਕੇ ਰਖੀਏ। ਇਹ ਬੁਝਾਰਤ ਸਤਿਗੁਰੂ ਨੇ ਪਾਈ ਹੈ, ਗੁਰਸਿੱਖਾਂ ਨੇ ਢੂੰਢ ਕੇ ਲੱਭ (ਖੋਜ ਕਰਕੇ ਬੁੱਝ) ਲਈ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਨੂੰ (ਸਤਿਗੁਰੂ ਇਹ ਬੁਝਾਰਤ) ਬੁਝਾਏਗਾ, ਉਹ ਬੁੱਝੇਗਾ, ਗੁਰਮੁਖਾਂ ਨੇ (ਨਾਮ ਬਾਣੀ ਦੀ) ਘਾਲ ਕਮਾਈ ਕਰਕੇ ਹਰੀ ਨੂੰ ਪਾਇਆ ਹੈ।੧।

ਪਦਾਰਥ = ਥਾਲੈ–ਗੁਰ ਸ਼ਬਦ ਰੂਪ ਥਾਲ ਵਿਚ; ਹਿਰਦੇ ਰੂਪ ਥਾਲ ਵਿਚ। ਤੈ–ਤਿੰਨ। ਸਾਰੁ–ਸ੍ਰੇਸਟ। ਜਿਤੁ ਖਾਧੈ–ਜਿਸ ਦੇ ਖਾਣ ਨਾਲ। ਤ੍ਰਿਪਤੀਐ–ਰੱਜ ਜਾਂਦਾ ਹੈ। ਮੋਖ ਦੁਆਰੁ–ਮੁਕਤੀ ਦਾ ਦਰਵਾਜਾ (ਸਤਸੰਗਤ; ਗਿਆਨ)। ਅਲਭੁ (ਅਲੱਭ ਬੋਲੋ)–ਦੁਰਲੱਭ। ਸੰਤਹੁ–ਹੇ ਸੰਤ ਜਨੋਂ!। ਉਰਿ ਧਾਰਿ–ਹਿਰਦੇ ਵਿਚ ਧਾਰਨ ਕਰਕੇ। ਲਧੀ–ਲੱਭ ਲਈ। ਭਾਲਿ–ਢੂੰਢ ਕੇ। ਸੁ–ਉਹ। ਬੁਝਸੀ–ਬੁੱਝੇਗਾ। ਗੁਰਮੁਖਿ–ਗੁਰਮੁਖਾਂ ਨੇ; ਗੁਰੂ ਰਾਹੀਂ (ਗੁਰੂ ਦੀ ਸ਼ਰਣ ਵਿਚ ਪੈ ਕੇ)। ਘਾਲਿ–ਮਿਹਨਤ (ਸੇਵਾ) ਕਰਕੇ।੧।

ਮੁਦਾਵਣੀ = ।ਰਾਜੇ ਮਹਾਰਾਜਿਆਂ ਦਾ ਮੁਖੀ ਸੁਰੱਖਿਆ ਅਧਿਕਾਰੀ ਅਪਣੇ ਸਾਹਮਣੇ ਉਨ੍ਹਾਂ ਦਾ ਭੋਜਨ ਤਿਆਰ ਕਰਵਾਉਂਦਾ ਹੈ। ਥਾਲ ਵਿਚ ਪਰੋਸ ਕੇ ਉਸ ਉਤੇ ਮੋਹਰ ਲਾਈ ਜਾਂਦੀ ਹੈ, ਭੋਜਨ ਖਾਣ ਸਮੇਂ ਉਹ ਮੋਹਰ ਰਾਜੇ ਦੇ ਸਾਹਮਣੇ ਖੋਲ੍ਹੀ ਜਾਂਦੀ ਹੈ। ਤਾਤਪਰਜ ਇਹ ਹੁੰਦਾ ਹੈ ਕਿ ਕੋਈ ਵਿਰੋਧੀ ਜਹਿਰ ਆਦਿ ਨ ਮਿਲਾ ਦੇਵੇ। ਜਿਸ ਸ਼ਬਦ ਵਿਚ ਅਰਥ ਜਾਂ ਭਾਵ ਨੂੰ ਬੰਦ ਕਰਕੇ ਜਾਂ ਲੁਕਾ ਕੇ ਰੱਖਿਆ ਹੋਵੇ ਅਤੇ ਜੋ ਛੇਤੀ ਸਮਝ ਵਿਚ ਨਾ ਆ ਸਕੇ, ਉਸ ਨੂੰ ਮੁੰਦਾਵਣੀ ਕਹਿੰਦੇ ਹਨ

ਸ਼ਬਦਾਰਥ ਦਾ ਨੋਟ = ਮੋਹਰ ਛਾਪ ਲਾ ਕੇ ਬੰਦ ਕੀਤੀ ਹੋਈ ਭੇਤ ਵਾਲੀ ਗੱਲ, ਬੁਝਾਰਤ, ਅੜਾਉਣੀ। ਇਥੇ ਅੜਾਉਣੀ ਇਹ ਹੈ ਕਿ ਥਾਲ ਵਿਚ ਪਰੋਸਿਆ ਇਕ ਭੋਜਨ ਹੈ, ਜੋ ਤਿੰਨ ਚੀਜਾਂ ਤੋਂ ਬਣਿਆ ਹੈ। ਉਸ ਦੇ ਗੁਣ ਤਾਂ ਦਸ ਦਿਤੇ ਹਨ, ਪਰ ਉਹ ਚੀਜਾਂ ਨਹੀਂ ਦੱਸੀਆਂ। ਉਹ ਚੀਜਾਂ ਗੁਰਸਿੱਖਾਂ ਨੇ ਖੋਜ ਕਰਕੇ ਲੱਭਣੀਆਂ ਹਨ। ਇਸ ਮੁੰਦਾਰਣੀ ਦਾ ਹੱਲ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰੱਚੀ ਮੁੰਦਾਵਣੀ ਵਿਚ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿਚ ਦਿਤੀ ਹੈ (ਦੇਖੋ ਪੰਨਾ ੧੪੨੯)। ਓਥੇ ਦਸਿਆ ਹੈ ਕਿ "ਥਾਲ ਵਿਚ ਤਿੰਨਿ ਵਸਤੂ ਪਈਓ, ਸਤੁ ਸੰਤੋਖੁ ਵੀਚਾਰੋ" , ਭਾਵ ਉਹ ਚੀਜਾਂ ਸਤੁ ਸੰਤੋਖੁ ਤੇ ਵੀਚਾਰੁ ਹਨ।

ਦੂਜਾ ਅਰਥ = ਮਾਝੇ ਤੇ ਪੋਠੋਹਾਰ ਦੀ ਬੋਲੀ ਵਿਚ ਮੁੰਦਾਵਣੀ ਦਾ ਅਰਥ ਬੁਝਾਰਤ ਹੈ। ਇਕ ਥਾਲ ਵਿਚ ਭੋਜਨ ਪਰੋਸ ਕੇ ਔਰਤਾਂ ਬਰਾਤੀਆਂ ਦੇ ਅੱਗੇ ਸਿਠਣੀਆਂ ਦੇ ਰੂਪ ਵਿਚ ਮੁੰਦਾਵਣੀ (ਬੁਝਾਰਤ) ਪਾਉਂਦੀਆਂ ਹਨ ਕਿ ਬੁੱਝੋ ਥਾਲ ਵਿਚ ਕੀ ਪਰੋਸਿਆ ਹੋਇਆ ਹੈ? ਬਰਾਤੀਆਂ ਵਲੋਂ ਜਵਾਬ ਮਿਲਣ ਤੇ ਭੋਜਨ ਖਾਣਾ ਸ਼ੁਰੂ ਹੁੰਦਾ ਹੈ। ਸਿੱਖਾਂ ਦੇ ਮਨਾਂ ਵਿਚ ਗੁਰ ਸਿੱਖਿਆ ਦ੍ਰਿੜ ਕਰਾ ਕੇ ਸਤਿਗੁਰੂ ਜੀ ਨੇ ਮਰਿਆਦਾ ਦੀ ਮੋਹਰ ਲਗਾ ਦਿਤੀ ਹੈ। ਪ੍ਰਭੂ ਦੇ ਨਾਮ ਨੂੰ ਸਮਝਣਾ ਵੀ ਬੁਝਾਰਤ ਹੈ, ਜਿਸ ਦੀ ਸੂਝ ਬੂਝ ਸਤਿਗੁਰੂ ਨੇ ਦਿਤੀ ਹੈ। ਇਸ ਸਿਖਿਆ ਨੂੰ ਬਾਹਰ ਕਿਉਂ ਕਢੀਏ? ਹਿਰਦੇ ਵਿਚ ਧਾਰਣ ਕਰਕੇ ਰੱਖੀਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ (ਭਾ. ਵੀਰ ਸਿੰਘ ਜੀ) = (ਗੁਰਸਿੱਖ ਦੇ ਹਿਰਦੇ ਰੂਪ) ਥਾਲ ਵਿਚ (ਗੁਰੂ ਵੱਲੋਂ) ਤ੍ਰੈ ਵਸਤਾਂ (ਪਈਓ) ਪ੍ਰੋਸੀਆਂ ਗਈਆਂ ਹਨ, (ਜੋ ਸੰਸਾਰਕ ਭੋਜਨ ਨਹੀਂ, ਪਰ) ਹਰਿ ਭੋਜਨ (ਈਸ਼੍ਵਰੀਯ ਭੋਜਨ ਭਾਵ ਰੁਹਾਨੀ ਖੁਰਾਕ) ਹਨ। ਤੇ ਸੁਆਦ ਵਿਚ ਅੰਮ੍ਰਿਤ ਤੋਂ ਵੀ ਸ੍ਰੇਸਟ ਹਨ। ਜਿਸ (ਭੋਜਨ) ਦੇ ਖਾਧਿਆਂ ਮਨ ਤ੍ਰਿਪਤ ਹੁੰਦਾ ਹੈ ਤੇ ਮੁਕਤੀ ਦਾ ਦੁਆਰ ਪ੍ਰਾਪਤ ਕਰ ਲਈਦਾ ਹੈ

।ਹੇ ਸੰਤੋ ! ਏਹ ਭੋਜਨ (ਹੋਰ ਤ੍ਰੀਕਿਆਂ ਨਾਲ) ਨਹੀਂ ਲੱਭਦਾ, ਇਹ ਗੁਰੂ ਦੀ ਬਖਸ਼ੀ ਵਿਚਾਰ ਨਾਲ ਲੱਭਦਾ ਹੈ।

ਇਸ ਮੁਦਾਵਣੀ ਵਿਚ ਪਤਾ ਨਹੀਂ ਲੱਗਾ ਕਿ ਤ੍ਰੈ ਵਸਤਾਂ ਕੀ ਹਨ? ਮਾਨੋ ਇਹ ਵਾਕ ਅਜੇ ਬੁਝਾਰਤ ਹੈ।ਇਸ ਲਈ ਆਪ ਫੁਰਮਾਉਂਦੇ ਹਨ ਕਿ ਇਹ ਬੁਝਾਰਤ ਤਾਂ ਹੈ, ਪਰ ਇਸ ਨੂੰ ਵਿਚੋਂ ਕਿਉਂ ਕੱਢੀਏ? ਇਸ ਨੂੰ ਸਦਾ ਦਿਲ ਵਿਚ ਧਾਰਨ ਕਰੀਏ, ਇਹ ਬੁਝਾਰਤ ਸਤਿਗੁਰੂ ਨੇ ਆਪ ਪਾਈ ਹੈ ਤੇ ਗੁਰਸਿੱਖਾਂ ਨੇ ਭਾਲ ਕੇ ਲੱਭ ਲਾਈ ਹੈ।ਗੁਰਮੁਖਾਂ ਨੇ ਘਾਲ ਕਰਕੇ ਹਰੀ ਨੂੰ ਪਾਇਆ ਹੈ, ਤਾਂ ਤੇ ਜਿਸ ਨੂੰ ਵਾਹਿਗੁਰੂ ਬੁਝਾਏਗਾ, ਉਹੀ ਇਸ ਬੁਝਾਰਤ ਨੂੰ ਬੁੱਝੇਗਾ।ਇਸ ਸਲੋਕ ਵਿਚ ਗੁਰੂ ਜੀ ਨੇ ਇਕ ਈਸ਼੍ਵਰ ਪ੍ਰਾਪਤੀ ਦੇ ਸਾਰੇ ਸਿਧਾਂਤ ਦਾ ਇਸ਼ਾਰਾ ਦਿਤਾ ਹੈ, ਜੋ ਘਾਲ ਕਰਨ ਵਾਲੇ ਗੁਰਸਿੱਖਾਂ ਤੇ ਖੁਲ੍ਹ ਜਾਂਦਾ ਹੈ, ਇਸ ਸਲੋਕ ਵਿਚ ਖੋਲ੍ਹਿਆ ਨਹੀਂ ਹੈ।ਗੁਰਸਿੱਖੀ ਦੀ ਚੋਟੀ ਤੇ ਖੜੇ ਗੁਰੂ ਅਰਜਨ ਦੇਵ ਜੀ ਨੂੰ ਇਹ ਪਤਾ ਲਗਣਾ ਹੀ ਸੀ, ਗੁਰਿਆਈ ਦੇ ਤਖਤ ਤੇ ਬੈਠੇ ਗੁਰੂ ਅਰਜਨ ਦੇਵ ਜੀ ਨੇ ਇਸ ਬੁਝਾਰਤ ਨੂੰ ਖੋਲ੍ਹਿਆ ਹੈ, ਜੋ ਖੁਲ੍ਹ ਗਈ, ਬੁਝਾਰਤ ਨਹੀਂ ਰਹੀ, ਪਦਾਰਥ ਵੀ ਤ੍ਰੈ ਦਸ ਦਿਤੇ।ਸੋ ਦੂਸਰਾ ਸਲੋਕ ਪੰਜਵੇਂ ਸਤਿਗੁਰੂ ਜੀ ਦਾ ਇਸ ਬੁਝਾਰਤ ਦੀ ਖੁਲ੍ਹ ਹੈ, ਇਸ ਦਾ ਹੱਲ ਹੈ, ਇਸ ਕਰਕੇ ਉਸ ਦਾ ਸਿਰਲੇਖ ਬੀ ਮੁੰਦਾਵਣੀ ਹੈ।ਇਹ ਮੁੰਦਾਵਣੀ ਸਮਝਣ ਵਿਚ ਫੇਰ ਬੁਝਾਰਤ ਵੀ ਹੈ, ਜੋ ਥੋੜੀ ਜਿਹੀ ਵਿਚਾਰ ਨਾਲ ਖੁਲ੍ਹ ਜਾਂਦੀ ਹੈ।ਇਹ ਬੁਝਾਰਤ ਭੀ ਹੈ ਤੇ ਬੁਝਾਰਤ ਦੀ ਖੁਲ੍ਹ ਭੀ ਹੈ।(ਗੁ.ਗ੍ਰੰ.ਕੋਸ)

ਨੋਟ = ਇਹ ਵਿਆਖਿਆ ਸਲੋਕ ਮਹਲਾ ੯ ਵਾਲੇ ਫੋਲਡਰ ਵਿਚ ਪੰਨਾ ਨੰਬਰ ੧੨ ਤੇ ਵੀ ਪੜ੍ਹੀ ਜਾ ਸਕਦੀ ਹੈ।

ਮः ੩ ॥ ਜੋ ਧੁਰਿ ਮੇਲੇ ਸੇ ਮਿਲਿ ਰਹੇ, ਸਤਿਗੁਰ ਸਿਉ ਚਿਤੁ ਲਾਇ ॥ ਆਪਿ ਵਿਛੋੜੇਨੁ ਸੇ ਵਿਛੁੜੇ, ਦੂਜੈ ਭਾਇ ਖੁਆਇ ॥ ਨਾਨਕ ਵਿਣੁ ਕਰਮਾ ਕਿਆ ਪਾਈਐ, ਪੂਰਬਿ ਲਿਖਿਆ ਕਮਾਇ ॥੨॥ (ਹੇ ਭਾਈ!) ਜੋ ਮਨੁੱਖ ਹਰੀ ਨੇ ਧੁਰ ਤੋਂ ਮੇਲੇ ਹੋਏ ਹਨ, ਉਹ ਸਤਿ ਗੁਰੂ ਨਾਲ ਚਿਤ ਲਾ ਕੇ (ਹਰੀ ਨਾਲ) ਮਿਲੇ ਰਹਿੰਦੇ ਹਨ।(ਜੋ ਮਨੁੱਖ) ਉਸ ਹਰੀ ਨੇ ਅਪਣੇ ਨਾਲੋਂ ਆਪ ਵਿਛੋੜੇ ਹਨ, ਉਹ ਦ੍ਵੈਤ ਭਾਵ ਵਿਚ ਕੁਰਾਹੇ ਪੈ ਕੇ (ਹਰੀ ਨਾਲੋਂ) ਵਿਛੜ ਗਏ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਕਰਮਾਂ ਤੋਂ ਬਿਨਾ ਕੀ ਪ੍ਰਾਪਤ ਕੀਤਾ ਜਾ ਸਕਦਾ ਹੈ? (ਮਨੁੱਖ) ਪਹਿਲਾਂ ਤੋਂ ਲਿਖਿਆ (ਕਰਮ) ਕਮਾਉਂਦਾ ਹੈ (ਭਾਗਾਂ ਤੋਂ ਬਿਨਾ ਨਾਮ ਨਹੀਂ ਮਿਲਦਾ)।੨।

ਪਉੜੀ ॥ ਬਹਿ ਸਖੀਆ ਜਸੁ ਗਾਵਹਿ ਗਾਵਣਹਾਰੀਆ ॥ ਹਰਿ ਨਾਮੁ ਸਾਲਾਹਿਹੁ ਨਿਤ, ਹਰਿ ਕਉ ਬਲਿਹਾਰੀਆ ॥ ਜਿਨੀ ਸੁਣਿ ਮੰਨਿਆ ਹਰਿ ਨਾਉ ,ਤਿਨਾ ਹਉ ਵਾਰੀਆ ॥ ਗੁਰਮੁਖੀਆ ਹਰਿ ਮੇਲੁ ,ਮਿਲਾਵਣਹਾਰੀਆ ॥ ਹਉ ਬਲਿ ਜਾਵਾ ਦਿਨੁ ਰਾਤਿ, ਗੁਰ ਦੇਖਣਹਾਰੀਆ ॥੯॥ ਗਾਉਣ ਵਾਲੀਆਂ ਸਖੀਆਂ (ਸਤਸੰਗਣਾਂ ਸਤਸੰਗਤ ਵਿਚ) ਬੈਠ ਕੇ ਹਰੀ ਦਾ ਜਸ ਗਾਉਂਦੀਆਂ ਹਨ।(ਉਹ) ਹਰੀ ਤੋਂ ਬਲਹਾਰ ਜਾਂਦੀਆਂ ਹਨ ਅਤੇ (ਆਖਦੀਆਂ ਹਨ ਕਿ ਹੇ ਭਾਈ! ਤੁਸੀਂ ਸਾਰੇ) ਹਰ ਰੋਜ ਹਰੀ ਦੇ ਨਾਮ ਨੂੰ ਸਲਾਹੁੰਦੇ ਰਹੋ।ਜਿਨ੍ਹਾਂ ਪੁਰਖਾਂ ਨੇ ਸੁਣ ਕੇ ਹਰੀ ਦੇ ਨਾਮ ਨੂੰ ਮੰਨਿਆ ਹੈ, ਮੈਂ ਉਨ੍ਹਾਂ ਤੋਂ ਵਾਰਨੇ ਜਾਂਦਾ ਹਾਂ।ਹੇ ਹਰੀ! ਤੇਰੇ ਨਾਲ ਮਿਲਾਉਣ ਵਾਲੀਆਂ ਗੁਰਮੁਖ ਸਖੀਆਂ ਦਾ ਸਾਨੂੰ ਮੇਲ ਬਖਸ਼ੋ।ਮੈਂ (ਉਨ੍ਹਾਂ ਸਤਸੰਗਣਾਂ ਤੋਂ) ਦਿਨ ਰਾਤ ਕੁਰਬਾਨ ਜਾਂਦਾ ਹਾਂ, ਜੋ ਗੁਰੂ ਨੂੰ ਦੇਖਣ ਵਾਲੀਆਂ ਹਨ।੯।

ਪਦਾਰਥ = ਧੁਰਿ–ਧੁਰ ਦਰਗਾਹ ਤੋਂ।ਸੇ–ਉਹ।ਸਿਉ–ਨਾਲ।ਵਿਛੋੜੇਨੁ–ਉਸ ਨੇ ਵਿਛੋੜੇ ਹਨ।ਦੂਜੈ ਭਾਇ–ਦ੍ਵੈਤ ਭਾਵ (ਹਰੀ ਤੋਂ ਬਿਨਾ ਕਿਸੇ ਹੋਰ ਦੇ ਪਿਆਰ) ਵਿਚ।ਖੁਆਇ–ਕੁਰਾਹੇ ਪੈ ਕੇ; ਭੁਲਾ ਕੇ।ਵਿਣੁ ਕਰਮਾ–ਭਾਗਾਂ ਤੋਂ ਬਿਨਾ।ਪੂਰਬਿ–ਪਹਿਲਾਂ ਤੋਂ। ਕਮਾਇ–ਕਮਾਉਂਦਾ (ਕਰਦਾ) ਹੈ।੨।ਪਉੜੀ।ਬਹਿ–ਬੈਠ ਕੇ।ਸਖੀਆ–ਗੁਰਮੁਖ ਰੂਪ ਸਹੇਲੀਆਂ।ਸਾਲਾਹਿਹੁ–ਸਲਾਹੁੰਦੇ ਰਹੋ।ਨਿਤ –ਹਰ ਰੋਜ ;ਸਦਾ।ਤਿਨਾ–ਉਨ੍ਹਾਂ ਤੋਂ।ਹਉ–ਮੈਂ।ਵਾਰੀਆ–ਵਾਰਨੇ ਜਾਂਦਾ ਹਾਂ।ਦੇਖਣਹਾਰੀਆ–ਦੇਖਣ (ਦਰਸ਼ਨ ਕਰਨ) ਵਾਲੀਆਂ।੯।

ਅੰਗ ੬੪੬ = ਸਲੋਕੁ ਮः ੩ ॥ ਵਿਣੁ ਨਾਵੈ ਸਭਿ ਭਰਮਦੇ, ਨਿਤ ਜਗਿ ਤੋਟਾ ਸੈਸਾਰਿ ॥ ਮਨਮੁਖਿ ਕਰਮ ਕਮਾਵਣੇ, ਹਉਮੈ ਅੰਧੁ ਗੁਬਾਰੁ ॥ ਗੁਰਮੁਖਿ ਅੰਮ੍ਰਿਤੁ ਪੀਵਣਾ, ਨਾਨਕ ਸਬਦੁ ਵੀਚਾਰਿ ॥੧॥ (ਹੇ ਭਾਈ! ਹਰੀ ਦੇ) ਨਾਮ ਤੋਂ ਬਿਨਾ ਸਾਰੇ ਲੋਕ (ਜੋਨੀਆਂ ਵਿਚ) ਭਟਕਦੇ ਰਹਿੰਦੇ ਹਨ, (ਅਜੇਹੇ ਮਨੁੱਖਾਂ ਨੂੰ) ਸੰਸਾਰ ਵਿਚ ਨਿਤ ਘਾਟਾ ਹੀ ਰਹਿੰਦਾ ਹੈ।ਮਨਮੁੱਖਾਂ ਵਾਲੇ ਕਰਮ ਕਮਾਉਣ ਨਾਲ (ਮਨ ਵਿਚ) ਹਉਮੈ ਦਾ ਗਾੜ੍ਹਾ ਹਨ੍ਹੇਰਾ ਬਣਿਆ ਰਹਿੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੇ ਸ਼ਬਦ ਨੂੰ ਵਿਚਾਰ ਕੇ ਗੁਰਮੁਖ ਨਾਮ ਅੰਮ੍ਰਿਤ ਪੀਂਦੇ ਹਨ।੧। (ਜਗਿ ਤੇ ਸੈਸਾਰਿ ਸਮਾਨ ਅਰਥੀ ਹਨ)

ਮः ੩ ॥ ਸਹਜੇ ਜਾਗੈ ਸਹਜੇ ਸੋਵੈ ॥ ਗੁਰਮੁਖਿ ਅਨਦਿਨੁ ਉਸਤਤਿ ਹੋਵੈ ॥ ਮਨਮੁਖ ਭਰਮੈ ਸਹਸਾ ਹੋਵੈ ॥ ਅੰਤਰਿ ਚਿੰਤਾ ਨੀਦ ਨ ਸੋਵੈ ॥ ਗਿਆਨੀ ਜਾਗਹਿ ਸਵਹਿ ਸੁਭਾਇ ॥ ਨਾਨਕ ਨਾਮਿ ਰਤਿਆ ਬਲਿ ਜਾਉ ॥੨॥ (ਹੇ ਭਾਈ! ਗੁਰਮੁਖ) ਸੁਭਾਵਕ ਹੀ ਜਾਗਦਾ ਹੈ ਤੇ ਸੁਭਾਵਕ ਹੀ ਸੌਂਦਾ ਹੈ (ਗੁਰਮੁਖਾਂ ਦਾ ਜਾਗਣਾ ਤੇ ਸੌਣਾ ਹਠ ਵਾਲਾ ਨਹੀਂ, ਕੁਦਰਤੀ ਜੋ ਜਾਗਣ ਸੌਣ ਦੀ ਕਿਰਿਆ, ਉਹ ਨਿਰੰਤਰ ਅਪਣੇ ਆਪ ਚਲਦੀ ਰਹਿੰਦੀ ਹੈ)।ਗੁਰਮੁਖਾਂ ਤੋਂ ਹਰ ਰੋਜ (ਹਰੀ ਦੀ) ਉਸਤਤੀ ਹੁੰਦੀ ਹੈ।ਮਨਮੁਖ ਭਟਕਦਾ ਹੈ, (ਕਿਉਂਕਿ ਉਸ ਦੇ ਅੰਦਰ) ਸੰਸਾ ਹੁੰਦਾ ਹੈ।(ਉਸ ਦੇ ਮਨ ਦੇ) ਅੰਦਰ ਚਿੰਤਾ ਹੋਣ ਕਰਕੇ (ਉਹ ਆਰਾਮ ਦੀ) ਨੀਂਦ ਨਹੀਂ ਸੌਂ ਸਕਦਾ।ਗਿਆਨ

ਵਾਨ ਪੁਰਖ ਸੁਭਾਵਕ (ਕੁਦਰਤੀ ਸ਼ਾਂਤੀ ਨਾਲ) ਜਾਗਦੇ ਹਨ ਤੇ ਸੁਭਾਵਕ ਹੀ ਸੌਂਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ (ਮੈਂ ਹਰੀ ਦੇ) ਨਾਮ ਵਿਚ ਰੰਗੇ (ਮਸਤ) ਹੋਏ ਗੁਰਮੁਖਾਂ ਤੋਂ ਬਲਹਾਰ ਜਾਂਦਾ ਹਾਂ।੨।

ਪਦਾਰਥ = ਵਿਣੁ ਨਾਮ-ਨਾਮ ਤੋਂ ਬਿਨਾ। ਭਰਮਦੇ-ਭਟਕਦੇ ਰਹਿੰਦੇ ਹਨ। ਨਿਤ-ਸਦਾ; ਹਰ ਰੋਜ। ਤੋਟਾ-ਘਾਟਾ। ਸੈਸਾਰਿ-ਸੰਸਾਰ ਵਿਚ। ਕਰਮ ਕਮਾਵਣੇ-ਕਰਮ ਕਰਨ ਨਾਲ। ਅੰਧੁ ਗੁਬਾਰੁ-ਘੁੱਪ ਹਨ੍ਹੇਰਾ।੧। ਸਹਜੇ-ਸੁਭਾਵਕ; ਕੁਦਰਤੀ ਤੌਰ ਤੇ; ਟਿਕੇ ਹੋਏ ਮਨ ਨਾਲ। ਅਨਦਿਨੁ-ਹਰ ਰੋਜ। ਸਹਸਾ-ਸੰਸਾ; ਸ਼ੱਕ। ਅੰਤਰਿ-ਮਨ ਦੇ ਅੰਦਰ। ਗਿਆਨੀ-ਗਿਆਨਵਾਨ ਪੁਰਖ। ਸਵਹਿ-ਸੌਂਦੇ ਹਨ। ਸੁਭਾਇ-ਸੁਭਾਵਕ ਹੀ। ਨਾਮਿ-ਨਾਮ ਵਿਚ। ਰਤਿਆ-ਰੰਗੇ ਹੋਏ। ਬਲਿ ਜਾਉ-ਸਦਕੇ ਜਾਂਦਾ ਹਾਂ।੨।

ਪਉੜੀ ॥ ਸੇ ਹਰਿ ਨਾਮੁ ਧਿਆਵਹਿ, ਜੋ ਹਰਿ ਰਤਿਆ ॥ ਹਰਿ ਇਕੁ ਧਿਆਵਹਿ ਇਕੁ ,ਇਕੋ ਹਰਿ ਸਤਿਆ ॥ ਹਰਿ ਇਕੋ ਵਰਤੈ ਇਕੁ ,ਇਕੋ ਉਤਪਤਿਆ ॥ ਜੋ ਹਰਿ ਨਾਮੁ ਧਿਆਵਹਿ, ਤਿਨ ਡਰੁ ਸਟਿ ਘਤਿਆ ॥ ਗੁਰਮਤੀ ਦੇਵੈ ਆਪਿ, ਗੁਰਮੁਖਿ ਹਰਿ ਜਪਿਆ ॥੯॥ (ਹੇ ਭਾਈ!) ਉਹ ਹਰੀ ਦਾ ਨਾਮ ਧਿਆਉਂਦੇ ਹਨ, ਜੋ ਪੁਰਖ ਹਰੀ ਦੇ ਨਾਮ ਵਿਚ ਰੰਗੇ ਹੋਏ ਹਨ। (ਉਹ) ਇਕੋ ਇਕ ਹਰੀ ਦਾ ਨਾਮ ਧਿਆਉਂਦੇ ਹਨ, ਜੋ ਇਕੋ ਹਰੀ ਸੱਤ (ਸਦਾ ਸਥਿਰ ਰਹਿਣ ਵਾਲਾ) ਹੈ; ਇਕੋ ਹਰੀ ਦੀ (ਸਭ ਜੀਵਾਂ ਵਿਚ) ਸੱਤਾ ਹੈ। ਇਕੋ ਇਕ ਹਰੀ (ਸਭ ਥਾਂ) ਵਰਤ ਰਿਹਾ ਹੈ, (ਜਿਸ) ਇਕ ਹਰੀ ਨੇ (ਜਗਤ ਨੂੰ) ਪੈਦਾ ਕੀਤਾ ਹੈ। ਜੋ ਪੁਰਖ ਹਰੀ ਦੇ ਨਾਮ ਨੂੰ ਧਿਆਉਂਦੇ ਹਨ, ਉਨ੍ਹਾਂ ਨੇ (ਹਰ ਪ੍ਰਕਾਰ ਦਾ) ਡਰ ਦੂਰ ਕਰ ਦਿਤਾ ਹੈ। (ਉਸ ਮਨੁੱਖ ਨੇ) ਗੁਰੂ ਦੀ ਸ਼ਰਣ ਵਿਚ ਪੈ ਕੇ ਹਰੀ ਦਾ ਨਾਮ ਜਪਿਆ ਹੈ, (ਜਿਸ ਨੂੰ ਉਹ) ਆਪ ਗੁਰੂ ਦੀ ਸਿੱਖਿਆ ਰਾਹੀਂ (ਇਹ ਦਾਤ) ਦੇਂਦਾ ਹੈ।੯।

ਪਦਾਰਥ = ਸੇ-ਉਹ। ਰਤਿਆ-ਰੰਗੇ ਹੋਏ ਹਨ। ਸਤਿਆ-ਸਦਾ ਸਥਿਰ ਰਹਿਣ ਵਾਲਾ; ਚੇਤਨ ਸੱਤਾ; ਜੋਤ। ਉਤਪਤਿਆ-ਪੈਦਾ ਕੀਤਾ ਹੈ। ਤਿਨ-ਉਨ੍ਹਾਂ ਨੇ। ਸਟਿ ਘਤਿਆ-ਦੂਰ ਕਰ ਦਿਤਾ ਹੈ। ਗੁਰਮਤੀ-ਗੁਰੂ ਦੀ ਸਿੱਖਿਆ ਰਾਹੀਂ। ਗੁਰਮੁਖਿ-ਗੁਰੂ ਦੁਆਰਾ।੯।

ਸਲੋਕ ਮਃ ੩ ॥ ਅੰਤਰਿ ਗਿਆਨੁ ਨ ਆਇਓ, ਜਿਤੁ ਕਿਛੁ ਸੋਝੀ ਪਾਇ ॥ ਵਿਣੁ ਡਿਠਾ ਕਿਆ ਸਾਲਾਹੀਐ, ਅੰਧਾ ਅੰਧੁ ਕਮਾਇ ॥ ਨਾਨਕ ਸਬਦੁ ਪਛਾਣੀਐ, ਨਾਮੁ ਵਸੈ ਮਨਿ ਆਇ ॥੧॥ (ਹੇ ਭਾਈ! ਜਿਸ ਮਨੁੱਖ ਦੇ ਹਿਰਦੇ) ਅੰਦਰ ਹਰੀ ਦਾ ਗਿਆਨ ਨਹੀਂ ਆਇਆ, ਜਿਸ (ਗਿਆਨ) ਰਾਹੀਂ ਉਹ ਕੁਛ ਸੋਝੀ ਪਾ ਸਕੇ। (ਅੰਨ੍ਹਾ ਮਨੁੱਖ, ਜਿਸ ਨੂੰ ਕੁਛ ਦਿਸਦਾ ਨਹੀਂ) ਬਿਨਾ ਦੇਖੇ (ਸਮਝ ਤੋਂ ਬਿਨਾ ਉਹ ਹਰੀ ਦੀ) ਕੀ ਸਿਫਤ ਸਲਾਹ ਕਰੇ? ਅੰਨ੍ਹਾ (ਅਗਿਆਨੀ ਮਨੁੱਖ) ਅੰਨ੍ਹਾ ਕੰਮ ਕਰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜੇ ਗੁਰੂ ਦੇ) ਸ਼ਬਦ ਨੂੰ ਪਛਾਣ (ਸਮਝ) ਲਈਏ ਤਾਂ ਹਰੀ ਦਾ ਨਾਮ ਮਨ ਵਿਚ ਆ ਵਸਦਾ ਹੈ।੧।

ਮਃ ੩ ॥ ਇਕਾ ਬਾਣੀ ਇਕੁ ਗੁਰੁ ,ਇਕੋ ਸਬਦੁ ਵੀਚਾਰਿ ॥ ਸਚਾ ਸਉਦਾ ਹਟੁ ਸਚੁ ,ਰਤਨੀ ਭਰੇ ਭੰਡਾਰ ॥ ਗੁਰ ਕਿਰਪਾ ਤੇ ਪਾਈਅਨਿ, ਜੇ ਦੇਵੈ ਦੇਵਣਹਾਰੁ ॥ ਸਚਾ ਸਉਦਾ ਲਾਭੁ ਸਦਾ, ਖਟਿਆ ਨਾਮੁ ਅਪਾਰੁ ॥ ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ, ਕਰਮਿ ਪੀਆਵਣਹਾਰੁ ॥ ਨਾਨਕ ਸਚੁ ਸਲਾਹੀਐ, ਧੰਨੁ ਸਵਾਰਣਹਾਰੁ ॥੨॥ (ਹੇ ਭਾਈ! ਜਗਤ ਵਿਚ ਗੁਰੂ ਨਾਨਕ ਦੇਵ ਜੀ) ਇਕ ਹੀ ਗੁਰੂ ਹਨ, (ਉਨ੍ਹਾਂ ਦੀ ਉਚਾਰਨ ਕੀਤੀ ਰੱਬੀ) ਬਾਣੀ ਇਕ ਹੈ ਅਤੇ (ਗੁਰੂ ਦੇ) ਇਕੋ ਸ਼ਬਦ ਨੂੰ ਵਿਚਾਰਨਾ ਹੈ। (ਗੁਰੂ ਦਾ ਸ਼ਬਦ) ਸਚਾ ਸੌਦਾ ਹੈ, (ਗੁਰੂ ਦੀ ਸੰਗਤ) ਸੱਚੀ ਹੱਟ ਹੈ, (ਗੁਰਬਾਣੀ ਵਿਚ ਦੈਵੀ ਗੁਣਾਂ ਦੇ) ਰਤਨਾਂ ਦੇ ਭੰਡਾਰ ਭਰੇ ਪਏ ਹਨ। ਗੁਰੂ ਦੀ ਕ੍ਰਿਪਾ ਨਾਲ (ਇਹ ਰਤਨ) ਪਾਏ ਜਾਂਦੇ ਹਨ, ਜੇ ਦੇਣ ਵਾਲਾ (ਪ੍ਰਭੂ ਬਖਸ਼ਿਸ਼ ਕਰ) ਦੇਵੇ। (ਜਿਸ ਮਨੁੱਖ ਨੇ) ਬੇਅੰਤ ਪ੍ਰਭੂ ਦੇ ਨਾਮ ਨੂੰ ਖੱਟਿਆ ਹੈ, (ਉਸ ਨੂੰ ਇਸ) ਸੱਚੇ ਸੌਦੇ ਦਾ ਸਦਾ ਲਾਭ ਹੋਇਆ ਹੈ। (ਵਿਸ਼ੇ ਵਿਕਾਰ ਜਾਂ ਮਾਇਆ ਰੂਪ) ਜਹਿਰ ਭਰੇ ਸੰਸਾਰ ਵਿਚ ਨਾਮ ਰੂਪ ਅੰਮ੍ਰਿਤ ਪ੍ਰਗਟ ਹੋਇਆ ਹੈ, (ਇਹ ਅੰਮ੍ਰਿਤ ਪ੍ਰਭੂ ਅਪਣੀ) ਬਖਸ਼ਿਸ਼ ਨਾਲ ਪਿਲਾਉਣ ਵਾਲਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਸੱਚੇ ਪ੍ਰਭੂ ਨੂੰ ਸਲਾਹੁਣਾ ਚਾਹੀਦਾ ਹੈ, (ਉਹ ਪ੍ਰਭੂ ਨਾਮ ਦੀ ਦਾਤ ਦੇ ਕੇ ਸਭ ਦੇ ਜੀਵਨ ਨੂੰ) ਸਵਾਰਨ ਵਾਲਾ ਧੰਨਤਾ ਦੇ ਯੋਗ ਹੈ।੨।

ਪਦਾਰਥ = ਅੰਤਰਿ-ਹਿਰਦੇ ਅੰਦਰ। ਜਿਤੁ-ਜਿਸ (ਗਿਆਨ) ਰਾਹੀਂ। ਸੋਝੀ-ਸਮਝ; ਗਿਆਨ; ਬਿਬੇਕ ਬੁਧੀ। ਵਿਣੁ ਡਿਠਾ-ਬਿਨਾ ਦੇਖੇ (ਸਮਝ ਤੋਂ)। ਕਿਆ-ਕੀ; ਕਿਸ ਤਰ੍ਹਾਂ। ਅੰਧਾ-ਅਗਿਆਨੀ ਮਨੁੱਖ। ਅੰਧੁ ਕਮਾਇ-ਵਿਚਾਰ ਰਹਿਤ (ਅਗਿਆਨਤਾ ਵਾਲੇ) ਕਰਮ ਕਰਦਾ ਹੈ। ਮਨਿ-ਮਨ ਵਿਚ।੧। ਵਿਚਾਰਿ-ਵਿਚਾਰਨ ਲਈ। ਹਟੁ-ਦੁਕਾਨ। ਰਤਨੀ-ਰਤਨਾਂ ਦੇ। ਕਿਰਪਾ ਤੇ-ਕਿਰਪਾ ਨਾਲ। ਅਪਾਰੁ-ਬੇਅੰਤ ਪ੍ਰਭੂ ਦਾ। ਵਿਖੁ ਵਿਚਿ-ਮਾਇਕ ਸੰਸਾਰ ਵਿਚ। ਕਰਮਿ-ਬਖਸ਼ਿਸ਼ ਨਾਲ। ਸਵਾਰਣਹਾਰੁ-ਸਵਾਰਨ ਵਾਲਾ (ਪ੍ਰਭੂ ਜਾਂ ਗੁਰੂ)।੨।

ਪਉੜੀ ॥ ਜਿਨਾ ਅੰਦਰਿ ਕੂੜੁ ਵਰਤੈ, ਸਚੁ ਨ ਭਾਵਈ, ਜੇ ਕੋ ਬੋਲੈ ਸਚੁ ,ਕੂੜਾ ਜਲਿ ਜਾਵਈ ॥ ਕੂੜਿਆਰੀ ਰਜੈ ਕੂੜਿ, ਜਿਉ ਵਿਸਟਾ ਕਾਗੁ ਖਾਵਈ ॥ ਜਿਸੁ ਹਰਿ ਹੋਇ ਕ੍ਰਿਪਾਲੁ ,ਸੋ ਨਾਮੁ ਧਿਆਵਈ ॥ ਹਰਿ ਗੁਰਮਖਿ ਨਾਮੁ ਅਰਾਧਿ, ਕੂੜੁ ਪਾਪੁ ਲਹਿ ਜਾਵਈ ॥੧੦॥ (ਹੇ ਭਾਈ!) ਜਿਨ੍ਹਾਂ ਮਨੁੱਖਾਂ ਦੇ ਮਨਾਂ ਅੰਦਰ ਝੂਠ ਵਰਤਦਾ ਹੈ, (ਉਨ੍ਹਾਂ ਨੂੰ) ਸੱਚ ਚੰਗਾ ਨਹੀਂ ਲਗਦਾ। ਜੇ ਕੋਈ ਮਨੁੱਖ ਸੱਚ

ਬੋਲਦਾ ਹੈ, ਤਾਂ ਝੂਠਾ ਮਨੁੱਖ ਸੜ ਜਾਂਦਾ ਹੈ। ਝੂਠਾ ਮਨੁੱਖ ਝੂਠ ਨਾਲ ਹੀ ਰੱਜਦਾ ਹੈ, ਜਿਵੇਂ ਕਾਂ (ਅਪਣਾ ਪੇਟ ਭਰਨ ਲਈ) ਗੰਦਗੀ ਖਾਂਦਾ ਹੈ। ਜਿਸ ਮਨੁੱਖ ਉਤੇ ਹਰੀ ਮੇਹਰਵਾਨ ਹੁੰਦਾ ਹੈ, ਉਹ ਹਰੀ ਦਾ ਨਾਮ ਸਿਮਰਦਾ ਹੈ। (ਜੋ ਮਨੁੱਖ) ਗੁਰੂ ਦੁਆਰਾ ਹਰੀ ਦਾ ਨਾਮ ਸਿਮਰਦਾ ਹੈ, (ਉਸ ਦੇ ਮਨ ਵਿਚੋਂ) ਝੂਠ ਤੇ ਪਾਪ ਰੂਪ ਮੈਲ ਲਹਿ ਜਾਂਦੀ ਹੈ।੧੦।

ਪਦਾਰਥ = ਜਿਨਾ ਅੰਦਰਿ–ਜਿਨ੍ਹਾਂ ਦੇ ਮਨ ਅੰਦਰ। ਨ ਭਾਵਈ–ਚੰਗਾ ਨਹੀਂ ਲਗਦਾ। ਕੋ–ਕੋਈ। ਜਲਿ ਜਾਵਈ–ਸੜ ਜਾਂਦਾ ਹੈ। ਵਿਸਟਾ –ਗੰਦਗੀ। ਕਾਗੁ–ਕਾਂ। ਖਾਵਈ–ਖਾਂਦਾ ਹੈ। ਸੋ–ਉਹ। ਗੁਰਮੁਖਿ–ਗੁਰੂ ਦੁਆਰਾ। ਲਹਿ ਜਾਵਈ–ਉਤਰ ਜਾਂਦੀ ਹੈ।੧੦।

ਉਥਾਨਕਾ = ਗੋਇੰਦਵਾਲ ਵਿਖੇ ਰਹਿੰਦੇ ਸ਼ੇਖ ਗੁਰੂ ਅਮਰਦਾਸ ਜੀ ਨਾਲ ਬਹੁਤ ਈਰਖਾ ਕਰਦੇ ਸਨ, ਇਹ ਮਰਵਾਹਿਆ ਦੇ ਚੱਕੇ ਹੋਏ ਸਨ। ਜਦ ਸਿੱਖ ਬਿਆਸ ਨਦੀ ਤੋਂ ਪਾਣੀ ਭਰ ਕੇ ਲਿਉਂਦੇ ਸਨ, ਤਾਂ ਇਨ੍ਹਾਂ ਸੇਖਾਂ ਦੇ ਮੁੰਡੇ ਗੁਲੇਲੇ ਮਾਰ ਕੇ ਘੜੇ ਭੰਨ੍ਹ ਦੇਂਦੇ ਸਨ। ਸਿੱਖਾਂ ਨੇ ਗੁਰੂ ਸਾਹਿਬ ਪਾਸ ਇਨ੍ਹਾਂ ਮੁੰਡਿਆਂ ਦੀ ਸ਼ਿਕਾਇਤ ਕੀਤੀ, ਤਾਂ ਗੁਰੂ ਜੀ ਨੇ ਘੜਿਆਂ ਦੀ ਜਗ੍ਹਾ ਮਸ਼ਕਾਂ ਬਣਾ ਲੈਣ ਨੂੰ ਕਹਿ ਦਿਤਾ। ਜਦ ਸਿੱਖ ਪਾਣੀ ਦੀਆਂ ਮਸ਼ਕਾਂ ਭਰ ਕੇ ਲਿਆਉਣ ਲੱਗੇ ਤਾਂ ਉਹ ਤੀਰ ਮਾਰ ਕੇ ਮਸ਼ਕਾਂ ਵਿਚ ਛੇਕ ਕਰ ਦਿਆ ਕਰਦੇ ਸਨ। ਜਦ ਸਿੱਖਾਂ ਨੇ ਦੁਬਾਰਾ ਇਨ੍ਹਾਂ ਦੀ ਸ਼ਿਕਾਇਤ ਕੀਤੀ ਤਾਂ ਗੁਰੂ ਜੀ ਨੇ ਗਾਗਰਾਂ ਵਿਚ ਪਾਣੀ ਭਰ ਕੇ ਲਿਆਉਣ ਨੂੰ ਕਿਹਾ। ਜਦ ਸਿੱਖ ਗਾਗਰਾਂ ਵਿਚ ਪਾਣੀ ਭਰ ਕੇ ਲਿਆਉਣ ਲਗੇ ਤਾਂ ਉਹ ਮੁੰਡੇ ਇੱਟਾਂ ਪੱਥਰ ਮਾਰਨ ਲਗ ਪਏ। ਫਿਰ ਗੁਰੂ ਜੀ ਨੇ ਸ਼ੇਖਾਂ ਦੇ ਮੁਖੀ ਨੂੰ ਬੁਲਾ ਕੇ ਸਮਝਾਉਣ ਲਈ ਇਹ ਸਲੋਕ ਉਚਾਰਿਆ। (ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਰਾਸਿ ੧ ਅੰਸੂ ੩੮ ਵਿਚ ਇਸ ਦਾ ਵੇਰਵਾ ਹੈ)। ਇਸੇ ਸ਼ੇਖ ਨੂੰ ਅੰਗ ੫੫੧ ਤੇ ਬਿਹਾਗਣੇ ਦੀ ਵਾਰ ਦੀ ੯ ਵੀਂ ਪਉੜੀ ਦੇ ਪਹਿਲੇ ਸਲੋਕ ਵਿਚ ਵੀ ਸਿੱਖਿਆ ਦਿਤੀ ਹੈ।

ਸਲੋਕੁ ਮਃ ੩ ॥ ਸੇਖਾ ਚਉਚਕਿਆ ਚਉਵਾਇਆ, ਏਹੁ ਮਨੁ ਇਕਤੁ ਘਰਿ ਆਣਿ ॥ ਏਹੜ ਤੇਹੜ ਛਡਿ ਤੂ ,ਗੁਰ ਕਾ ਸਬਦੁ ਪਛਾਣੁ ॥ ਸਤਿਗੁਰ ਅਗੈ ਢਹਿ ਪਉ ,ਸਭੁ ਕਿਛੁ ਜਾਣੈ ਜਾਣੁ ॥ ਆਸਾ ਮਨਸਾ ਜਲਾਇ ਤੂ ,ਹੋਇ ਰਹੁ ਮਿਹਮਾਣੁ ॥ ਸਤਿਗੁਰ ਕੈ ਭਾਣੈ ਭੀ ਚਲਹਿ. ਤਾ ਦਰਗਹ ਪਾਵਹਿ ਮਾਣੁ ॥ ਨਾਨਕ ਜਿ ਨਾਮੁ ਨ ਚੇਤਨੀ, ਤਿਨ ਧਿਗੁ ਪੈਨਣੁ ਧਿਗੁ ਖਾਣੁ ॥੧॥ ਚਾਰ ਕੁ ਮਨੁੱਖਾਂ ਦੇ ਚੁੱਕੇ ਚਕਾਏ ਹੋਏ ਤੇ ਡੋਲਣ ਵਾਲੇ ਹੇ ਸ਼ੇਖ! ਅਪਣੇ ਇਸ ਮਨ ਨੂੰ ਇਕ ਟਿਕਾਣੇ ਲਿਆ (ਸਭ ਧਰਮਾਂ ਦੇ ਬੰਦਿਆਂ ਵਿਚ ਇਕ ਰੱਬ ਦੀ ਜੋਤ ਜਾਣ)। ਤੂੰ ਏਧਰ ਓਧਰ (ਮੇਰ ਤੇਰ) ਦੀਆਂ ਗੱਲਾਂ ਛਡ ਦੇਹ, ਗੁਰੂ ਦੇ ਉਪਦੇਸ਼ ਨੂੰ ਸਮਝ। (ਹੇ ਸ਼ੇਖ! ਤੂੰ) ਸਤਿਗੁਰੂ ਦੇ ਅੱਗੇ ਢਹਿ (ਸ਼ਰਣ ਵਿਚ ਆ) ਪਉ, ਜਾਣੀ ਜਾਣ (ਅੰਤਰਜਾਮੀ ਸਤਿਗੁਰੂ) ਸਭ ਕੁਛ ਜਾਣਦਾ ਹੈ। ਤੂੰ (ਅਪਣੀਆਂ) ਆਸਾਂ ਤੇ ਖਾਹਿਸ਼ਾਂ ਨੂੰ ਸਾੜ ਕੇ (ਸੰਸਾਰ ਵਿਚ) ਮਹਿਮਾਨ ਹੋ ਕੇ ਰਹੁ। ਜੇ ਤੂੰ ਸਤਿਗੁਰੂ ਦੇ ਭਾਣੇ ਵਿਚ ਚੱਲੇਂ ਤਾਂ ਦਰਗਾਹ ਵਿਚ ਆਦਰ ਪਾਵੇਂਗਾ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਹੜੇ ਮਨੁੱਖ ਨਾਮ ਨਹੀਂ ਸਿਮਰਦੇ, ਉਨ੍ਹਾਂ ਦਾ ਪਹਿਨਣਾ ਧ੍ਰਿਗ ਹੈ ਤੇ ਖਾਣਾ ਵੀ ਧ੍ਰਿਗ ਹੈ।੧।

ਪਦਾਰਥ = ਸੇਖਾ–ਹੇ ਸ਼ੇਖ!। ਚਉਚਕਿਆ–ਚਾਰ ਕੁ ਮਨੁੱਖਾਂ ਦਾ ਚੁੱਕਿਆ ਭਾਵ ਦੁਸ਼ਟ ਮੰਡਲੀ ਦਾ ਭੜਕਾਇਆ ਹੋਇਆ (ਮ.ਕੋ.); ਚਾਰੇ ਚੱਕਾਂ (ਚਾਰੇ ਪਾਸੇ) ਘੁੰਮਣ ਵਾਲਾ ਭਾਵ ਚੁਫੇਰ ਗੜ੍ਹੀਆ (ਸ਼ਬਦਾਰਥ); ਚੋਰੀ ਠੱਗੀ ਕਰਨ ਵਾਲਾ (ਫ.ਸ.; ਸੰ.ਸ.; ਟਕਸਾਲ)। ਚਉਵਾਇਆ–ਚਾਰ ਕੁ ਮਨੁੱਖਾਂ ਦਾ ਵਜਾਇਆ ਹੋਇਆ ਭਾਵ ਅਪਣੀ ਅਕਲ ਤੋਂ ਖਾਲੀ ਅਤੇ ਚਾਰ ਕੁ ਲੋਕਾਂ ਦਾ ਵਾਜੇ ਵਾਂਗ ਵਜਾਉਣ ਤੇ ਬੋਲਣ ਵਾਲਾ (ਮ.ਕੋ.); ਡੋਲਣ ਵਾਲਾ ਮਨੁੱਖ (ਸ਼ਬਦਾਰਥ); ਚੰਚਲ; ਚੌੜ ਵਿਚ ਆਇਆ ਹੋਇਆਂ ਤੇ ਹੰਕਾਰੀ (ਟਕਸਾਲ)। ਇਕਤੁ ਘਰਿ–ਇਕ ਟਿਕਾਣੇ। ਆਣਿ–ਲਿਆ। ਏਹੜ ਤੇਹੜ–ਏਧਰ ਓਧਰ (ਜਾਂ ਮੇਰ ਤੇਰ) ਦੀਆਂ ਗੱਲਾਂ; ਏਹ ਤੇ ਉਹ ਆਦਿ ਬਚਨ (ਗੁ. ਗ੍ਰੰ. ਕੋਸ਼); ਇਸ ਦੇਹ ਦਾ ਅਭਿਮਾਨ ਅਤੇ ਤਿੰਨ ਗੁਣ (ਗੁ. ਗ੍ਰੰ. ਕੋਸ਼)। ਜਾਣੁ–ਜਾਣੀ ਜਾਣ (ਸਭ ਕੁਛ ਜਾਨਣ ਵਾਲਾ)। ਆਸਾ ਮਨਸਾ–ਆਸਾਂ ਤੇ ਖਾਹਿਸ਼ਾਂ; ਪ੍ਰਾਪਤੀ ਦੀ ਇੱਛਾ ਅਤੇ ਸੰਕਲਪ ਵ੍ਰਿਤੀ (ਮ.ਕੋ.)। ਜਲਾਇ–ਸਾੜ ਦੇਹ। ਮਿਹਮਾਣੁ–ਮਹਿਮਾਨ। ਭਾਣੈ–ਭਾਣੇ ਵਿਚ। ਭੀ–ਜੇ (ਮ.ਕੋ.)। ਮਾਣੁ–ਆਦਰ। ਨ ਚੇਤਨੀ–ਨਹੀਂ ਸਿਮਰਦੇ। ਧਿਗੁ–ਫਿਟਕਾਰ ਯੋਗ।੧।

ਮਃ ੩ ॥ ਹਰਿ ਗੁਣ ਤੋਟਿ ਨ ਆਵਈ, ਕੀਮਤਿ ਕਹਣੁ ਨ ਜਾਇ ॥ ਨਾਨਕ ਗੁਰਮੁਖਿ ਹਰਿ ਗੁਣ ਰਵਹਿ, ਗੁਣ ਮਹਿ ਰਹੈ ਸਮਾਇ ॥੨॥ (ਹੇ ਭਾਈ!) ਹਰੀ ਦੇ ਗੁਣਾਂ ਦੀ ਕੋਈ ਤੋਟ ਨਹੀਂ ਆਉਂਦੀ ਅਤੇ ਨਾ ਹੀ (ਉਸ ਦੇ ਗੁਣਾਂ ਦੀ) ਕੀਮਤ ਕਹੀ ਜਾ ਸਕਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰਮੁਖ ਜਨ ਹਰੀ ਦੇ ਗੁਣ ਗਾਉਂਦੇ ਹਨ ਅਤੇ (ਹਰੀ ਦੇ) ਗੁਣਾਂ ਵਿਚ ਸਮਾਏ ਰਹਿੰਦੇ ਹਨ।੨।

ਪਉੜੀ ॥ ਹਰਿ ਚੋਲੀ ਦੇਹ ਸਵਾਰੀ, ਕਢਿ ਪੈਧੀ ਭਗਤਿ ਕਰਿ ॥ ਹਰਿ ਪਾਟੁ ਲਗਾ ਅਧਿਕਾਈ, ਬਹੁ ਬਹੁ ਬਿਧਿ ਭਾਤਿ ਕਰਿ ॥ ਕੋਈ ਬੂਝੈ ਬੂਝਣਹਾਰਾ, ਅੰਤਰਿ ਬਿਬੇਕੁ ਕਰਿ ॥ ਸੋ ਬੂਝੈ ਏਹੁ ਬਿਬੇਕੁ ,ਜਿਸੁ ਬੁਝਾਏ ਆਪਿ ਹਰਿ ॥ (ਹੇ ਭਾਈ!) ਹਰੀ ਨੇ ਦੇਹ ਰੂਪੀ ਚੋਲੀ (ਅੰਗੀ ਸੋਹਣੀ) ਬਣਾਈ ਹੈ ਅਤੇ ਭਗਤੀ ਰੂਪ ਕਸੀਦਾ ਕਢ ਕਰਕੇ ਮੈਂ ਇਹ ਚੋਲੀ ਪਹਿਨੀ ਹੈ। ਹਰੀ ਦੇ ਨਾਮ ਸਿਮਰਨ ਦਾ ਬਹੁਤ ਤਰ੍ਹਾਂ ਤੇ ਬਹੁਤ ਕਿਸਮਾਂ ਦਾ ਰੇਸ਼ਮ (ਇਸ ਚੋਲੀ ਉਤੇ) ਲੱਗਾ ਹੋਇਆ ਹੈ। ਕੋਈ ਸਮਝਣ ਵਾਲਾ ਮਨੁੱਖ ਅਪਣੇ ਹਿਰਦੇ ਅੰਦਰ

ਵਿਚਾਰ ਕਰਕੇ (ਇਸ ਗੱਲ ਨੂੰ) ਸਮਝਦਾ ਹੈ। ਇਹ ਵਿਚਾਰ ਉਹ ਮਨੁੱਖ ਸਮਝਦਾ ਹੈ, ਜਿਸ ਨੂੰ ਹਰੀ ਆਪ ਸਮਝਾ ਦੇਵੇ।

ਅੰਗ ੬੪੭ = ਜਨੁ ਨਾਨਕੁ ਕਹੈ ਵਿਚਾਰਾ, ਗੁਰਮੁਖਿ ਹਰਿ ਸਤਿ ਹਰਿ ॥੧੧॥ ਦਾਸ ਨਾਨਕ ਗੁਰੂ ਰਾਹੀਂ ਵਿਚਾਰ ਕਰਕੇ ਕਹਿੰਦਾ ਹੈ ਕਿ ਹਰੀ ਸੱਤ ਹੈ, ਹਰੀ ਸੱਤ ਹੈ (ਸਦਾ ਥਿਰ ਰਹਿਣ ਵਾਲਾ ਹੈ)।੧੧।

ਪਦਾਰਥ = ਤੋਟਿ–ਘਾਟਾ। ਰਵਹਿ–ਗਾਉਂਦੇ ਹਨ। ਮਹਿ–ਵਿਚ। ਰਹੈ ਸਮਾਇ–ਮਿਲੇ ਰਹਿੰਦੇ ਹਨ।੨। ਪਉੜੀ। ਚੋਲੀ–ਦੇਹ ਜਾਂ ਬੁੱਧੀ ਰੂਪ ਚੋਲੀ (ਕੁੜਤੀ; ਅੰਗੀ)। ਸਵਾਰੀ–ਸਵਾਰ ਕੇ ਬਣਾਈ। ਪੈਧੀ–ਪਹਿਨੀ ਹੈ। ਕਰਿ–ਕਰਕੇ। ਪਾਟੁ–ਰੇਸ਼ਮ। ਅਧਿਕਾਈ–ਬਹੁਤ। ਬਹੁ ਬਿਧਿ–ਬਹੁਤ ਤਰ੍ਹਾਂ ਦਾ। ਬਹੁ ਭਾਤਿ–ਬਹੁਤ ਕਿਸਮਾਂ ਦਾ। ਅੰਤਰਿ–ਹਿਰਦੇ ਅੰਦਰ। ਬਿਬੇਕੁ–ਵਿਚਾਰ। ਸਤਿ–ਸਦਾ ਥਿਰ।੧੧।

ਸਲੋਕੁ ਮਃ ੩ ॥ ਪਰਥਾਇ ਸਾਖੀ ਮਹਾ ਪੁਰਖ ਬੋਲਦੇ, ਸਾਝੀ ਸਗਲ ਜਹਾਨੈ ॥ ਗੁਰਮੁਖਿ ਹੋਇ ਸੁ ਭਉ ਕਰੇ, ਆਪਣਾ ਆਪੁ ਪਛਾਣੈ ॥ ਗੁਰ ਪਰਸਾਦੀ ਜੀਵਤੁ ਮਰੈ, ਤਾ ਮਨ ਹੀ ਤੇ ਮਨੁ ਮਾਨੈ ॥ ਜਿਨ ਕਉ ਮਨ ਕੀ ਪਰਤੀਤਿ ਨਾਹੀ ਨਾਨਕ, ਸੇ ਕਿਆ ਕਥਹਿ ਗਿਆਨੈ ॥੧॥ (ਹੇ ਭਾਈ!) ਮਹਾਂ ਪੁਰਖ ਲੋਕ ਜੋ ਸਿੱਖਿਆ (ਦਾ ਬਚਨ ਕਿਸੇ ਖਾਸ ਮਨੁੱਖ ਜਾਂ ਮੌਕੇ) ਬਾਰੇ ਬੋਲਦੇ ਹਨ, ਉਹ ਸਾਰੇ ਜਹਾਨ ਲਈ ਸਾਂਝੀ ਹੁੰਦੀ ਹੈ (ਮਹਾਂ ਪੁਰਖਾਂ ਦੀ ਸਿੱਖਿਆ ਸਾਰੇ ਲੋਕਾਂ ਪ੍ਰਤੀ ਹੁੰਦੀ ਹੈ। ਜੋ ਮਨੁੱਖ) ਗੁਰਮੁਖ ਹੁੰਦਾ ਹੈ, ਉਹ (ਮਹਾਂ ਪੁਰਖਾਂ ਦੀ ਸਿੱਖਿਆ ਸੁਣ ਕੇ ਮਨ ਵਿਚ ਰੱਬ ਦਾ) ਭੈ ਧਾਰਣ ਕਰਦਾ ਹੈ (ਤਾਂ ਕਿ ਕੋਈ ਪਾਪ ਨਾ ਹੋ ਜਾਵੇ) ਅਤੇ ਅਪਣੇ ਆਪ ਨੂੰ ਪਛਾਣ ਲੈਂਦਾ ਹੈ। (ਫਿਰ ਉਹ) ਗੁਰੂ ਦੀ ਕ੍ਰਿਪਾ ਨਾਲ ਜੀਵਤ ਭਾਵ ਤੋਂ ਮਰ ਜਾਂਦਾ (ਅਪਣੀ ਅਪਣੱਤ ਮੁਕਾ ਲੈਂਦਾ) ਹੈ, ਤਦ (ਉਸ ਦਾ) ਮਨ ਤੋਂ ਹੀ ਮਨ ਮੰਨ (ਅਪਣੇ ਆਪ ਵਿਚ ਸੰਤੁਸ਼ਟ ਤੇ ਸ਼ਾਂਤ ਹੋ) ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਮਨੁੱਖ ਨੂੰ ਮਨ ਦੀ ਪ੍ਰਤੀਤ (ਅਪਣੇ ਮਨ ਵਿਚ ਨਿਸਚਾ) ਨਹੀਂ, ਉਹ ਦੂਜਿਆਂ ਨੂੰ ਕੀ ਗਿਆਨ ਦੀਆਂ ਗੱਲਾਂ ਦਸਣਗੇ? (ਕੋਈ ਲਾਭ ਨਹੀਂ)।੧।

ਪਦਾਰਥ = ਪਰਥਾਇ–ਬਾਬਤ (ਬਾਰੇ); ਨਮਿੱਤ; ਪ੍ਰਤੀ। ਸਾਖੀ–ਸਿੱਖਿਆ। ਸਗਲ ਜਹਾਨੈ–ਸਾਰੇ ਸੰਸਾਰ ਲਈ। ਸੁ–ਉਹ। ਭਉ ਕਰੇ–ਰੱਬ ਦਾ ਭੈ ਧਾਰਨ ਕਰਦਾ ਹੈ। ਜੀਵਤ ਮਰੈ–ਜੀਵਤ ਭਾਵ ਤੋਂ ਮਰ ਜਾਂਦਾ (ਅਪਣੱਤ ਮੁਕਾ ਲੈਂਦਾ) ਹੈ। ਤਾ–ਤਦ। ਮਨ ਹੀ ਤੇ–ਮਨ ਤੋਂ ਹੀ। ਮਨੁ ਮਾਨੈ–ਮਨ ਮੰਨ (ਮਨ ਨਿਸਚੇਵਾਨ; ਸੰਤੁਸ਼ਟ ਤੇ ਸ਼ਾਂਤ ਹੋ) ਜਾਂਦਾ ਹੈ। ਜਿਨ ਕਉ–ਜਿਨ੍ਹਾਂ ਨੂੰ। ਪਰਤੀਤਿ–ਨਿਸਚਾ; ਗਿਆਨ; ਸ਼ਰਧਾ। ਸੇ–ਉਹ। ਕਥਹਿ–ਗੱਲਾਂ ਦਸਣਗੇ। ਗਿਆਨੈ–ਗਿਆਨ ਦੀਆਂ।੧।

ਸਾਰੰਸ਼ = ਮਹਾਂ ਪੁਰਖਾਂ ਤੋਂ ਸਿੱਖਿਆ ਲੈ ਕੇ ਅਪਣੇ ਮਨ ਨੂੰ ਨਿਸ਼ਚੇਵਾਨ ਬਣਾਉਣਾ ਚਾਹੀਦਾ ਹੈ, ਤਦ ਕਿਸੇ ਹੋਰ ਨੂੰ ਸਿਖਿਆ ਦੇਣੀ ਚਾਹੀਦੀ ਹੈ। ਦੂਜੇ ਭਾਵ ਵਿਚ ਰਹਿ ਕੇ ਆਦਮੀ ਭਾਵੇਂ ਕਿੰਨਾ ਪੜ੍ਹਿਆ ਹੋਵੇ, ਹਰੀ ਦੀ ਗੱਲ ਕਰਨ ਜੋਗਾ ਨਹੀਂ ਹੁੰਦਾ (ਸ਼ਬਦਾਰਥ)।

ਮਃ ੩ ॥ ਗੁਰਮੁਖਿ ਚਿਤੁ ਨ ਲਾਇਓ, ਅੰਤਿ ਦੁਖੁ ਪਹੁਤਾ ਆਇ ॥ ਅੰਦਰਹੁ ਬਾਹਰਹੁ ਅੰਧਿਆਂ, ਸੁਧਿ ਨ ਕਾਈ ਪਾਇ ॥ ਪੰਡਿਤ ਤਿਨ ਕੀ ਬਰਕਤੀ ਸਭੁ ਜਗਤੁ ਖਾਇ, ਜੋ ਰਤੇ ਹਰਿ ਨਾਇ ॥ ਜਿਨ ਗੁਰ ਕੈ ਸਬਦਿ ਸਲਾਹਿਆ, ਹਰਿ ਸਿਉ ਰਹੇ ਸਮਾਇ ॥ ਪੰਡਿਤ ਦੂਜੈ ਭਾਇ ਬਰਕਤਿ ਨ ਹੋਵਈ, ਨ ਧਨੁ ਪਲੈ ਪਾਇ ॥ ਪੜਿ ਥਕੇ ਸੰਤੋਖੁ ਨ ਆਇਓ, ਅਨਦਿਨੁ ਜਲਤ ਵਿਹਾਇ ॥ ਕੂਕ ਪੂਕਾਰ ਨ ਚੁਕਈ, ਨਾ ਸੰਸਾ ਵਿਚਹੁ ਜਾਇ ॥ ਨਾਨਕ ਨਾਮ ਵਿਹੂਣਿਆ, ਮੁਹਿ ਕਾਲੈ ਉਠਿ ਜਾਇ ॥੨॥ (ਹੇ ਪੰਡਤ! ਜਿਨ੍ਹਾਂ ਮਨੁੱਖਾਂ ਨੇ) ਗੁਰੂ ਦੁਆਰਾ ਪ੍ਰਭੂ ਨਾਲ ਚਿਤ ਨਹੀਂ ਜੋੜਿਆ, ਉਨ੍ਹਾਂ ਨੂੰ ਅੰਤ ਸਮੇਂ ਦੁਖ ਆ ਪਹੁੰਚਦਾ ਹੈ। ਉਨ੍ਹਾਂ ਅੰਨ੍ਹਿਆਂ (ਅਗਿਆਨੀਆਂ) ਨੂੰ ਅੰਦਰੋਂ ਬਾਹਰੋਂ ਕੋਈ ਸਮਝ ਨਹੀਂ ਪੈਂਦੀ। ਹੇ ਪੰਡਤ! ਜੋ ਮਨੁੱਖ ਹਰੀ ਦੇ ਨਾਮ ਵਿਚ ਰੰਗੇ ਹੋਏ ਹਨ, ਉਨ੍ਹਾਂ ਦੀ ਬਰਕਤ ਨਾਲ ਸਾਰਾ ਜਗਤ (ਅਨੇਕਾਂ ਤਰ੍ਹਾਂ ਦੇ ਪਦਾਰਥ) ਖਾਂਦਾ ਹੈ। ਜਿਨ੍ਹਾਂ ਪੁਰਖਾਂ ਨੇ ਗੁਰੂ ਦੇ ਸ਼ਬਦ ਦੁਆਰਾ ਹਰੀ ਨੂੰ ਸਲਾਹਿਆ ਹੈ, ਉਹ ਹਰੀ ਨਾਲ ਮਿਲੇ ਰਹਿੰਦੇ ਹਨ। ਹੇ ਪੰਡਤ! ਦ੍ਵੈਤ ਭਾਵ ਵਿਚ ਲਗ ਕੇ ਬਰਕਤ ਨਹੀਂ ਹੁੰਦੀ ਅਤੇ ਨਾ ਹੀ ਧਨ ਪੱਲੇ ਪੈਂਦਾ ਹੈ। (ਉਹ ਵੇਦ ਸ਼ਾਸਤ੍ਰ) ਪੜ੍ਹ ਕੇ ਥੱਕ ਗਏ ਹਨ, (ਪਰ ਫਿਰ ਵੀ ਉਨ੍ਹਾਂ ਨੂੰ) ਸੰਤੋਖ ਨਹੀਂ ਆਇਆ, ਹਰ ਰੋਜ (ਉਨ੍ਹਾਂ ਦੀ ਉਮਰ ਤ੍ਰਿਸ਼ਨਾ ਦੀ ਅੱਗ ਵਿਚ) ਜਲਦਿਆਂ ਗੁਜਰਦੀ ਹੈ। (ਉਨ੍ਹਾਂ ਦਾ) ਰੋਣਾ ਧੋਣਾ ਕਦੇ ਦੂਰ ਨਹੀਂ ਹੁੰਦਾ ਅਤੇ ਨਾ (ਉਨ੍ਹਾਂ ਦੇ ਮਨ ਦੇ) ਅੰਦਰੋਂ ਭਰਮ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ ਤੋਂ ਖਾਲੀ ਮਨੁੱਖ ਇਸ ਦੁਨੀਆਂ ਵਿਚੋਂ ਕਾਲੇ ਮੂੰਹ ਨਾਲ (ਬੇਇੱਜਤ ਹੋ ਕੇ) ਉਠ ਜਾਂਦੇ ਹਨ।੨।

ਪਦਾਰਥ = ਗੁਰਮੁਖਿ–ਗੁਰੂ ਦੁਆਰਾ। ਚਿਤੁ–ਮਨ। ਨ ਲਾਇਓ–ਨਹੀਂ ਜੋੜਿਆ। ਪਹੁਤਾ ਆਇ–ਆ ਪਹੁੰਚਦਾ ਹੈ। ਅੰਧਿਆਂ–ਅੰਨ੍ਹਿਆਂ (ਅਗਿਆਨੀਆਂ) ਦਾ। ਸੁਧਿ–ਸਮਝ। ਕਾਈ–ਕੋਈ। ਤਿਨ ਕੀ–ਉਨ੍ਹਾਂ ਦੀ। ਬਰਕਤੀ–ਨਾਮ ਸਿਮਰਨ ਦੀ ਕਮਾਈ ਦੀ ਤਾਕਤ ਕਰਕੇ। ਰਤੇ–ਰੰਗੇ ਹੋਏ ਹਨ। ਨਾਇ–ਨਾਮ ਵਿਚ। ਸਿਉ–ਨਾਲ। ਰਹੇ ਸਮਾਇ–ਮਿਲੇ ਰਹਿੰਦੇ ਹਨ। ਦੂਜੈ ਭਾਇ–ਕਿਸੇ ਦੂਜੇ ਦੇ ਪ੍ਰੇਮ ਵਿਚ। ਬਰਕਤਿ–ਵਾਧਾ; ਖੁਸ਼ਹਾਲੀ। ਪਲੈ–ਪੱਲੇ ਵਿਚ। ਅਨਦਿਨੁ–ਹਰ ਰੋਜ। ਜਲਤ–(ਤ੍ਰਿਸ਼ਨਾ ਦੀ ਅੱਗ ਵਿਚ) ਸੜਦਿਆਂ। ਵਿਹਾਇ–ਗੁਜਰਦੀ ਹੈ। ਕੂਕ ਪੁਕਾਰ–ਰੋਣਾ ਧੋਣਾ; ਗਿਲੇ ਸ਼ਿਕਵੇ; ਸ਼ਿਕਾਇਤਾਂ। ਨ ਚੁਕਈ–ਦੂਰ ਨਹੀਂ ਹੁੰਦਾ। ਸੰਸਾ–ਭਰਮ; ਸ਼ੱਕ। ਵਿਹੂਣਿਆ–

ਖਾਲੀ; ਬਿਨਾ।ਮੁਹਿ ਕਾਲੈ–ਕਾਲੇ ਮੂੰਹ ਨਾਲ (ਬੇਇੱਜਤ ਹੋ ਕੇ)।ਉਠਿ ਜਾਇ–ਉਠ ਕੇ ਚਲੇ ਜਾਂਦੇ ਹਨ।੨।

ਪਉੜੀ ॥ ਹਰਿ ਸਜਣ ਮੇਲਿ ਪਿਆਰੇ, ਮਿਲਿ ਪੰਥੁ ਦਸਾਈ ॥ ਜੋ ਹਰਿ ਦਸੇ ਮਿਤੁ ,ਤਿਸੁ ਹਉ ਬਲਿ ਜਾਈ ॥ ਗੁਣ ਸਾਝੀ ਤਿਨ ਸਿਉ ਕਰੀ, ਹਰਿ ਨਾਮੁ ਧਿਆਈ ॥ ਹਰਿ ਸੇਵੀ ਪਿਆਰਾ ਨਿਤ, ਸੇਵ ਹਰਿ ਸੁਖੁ ਪਾਈ ॥ ਬਲਿਹਾਰੀ ਸਤਿਗੁਰ ਤਿਸੁ ,ਜਿਨਿ ਸੋਝੀ ਪਾਈ ॥੧੨॥ ਹੇ ਪਿਆਰੇ ਹਰੀ! ਮੈਨੂੰ (ਸਤਿਗੁਰੂ) ਸਜਣ ਮਿਲਾ ਦੇਹ, (ਜਿਸ ਨੂੰ) ਮਿਲ ਕੇ (ਮੈਂ ਤੇਰੇ ਨਾਲ ਮਿਲਣ ਦਾ) ਰਸਤਾ ਪੁਛਾਂ।ਜਿਹੜਾ (ਸਤਿਗੁਰੂ) ਮਿਤ੍ਰ ਮੈਨੂੰ ਹਰੀ (ਦੇ ਮਿਲਣ) ਦਾ ਰਸਤਾ ਦਸੇ, ਮੈਂ ਉਸ ਤੋਂ ਬਲਹਾਰ ਜਾਵਾਂ।ਉਸ ਨਾਲ ਮੈਂ ਗੁਣਾਂ ਦੀ ਸਾਂਝ (ਲੈਣ ਦੇਣ, ਅਪਣਾ ਤਨ ਮਨ ਦੇ ਕੇ ਗੁਣ ਪ੍ਰਾਪਤ ਕਰਾਂ) ਕਰਾਂ ਅਤੇ ਹਰੀ ਦਾ ਨਾਮ ਧਿਆਵਾਂ।ਪਿਆਰੇ ਹਰੀ ਦੀ ਮੈਂ ਹਰ ਰੋਜ ਸੇਵਾ ਭਗਤੀ ਕਰਾਂ ਅਤੇ ਹਰੀ ਦੀ ਸੇਵਾ ਭਗਤੀ ਕਰਕੇ ਸਦੀਵੀ ਸੁਖ ਪ੍ਰਾਪਤ ਕਰਾਂ।ਉਸ ਸਤਿਗੁਰੂ ਤੋਂ ਮੈਂ ਬਲਿਹਾਰ ਜਾਂਦਾ ਹਾਂ, ਜਿਸ ਨੇ (ਮੇਰੇ ਮਨ ਵਿਚ ਹਰੀ ਨਾਲ ਮਿਲਣ ਦੀ) ਸਮਝ ਪਾਈ (ਗਿਆਨ ਬਖਸ਼ਿਆ) ਹੈ।੧੨।

ਪਦਾਰਥ = ਪੰਥੁ–ਰਸਤਾ।ਦਸਾਈ–ਪੁੱਛਾਂ।ਮਿਤੁ–ਮਿਤ੍ਰ।ਹਉ–ਮੈਂ।ਸਿਉ–ਨਾਲ।ਕਰੀ–ਕਰਾਂ।ਨਿਤ–ਹਰ ਰੋਜ।ਸੋਝੀ–ਸਮਝ।੧੨।

ਸਲੋਕੁ ਮਃ ੩ ॥ ਪੰਡਿਤ ਮੈਲੁ ਨ ਚੁਕਈ, ਜੇ ਵੇਦ ਪੜੈ ਜੁਗ ਚਾਰਿ ॥ ਤ੍ਰੈ ਗੁਣ ਮਾਇਆ ਮੂਲੁ ਹੈ, ਵਿਚਿ ਹਉਮੈ ਨਾਮੁ ਵਿਸਾਰਿ ॥ ਪੰਡਿਤ ਭੂਲੇ ਦੂਜੈ ਲਾਗੇ, ਮਾਇਆ ਕੈ ਵਾਪਾਰਿ ॥ ਅੰਤਰਿ ਤ੍ਰਿਸਨਾ ਭੁਖ ਹੈ, ਮੂਰਖੁ ਭੁਖਿਆ ਮੁਏ ਗਵਾਰ ॥ ਸਤਿਗੁਰਿ ਸੇਵਿਐ ਸੁਖੁ ਪਾਇਆ, ਸਚੈ ਸਬਦਿ ਵੀਚਾਰਿ ॥ ਅੰਦਰਹੁ ਤ੍ਰਿਸਨਾ ਭੁਖ ਗਈ, ਸਚੈ ਨਾਇ ਪਿਆਰਿ ॥ ਨਾਨਕ ਨਾਮਿ ਰਤੇ ਸਹਜੇ ਰਜੇ, ਜਿਨਾ ਹਰਿ ਰਾਖਿਆ ਉਰਿ ਧਾਰਿ ॥੧॥ ਹੇ ਪੰਡਤ! ਜੇ (ਤੂੰ ਪ੍ਰਭੂ ਦਾ ਨਾਮ ਛਡ ਕੇ) ਚਾਰ ਜੁਗ ਵੇਦ ਪੜ੍ਹਦਾ ਰਹੇਂ, (ਫਿਰ ਵੀ ਮਨ ਵਿਚੋਂ ਪਾਪਾਂ ਦੀ) ਮੈਲ ਦੂਰ ਨਹੀਂ ਹੁੰਦੀ।ਮਾਇਆ ਦਾ ਮੂਲ ਤਿੰਨ ਗੁਣ ਹਨ, (ਵਿਦਿਆ ਦੀ) ਹਉਮੈ ਵਿਚ ਲਗ ਕੇ ਤੈਂ ਪ੍ਰਭੂ ਦਾ ਨਾਮ ਭੁਲਾ ਦਿਤਾ ਹੈ।ਦੂਜੇ ਪਾਸੇ (ਮਾਇਆ ਦੇ ਪਿਆਰ ਵਿਚ) ਲਗ ਕੇ ਮਾਇਆ ਦੇ ਵਪਾਰ ਵਿਚ ਪੈ ਕੇ (ਤੇਰੇ ਵਰਗੇ) ਪੰਡਤ ਪ੍ਰਭੂ ਨੂੰ ਭੁੱਲ ਗਏ ਹਨ (ਉਨ੍ਹਾਂ ਦੇ ਮਨ) ਅੰਦਰ ਮਾਇਆ ਦੀ ਤ੍ਰਿਸ਼ਨਾ ਤੇ (ਪਦਾਰਥਾਂ ਦੀ) ਭੁੱਖ ਹੈ, ਬੇਸਮਝ ਮੂਰਖ (ਪੰਡਤ ਲੋਕ ਇਸੇ) ਭੁੱਖ ਵਿਚ ਮਰ ਗਏ ਹਨ।(ਜਿਨ੍ਹਾਂ ਮਨੁੱਖਾਂ ਨੇ) ਸੱਚੇ ਗੁਰੂ ਦੇ ਸ਼ਬਦ ਦੁਆਰਾ ਵਿਚਾਰ ਕੀਤੀ ਹੈ, (ਉਨ੍ਹਾਂ ਨੇ) ਸਤਿਗੁਰੂ ਦੇ ਸੇਵਨ ਕਰਨ ਨਾਲ ਸੁਖ ਪਾਇਆ ਹੈ।ਸੱਚੇ ਪ੍ਰਭੂ ਦੇ ਨਾਮ ਵਿਚ ਪਿਆਰ ਹੋਣ ਕਰਕੇ (ਉਨ੍ਹਾਂ ਦੇ ਮਨ) ਅੰਦਰੋਂ (ਮਾਇਆ ਦੀ) ਤ੍ਰਿਸ਼ਨਾ ਤੇ (ਪਦਾਰਥਾਂ ਦੀ) ਭੁੱਖ ਦੂਰ ਹੋ ਗਈ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਪੁਰਖਾਂ ਨੇ (ਅਪਣੇ) ਹਿਰਦੇ ਵਿਚ ਹਰੀ ਦਾ ਨਾਮ ਟਿਕਾ ਕੇ ਰੱਖਿਆ ਹੈ, ਉਹ ਨਾਮ ਵਿਚ ਰੰਗੇ ਹੋਏ ਸੁਭਾਵਕ ਹੀ ਰੱਜ ਗਏ ਹਨ।੧।

ਪਦਾਰਥ = ਨ ਚੁਕਈ–ਦੂਰ ਨਹੀਂ ਹੁੰਦੀ।ਜੁਗ ਚਾਰਿ–ਚਾਰ ਜੁਗ (ਬਹੁਤਾ ਚਿਰ)।ਮੂਲੁ–ਜੜ; ਕਾਰਣ।ਵਿਸਾਰਿ–ਭੁਲਾ ਦਿਤਾ।ਦੂਜੈ–ਦੂਜੇ ਪਾਸੇ (ਮਾਇਆ ਵਿਚ)।ਅੰਤਰਿ–ਮਨ ਦੇ ਅੰਦਰ।ਮੁਏ–ਮਰ ਗਏ ਹਨ।ਗਵਾਰ–ਬੇਸਮਝ।ਸਚੈ ਨਾਇ–ਸੱਚੇ ਪ੍ਰਭੂ ਦੇ ਨਾਮ ਵਿਚ।ਨਾਮਿ ਰਤੇ–ਨਾਮ ਵਿਚ ਰੰਗੇ ਹੋਏ।ਸਹਜੇ ਰਜੇ–ਸੁਭਾਵਕ ਹੀ ਰੱਜ ਗਏ।ਉਰਿ ਧਾਰਿ–ਹਿਰਦੇ ਵਿਚ ਟਿਕਾ ਕੇ।੧।

ਮਃ ੩ ॥ ਮਨਮੁਖ ਹਰਿ ਨਾਮੁ ਨ ਸੇਵਿਆ, ਦੁਖੁ ਲਗਾ ਬਹੁਤਾ ਆਇ ॥ ਅੰਤਰਿ ਅਗਿਆਨੁ ਅੰਧੇਰੁ ਹੈ, ਸੁਧਿ ਨ ਕਾਈ ਪਾਇ ॥ ਮਨ ਹਠਿ ਸਹਜਿ ਨ ਬੀਜਿਓ, ਭੁਖਾ ਕਿ ਅਗੈ ਖਾਇ ॥ ਨਾਮੁ ਨਿਧਾਨੁ ਵਿਸਾਰਿਆ, ਦੂਜੈ ਲਗਾ ਜਾਇ ॥ ਨਾਨਕ ਗੁਰਮੁਖਿ ਮਿਲਹਿ ਵਡਿਆਈਆ, ਜੇ ਆਪੇ ਮੇਲਿ ਮਿਲਾਇ ॥੨॥ ਮਨਮੁਖ ਨੇ ਹਰੀ ਦੇ ਨਾਮ ਨੂੰ ਨਹੀਂ ਸਿਮਰਿਆ, (ਜਿਸ ਕਰਕੇ ਉਸ ਨੂੰ ਮੌਤ ਦਾ) ਬਹੁਤ ਦੁਖ ਆ ਲੱਗਾ ਹੈ।(ਉਸ ਦੇ ਹਿਰਦੇ) ਅੰਦਰ ਅਗਿਆਨ ਰੂਪ ਹਨ੍ਹੇਰਾ ਹੈ, (ਜਿਸ ਕਰਕੇ ਉਸ ਨੂੰ) ਕੋਈ ਸਮਝ ਨਹੀਂ ਪੈਂਦੀ।ਮਨ ਦੇ ਹਠ ਨਾਲ (ਮਨ ਦੇ ਪਿੱਛੇ ਲੱਗ ਕੇ ਉਹ ਬ੍ਰਾਹਮਣ ਦੇ ਦੱਸੇ ਧਰਮ ਕਰਮ ਕਰਦਾ ਰਿਹਾ, ਪਰ ਉਸ ਨੇ ਹਰੀ) ਨਾਮ ਦਾ ਬੀਜ ਨਹੀਂ ਬੀਜਿਆ, (ਇਸ ਆਤਮਕ ਭੋਜਨ ਤੋਂ ਸੱਖਣਾ ਮਨੁੱਮੁਖ) ਅੱਗੇ ਪ੍ਰਲੋਕ ਵਿਚ ਕੀ ਖਾਏਗਾ? (ਉਸ ਨੇ ਸੁਖ ਦੇਣ ਵਾਲਾ) ਨਾਮ ਰੂਪ ਖਜਾਨਾ ਭੁਲਾ ਦਿਤਾ ਹੈ ਅਤੇ ਉਹ ਦੂਜੇ ਪਾਸੇ ਜਾ ਲੱਗਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰਮੁਖਾਂ ਨੂੰ (ਲੋਕ ਪ੍ਰਲੋਕ ਵਿਚ) ਵਡਿਆਈਆਂ ਮਿਲਦੀਆਂ ਹੈ, ਜੇ ਪ੍ਰਭੂ (ਉਨ੍ਹਾਂ ਨੂੰ) ਆਪ ਅਪਣੇ ਮੇਲ ਵਿਚ ਮਿਲਾ ਲਵੇ।੨।

ਪਦਾਰਥ = ਸੇਵਿਆ–ਸਿਮਰਿਆ।ਅੰਤਰਿ–ਹਿਰਦੇ ਅੰਦਰ।ਸੁਧਿ–ਸਮਝ; ਹੋਸ਼।ਕਾਈ–ਕੋਈ।ਮਨ ਹਠਿ–ਮਨ ਦੇ ਹਠ ਨਾਲ।ਸਹਜਿ –ਨਾਮ।ਕਿ–ਕੀ।ਅਗੈ–ਅੱਗੇ ਪ੍ਰਲੋਕ ਵਿਚ।ਨਿਧਾਨੁ–ਖਜਾਨਾ।ਦੂਜੈ–ਦੂਜੇ ਪਾਸੇ।ਮੇਲਿ ਮਿਲਾਇ–ਮੇਲ ਵਿਚ ਮਿਲਾ ਲਵੇ।੨।

ਪਉੜੀ = ਹਰਿ ਰਸਨਾ ਹਰਿ ਜਸੁ ਗਾਵੈ, ਖਰੀ ਸੁਹਾਵਣੀ ॥ ਜੋ ਮਨਿ ਤਨਿ ਮੁਖਿ ਹਰਿ ਬੋਲੈ, ਸਾ ਹਰਿ ਭਾਵਣੀ ॥ ਜੋ ਗੁਰਮੁਖਿ ਚਖੈ ਸਾਦੁ ,ਸਾ ਤ੍ਰਿਪਤਾਵਣੀ ॥ ਗੁਣ ਗਾਵੈ ਪਿਆਰੇ ਨਿਤ, ਗੁਣ ਗਾਇ ਗੁਣੀ ਸਮਝਾਵਣੀ ॥ ਜਿਸੁ ਹੋਵੈ ਆਪਿ ਦਇਆਲੁ ,ਸਾ ਸਤਿਗੁਰੂ ਗੁਰੂ ਬੁਲਾਵਣੀ ॥੧੩॥ (ਹੇ ਭਾਈ! ਜਿਹੜੀ) ਜੀਭ ਹਰੀ ਦਾ ਜਸ ਗਾਉਂਦੀ ਹੈ, ਉਹ ਬਹੁਤ ਸੋਭਨੀਕ ਹੈ।ਜੋ (ਜੀਵ ਇਸਤ੍ਰੀ) ਮਨ

ਨਾਲ, ਸਰੀਰ ਨਾਲ ਤੇ ਮੂੰਹ ਨਾਲ ਹਰੀ ਦਾ ਨਾਮ ਉਚਾਰਦੀ ਹੈ, ਉਹ ਹਰੀ ਨੂੰ ਚੰਗੀ ਲਗਦੀ ਹੈ।ਜੋ (ਜੀਵ ਇਸਤ੍ਰੀ) ਗੁਰੂ ਦੁਆਰਾ (ਹਰੀ ਦੇ ਨਾਮ ਦਾ) ਸੁਆਦ ਚੱਖਦੀ ਹੈ, ਉਹ ਰੱਜ ਜਾਂਦੀ ਹੈ।(ਉਹ) ਰੋਜ ਪਿਆਰੇ ਪ੍ਰਭੂ ਦੇ ਗੁਣ ਗਾਉਂਦੀ ਹੈ, ਉਹ ਗੁਣ ਗਾ ਕੇ ਗੁਣਾਂ ਵਾਲੇ ਪ੍ਰਭੂ ਦੀ ਸਿੱਖਿਆ (ਹੋਰ ਮਨੁੱਖਾਂ ਨੂੰ) ਸਮਝਾਉਂਦੀ ਹੈ।ਜਿਸ (ਜੀਵ ਇਸਤ੍ਰੀ) ਉਤੇ ਪ੍ਰਭੂ ਆਪ ਮੇਹਰਵਾਨ ਹੁੰਦਾ ਹੈ, ਉਹ ਪੂਜਨੀਕ ਸਤਿਗੁਰੂ ਦਾ ਜਸ ਉਚਾਰਦੀ ਹੈ।੧੩।

ਪਦਾਰਥ = ਰਸਨਾ–ਜੀਭ।ਖਰੀ–ਬਹੁਤ।ਸੁਹਾਵਣੀ–ਸੋਭਨੀਕ; ਸੋਹਣੀ।ਮਨਿ–ਮਨ ਨਾਲ।ਤਨਿ–ਸਰੀਰ ਨਾਲ।ਮੁਖਿ–ਮੂੰਹ ਨਾਲ। ਸਾ–ਉਹ।ਭਾਵਣੀ–ਚੰਗੀ ਲਗਦੀ ਹੈ।ਗੁਰਮੁਖਿ–ਗੁਰੂ ਦੁਆਰਾ।ਸਾਦੁ–ਸੁਆਦ।ਤ੍ਰਿਪਤਾਵਣੀ–ਰੱਜ ਜਾਂਦੀ ਹੈ।ਨਿਤ–ਰੋਜ।ਗੁਣੀ–ਗੁਣਾਂ ਵਾਲੇ ਪ੍ਰਭੂ ਦੀ।ਸਮਝਾਵਣੀ–ਸਮਝਾਉਂਦੀ ਹੈ।ਸਤਿਗੁਰੂ ਗੁਰੁ–ਪੂਜਨੀਕ ਸਤਿਗੁਰੂ ਦਾ।੧੩।

ਸਲੋਕੁ ਮਃ ੩ ॥ ਹਸਤੀ ਸਿਰਿ ਜਿਉ ਅੰਕਸੁ ਹੈ, ਅਹਰਣਿ ਜਿਉ ਸਿਰੁ ਦੇਇ ॥ (ਹੇ ਭਾਈ!) ਜਿਵੇਂ ਹਾਥੀ ਦੇ ਸਿਰ ਉਤੇ ਕੁੰਡਾ ਹੁੰਦਾ ਹੈ (ਹਾਥੀ ਕੁੰਡੇ ਦੇ ਇਸ਼ਾਰੇ ਨਾਲ ਚਲਦਾ ਹੈ) ਅਤੇ ਜਿਵੇਂ ਅਹਿਰਣ (ਲੋਹਾਰ ਦੇ ਅੱਗੇ ਅਪਣਾ) ਸਿਰ ਦਿੰਦੀ (ਅਧੀਨ ਹੁੰਦੀ) ਹੈ।

(ਇਸ ਤੁਕ ਨਾਲ ਸਬੰਧਤ ਵਿਆਖਿਆ ਜਪ ਜੀ ਸਾਹਿਬ ਦੀ ੩੮ ਵੀਂ ਪਉੜੀ ਵਿਚ ਪੜ੍ਹੀ ਜਾ ਸਕਦੀ ਹੈ)

ਅੰਗ ੬੪੮ = ਮਨੁ ਤਨੁ ਆਗੈ ਰਾਖਿ ਕੈ, ਊਭੀ ਸੇਵ ਕਰੇਇ ॥ ਇਉ ਗੁਰਮੁਖਿ ਆਪੁ ਨਿਵਾਰੀਐ, ਸਭੁ ਰਾਜੁ ਸ੍ਰਿਸਟਿ ਕਾ ਲੇਇ ॥ ਨਾਨਕ ਗੁਰਮੁਖਿ ਬੁਝੀਐ, ਜਾ ਆਪੇ ਨਦਰਿ ਕਰੇਇ ॥੧॥ (ਇਸੇ ਤਰ੍ਹਾਂ ਜੀਵ ਇਸਤ੍ਰੀ ਗੁਰੂ ਅੱਗੇ ਅਪਣਾ) ਮਨ ਤੇ ਤਨ ਭੇਟਾ ਰਖ ਕੇ ਖੜੀ ਹੋ ਕੇ (ਸਾਵਧਾਨੀ ਨਾਲ) ਸੇਵਾ ਕਰੇ।ਇਉਂ (ਜੋ ਮਨੁੱਖ) ਗੁਰੂ ਦੁਆਰਾ ਆਪਾ ਭਾਵ ਮਿਟਾ ਦੇਂਦਾ ਹੈ, (ਤਾਂ ਉਹ ਮਾਨੋ) ਸਾਰੀ ਦੁਨੀਆਂ ਦਾ ਰਾਜ ਲੈ ਲੈਂਦਾ ਹੈ; ਇਉਂ ਸਾਰੀ ਦੁਨੀਆਂ ਦਾ ਰਾਜ ਲੈ ਕੇ ਵੀ ਗੁਰੂ ਰਾਹੀਂ ਆਪਾ ਭਾਵ ਦੂਰ ਕਰੀਏ (ਸ਼ਬਦਾਰਥ)। ਨਾਨਕ ਗੁਰੂ ਜੀ ਆਖਦੇ ਹਨ ਕਿ ਜਦ ਪ੍ਰਭੂ ਆਪ ਮੇਹਰ ਦੀ ਨਜਰ ਕਰਦਾ ਹੈ ਤਾਂ ਗੁਰੂ ਰਾਹੀਂ (ਇਸ ਗਲ ਨੂੰ) ਸਮਝੀਦਾ ਹੈ।੧।

ਮਃ ੩ ॥ ਜਿਨ ਗੁਰਮੁਖਿ ਨਾਮੁ ਧਿਆਇਆ, ਆਏ ਤੇ ਪਰਵਾਣੁ ॥ ਨਾਨਕ ਕੁਲ ਉਧਾਰਹਿ ਆਪਣਾ, ਦਰਗਹ ਪਾਵਹਿ ਮਾਣੁ ॥੨॥ ਜਿਨ੍ਹਾਂ (ਪੁਰਖਾਂ) ਨੇ ਗੁਰੂ ਦੁਆਰਾ ਪ੍ਰਭੂ ਦਾ ਨਾਮ ਸਿਮਰਿਆ ਹੈ, ਉਹ ਜਗਤ ਵਿਚ ਆਏ ਹੋਏ ਪ੍ਰਵਾਨ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਅਪਣੇ ਖਾਨਦਾਨ ਨੂੰ (ਭਵਜਲ ਤੋਂ) ਤਾਰ ਲੈਂਦੇ ਹਨ ਅਤੇ ਉਹ ਦਰਗਾਹ ਵਿਚ ਵੀ ਮਾਣ ਪ੍ਰਾਪਤ ਕਰਦੇ ਹਨ।੨।

ਪਦਾਰਥ = ਹਸਤੀ–ਹਾਥੀ।ਸਿਰਿ–ਸਿਰ ਉਤੇ।ਅੰਕਸੁ–ਮਹਾਵਤ ਦਾ ਕੁੰਡਾ।ਅਹਰਣਿ–ਲੋਹੇ ਨੂੰ ਤੱਤਾ ਕਰਕੇ ਸੰਦ ਘੜਨ ਵਾਸਤੇ ਲੁਹਾਰ ਦੇ ਕਾਰਖਾਨੇ ਵਿਚ ਪਿਆ ਲੋਹੇ ਦਾ ਵੱਡਾ ਟੁਕੜਾ।ਊਭੀ–(ਪਹਿਰੇਦਾਰ ਵਾਂਗ ਸਾਵਧਾਨੀ ਨਾਲ) ਖੜੀ ਹੋ ਕੇ।ਗੁਰਮੁਖਿ–ਗੁਰੂ ਦੁਆਰਾ।ਆਪੁ–ਅਪਣੱਤ।ਨਿਵਾਰੀਐ–ਮਿਟਾ ਦੇਂਦਾ ਹੈ।ਲੇਇ–ਪ੍ਰਾਪਤ ਕਰ ਲੈਂਦਾ ਹੈ।ਜਾ–ਜਦ।ਨਦਰਿ–ਮੇਹਰ ਦੀ ਨਜਰ।੧।ਆਏ –(ਜਗਤ ਵਿਚ) ਆਏ ਹੋਏ।ਤੇ–ਉਹ।ਕੁਲ–ਖਾਨਦਾਨ।ਉਧਾਰਹਿ–ਤਾਰ ਲੈਂਦੇ ਹਨ।ਮਾਣੁ–ਸਨਮਾਨ (ਇੱਜਤ)।੨।

ਪਉੜੀ ॥ ਗੁਰਮੁਖਿ ਸਖੀਆ ਸਿਖ, ਗੁਰੂ ਮੇਲਾਈਆ ॥ ਇਕਿ ਸੇਵਕ ਗੁਰ ਪਾਸਿ, ਇਕਿ ਗੁਰਿ ਕਾਰੈ ਲਾਈਆ ॥ ਜਿਨਾ ਗੁਰੁ ਪਿਆਰਾ ਮਨਿ ਚਿਤਿ, ਤਿਨਾ ਭਾਉ ਗੁਰੂ ਦੇਵਾਈਆ ॥ ਗੁਰ ਸਿਖਾ ਇਕੋ ਪਿਆਰੁ ,ਗੁਰ ਮਿਤਾ ਪੁਤਾ ਭਾਈਆ ॥ ਗੁਰੁ ਸਤਿਗੁਰੁ ਬੋਲਹੁ ਸਭਿ, ਗੁਰੁ ਆਖਿ ਗੁਰੂ ਜੀਵਾਈਆ ॥੧੪॥ (ਹੇ ਭਾਈ!) ਗੁਰੂ ਨੇ ਗੁਰਮੁਖ ਸਿਖ ਸਖੀਆਂ ਨੂੰ (ਅਪਣੇ ਨਾਲ) ਮਿਲਾ ਲਿਆ ਹੈ।ਇਕ ਗੁਰੂ ਕੋਲ ਸੇਵਕ ਹੋ ਕੇ ਰਹਿੰਦੀਆਂ ਹਨ ਅਤੇ ਇਕਨਾ ਨੂੰ ਗੁਰੂ ਨੇ (ਕਿਸੇ ਹੋਰ) ਕੰਮ ਤੇ ਲਾਇਆ ਹੋਇਆ ਹੈ।ਜਿਨ੍ਹਾਂ (ਗੁਰਮੁਖਾਂ) ਦੇ ਮਨ ਤੇ ਚਿਤ ਵਿਚ ਗੁਰੂ ਪਿਆਰਾ ਲਗਦਾ ਹੈ, ਉਨ੍ਹਾਂ ਨੂੰ ਗੁਰੂ ਨੇ ਪ੍ਰੇਮ ਦੀ ਦਾਤ ਵਾਹਿਗੁਰੂ ਤੋਂ ਦਿਵਾਈ ਹੈ।ਗੁਰੂ ਸਾਰੇ ਗੁਰਸਿੱਖਾਂ, ਮਿੱਤ੍ਰਾਂ ,ਪੁਤ੍ਰਾਂ ਤੇ ਭਰਾਵਾਂ ਨਾਲ ਇਕੋ ਜਿਹਾ ਪਿਆਰ ਕਰਦਾ ਹੈ।(ਇਸ ਲਈ ਹੇ ਗੁਰਸਿਖ ਸਖੀਓ! ਤੁਸੀਂ) ਸਾਰੇ ਪੂਜਨੀਕ ਸਤਿਗੁਰੂ ਦਾ ਜਸ ਗਾਓ, ਗੁਰੂ ਦਾ ਜਸ ਗਾਉਣ ਕਰਕੇ ਗੁਰੂ ਜਿਉਂਦਾ ਕਰ (ਆਤਮਕ ਜੀਵਨ) ਦੇਂਦਾ ਹੈ।੧੪।

ਪਦਾਰਥ = ਸਖੀਆ–ਸਹੇਲੀਆਂ।ਇਕਿ–ਕਈ।ਗੁਰਿ–ਗੁਰੂ ਨੇ।ਕਾਰੈ–ਕੰਮ ਤੇ।ਮਨਿ–ਮਨ ਵਿਚ।ਚਿਤਿ–ਚਿਤ ਵਿਚ।ਤਿਨਾ–ਉਨ੍ਹਾਂ ਨੂੰ।ਭਾਉ–ਪ੍ਰੇਮ; ਗਿਆਨ।ਮਿਤਾ–ਮਿਤ੍ਰਾਂ ਨੂੰ।ਭਾਈਆ–ਭਰਾਵਾਂ ਨੂੰ।ਜੀਵਾਈਆ–ਜਿਉਂਦਾ ਕਰ ਦੇਂਦਾ ਹੈ।੧੪।

ਸਲੋਕੁ ਮਃ ੩ ॥ ਨਾਨਕ ਨਾਮੁ ਨ ਚੇਤਨੀ, ਅਗਿਆਨੀ ਅੰਧੁਲੇ ਅਵਰੇ ਕਰਮ ਕਮਾਹਿ ॥ ਜਮ ਦਰਿ ਬਧੇ ਮਾਰੀਅਹਿ, ਫਿਰਿ ਵਿਸਟਾ ਮਾਹਿ ਪਚਾਹਿ ॥੧॥ ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ ਹਰੀ ਦਾ) ਨਾਮ ਨਹੀਂ ਸਿਮਰਦੇ, ਉਹ ਅੰਨ੍ਹੇ ਅਗਿਆਨੀ ਪਾਪ ਕਰਮ ਕਰਦੇ ਰਹਿੰਦੇ ਹਨ।(ਉਹ) ਜਮ ਦੇ ਦਰ ਤੇ ਬੰਨ੍ਹ ਕੇ ਮਾਰੇ (ਕੁੱਟੇ) ਜਾਂਦੇ ਹਨ, ਫਿਰ ਗੰਦਗੀ ਵਿਚ ਪੈ ਕੇ ਸੜਦੇ ਹਨ।੧।

ਮਃ ੩ ॥ ਨਾਨਕ ਸਤਿਗੁਰੁ ਸੇਵਹਿ ਆਪਣਾ, ਸੇ ਜਨ ਸਚੇ ਪਰਵਾਣੁ ॥ ਹਰਿ ਕੈ ਨਾਇ ਸਮਾਇ ਰਹੇ, ਚੂਕਾ ਆਵਣੁ ਜਾਣੁ ॥੨॥ ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜੇ) ਅਪਣੇ ਸਤਿਗੁਰੂ ਦੀ ਸੇਵਾ ਭਗਤੀ ਕਰਦੇ ਹਨ, ਉਹ ਪੁਰਖ ਸੱਚੇ ਹਨ ਤੇ (ਲੋਕ ਪ੍ਰਲੋਕ

ਵਿਚ) ਪ੍ਰਵਾਨ ਹਨ। ਉਹ ਹਰੀ ਦੇ ਨਾਮ ਵਿਚ ਲੀਨ ਹੋਏ ਰਹਿੰਦੇ ਹਨ, (ਉਨ੍ਹਾਂ ਦਾ ਸੰਸਾਰ ਵਿਚ) ਆਉਣਾ ਜਾਣਾ ਮੁੱਕ ਗਿਆ ਹੈ।੨।
ਪਦਾਰਥ = ਨ ਚੇਤਨੀ–ਨਹੀਂ ਸਿਮਰਦੇ। ਅੰਧੁਲੇ–ਅੰਨ੍ਹੇ। ਅਵਰੇ–ਹੋਰ; ਨੀਚ। ਕਮਾਹਿ–ਕਰਦੇ ਹਨ। ਦਰਿ–ਦਰ ਤੇ। ਬਧੇ–ਬੰਨ੍ਹ ਕੇ। ਵਿਸਟਾ ਮਾਹਿ–ਗੂੰਹ (ਗੰਦਗੀ) ਵਿਚ। ਪਚਾਹਿ–ਸੜਦੇ ਹਨ।੧। ਸੇਵਹਿ–ਸੇਵਾ ਭਗਤੀ ਕਰਦੇ ਹਨ। ਸੇ ਜਨ–ਉਹ ਪੁਰਖ। ਨਾਇ–ਨਾਮ ਵਿਚ। ਸਮਾਇ ਰਹੇ–ਲੀਨ ਰਹਿੰਦੇ ਹਨ। ਚੂਕਾ–ਮੁੱਕ ਗਿਆ। ਆਵਣੁ ਜਾਣੁ–ਜੰਮਣਾ ਮਰਨਾ।੨।
ਪਉੜੀ ॥ ਧਨੁ ਸੰਪੈ ਮਾਇਆ ਸੰਚੀਐ, ਅੰਤੇ ਦੁਖਦਾਈ ॥ ਘਰ ਮੰਦਰ ਮਹਲ ਸਵਾਰੀਅਹਿ, ਕਿਛੁ ਸਾਥਿ ਨ ਜਾਈ ॥ ਹਰ ਰੰਗੀ ਤੁਰੇ ਨਿਤ ਪਾਲੀਅਹਿ, ਕਿਤੈ ਕਾਮਿ ਨ ਆਈ ॥ ਜਨ ਲਾਵਹੁ ਚਿਤੁ ਹਰਿ ਨਾਮ ਸਿਉ ,ਅੰਤਿ ਹੋਇ ਸਖਾਈ ॥ ਜਨ ਨਾਨਕ ਨਾਮੁ ਧਿਆਇਆ, ਗੁਰਮੁਖਿ ਸੁਖੁ ਪਾਈ ॥੧੫॥ (ਹੇ ਭਾਈ!) ਧਨ, ਸੰਪਤੀ ਤੇ ਮਾਇਆ ਇਕੱਠੀ ਕੀਤੀ ਜਾਂਦੀ ਹੈ, (ਪਰ ਉਹ) ਅੰਤ ਨੂੰ ਦੁਖ ਦੇਣ ਵਾਲੀ ਹੁੰਦੀ ਹੈ। ਘਰ, ਮੰਦਰ ਤੇ ਮਹਿਲ ਆਦਿ ਬਣਾਏ ਜਾਂਦੇ ਹਨ, (ਮਰਨ ਸਮੇਂ ਇਨ੍ਹਾਂ ਵਿਚੋਂ ਕੁਛ ਵੀ) ਨਾਲ ਨਹੀਂ ਜਾਂਦਾ। ਹਰੇਕ ਰੰਗ ਦੇ ਘੋੜੇ ਹਰ ਰੋਜ ਪਾਲੇ ਜਾਂਦੇ ਹਨ, (ਅੰਤ ਸਮੇਂ ਉਹ ਵੀ) ਕਿਸੇ ਕੰਮ ਨਹੀਂ ਆਉਂਦੇ। (ਇਸ ਲਈ) ਹੇ ਪੁਰਖੋ! ਚਿਤ ਨੂੰ ਹਰੀ ਦੇ ਨਾਮ ਨਾਲ ਲਗਾਵੋ, ਜੋ ਅੰਤ ਸਮੇਂ ਸਹਾਈ ਹੁੰਦਾ ਹੈ। ਦਾਸ ਨਾਨਕ ਆਖਦਾ ਹੈ ਕਿ (ਜਿਸ ਮਨੁੱਖ ਨੇ ਹਰੀ ਦਾ) ਨਾਮ ਸਿਮਰਿਆ ਹੈ, ਉਹ ਗੁਰਮੁਖ ਆਤਮਕ ਸੁਖ ਪਾਉਂਦਾ ਹੈ।੧੫।
ਪਦਾਰਥ = ਧਨੁ–ਮਾਇਆ। ਸੰਪੈ–ਸੰਪਤੀ (ਘਰ ਦਾ ਸਾਜੋ ਸਮਾਨ)। ਅੰਤੇ–ਅੰਤ ਨੂੰ। ਮੰਦਰ–ਰਾਜ ਭਵਨ। ਸਵਾਰੀਅਹਿ–ਬਣਾਏ ਜਾਂਦੇ ਹਨ। ਸਾਥਿ–ਨਾਲ। ਹਰ ਰੰਗੀ–ਹਰੇਕ ਰੰਗ ਦੇ; ਅਨੇਕ ਕਿਸਮਾਂ ਦੇ। ਤੁਰੇ–ਘੋੜੇ। ਨਿਤ–ਹਰ ਰੋਜ। ਕਿਤੈ–ਕਿਸੇ। ਕਾਮਿ–ਕੰਮ। ਜਨ–ਹੇ ਪੁਰਖ ਜਨੋਂ!। ਸਿਉ–ਨਾਲ। ਸਖਾਈ–ਸਹਾਈ (ਸਹਾਇਤਾ ਕਰਨ ਵਾਲਾ)। ਗੁਰਮੁਖਿ–ਗੁਰਮੁਖ ਨੇ।੧੫।
ਸਲੋਕੁ ਮਃ ੩ ॥ ਬਿਨੁ ਕਰਮੈ ਨਾਉ ਨ ਪਾਈਐ, ਪੂਰੈ ਕਰਮਿ ਪਾਇਆ ਜਾਇ ॥ ਨਾਨਕ ਨਦਰਿ ਕਰੇ ਜੇ ਆਪਣੀ, ਤਾ ਗੁਰਮਤਿ ਮੇਲਿ ਮਿਲਾਇ ॥੧॥ (ਹੇ ਭਾਈ! ਚੰਗੇ) ਭਾਗਾਂ ਤੋਂ ਬਿਨਾ ਹਰੀ ਦਾ ਨਾਮ ਪਾਇਆ ਨਹੀਂ ਜਾ ਸਕਦਾ, ਪੂਰੇ ਭਾਗਾਂ ਨਾਲ ਹੀ (ਹਰੀ ਦਾ ਨਾਮ) ਪਾਇਆ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜੇ ਪ੍ਰਭੂ ਅਪਣੀ ਮੇਹਰ ਦੀ ਨਜਰ ਕਰ ਦੇਵੇ, ਤਾਂ ਗੁਰੂ ਦੀ ਸਿੱਖਿਆ ਦੁਆਰਾ (ਉਹ ਅਪਣੇ) ਮੇਲ ਵਿਚ ਮਿਲਾ ਲੈਂਦਾ ਹੈ।੧।
ਮਃ ੧ ॥ ਇਕ ਦਝਹਿ ਇਕ ਦਬੀਅਹਿ, ਇਕਨਾ ਕੁਤੇ ਖਾਹਿ ॥ ਇਕਿ ਪਾਣੀ ਵਿਚਿ ਉਸਟੀਅਹਿ, ਇਕਿ ਭੀ ਫਿਰਿ ਹਸਣਿ ਪਾਹਿ ॥ ਨਾਨਕ ਏਵ ਨ ਜਾਪਈ, ਕਿਥੈ ਜਾਇ ਸਮਾਹਿ ॥੨॥ (ਹੇ ਭਾਈ! ਮਰਨ ਤੋਂ ਬਾਦ) ਕਈ ਮਨੁੱਖ ਸਾੜੇ ਜਾਂਦੇ ਹਨ, ਕਈ ਮਨੁੱਖ ਦੱਬੇ ਜਾਂਦੇ ਹਨ ਅਤੇ ਕਈਆਂ ਨੂੰ ਕੁੱਤੇ ਖਾਂਦੇ ਹਨ (ਜਿਵੇਂ ਪੁਰਾਣੇ ਯੁਨਾਨੀ ਲੋਕ ਕਰਦੇ ਸਨ)। ਕਈ ਪਾਣੀ ਵਿਚ ਸੁੱਟੇ (ਰੋੜ੍ਹ ਦਿਤੇ ਜਾਂ ਜਲ ਪ੍ਰਵਾਹ ਕੀਤੇ) ਜਾਂਦੇ ਹਨ ਅਤੇ ਫਿਰ ਕਈ ਮਨੁੱਖ ਸੁੱਕੇ ਖੂਹ ਵਿਚ ਵੀ ਪਾਏ ਜਾਂਦੇ ਹਨ (ਜਿਵੇਂ ਪਾਰਸੀ ਲੋਕ ਕਰਦੇ ਹਨ)। ਨਾਨਕ ਗੁਰੂ ਜੀ ਆਖਦੇ ਹਨ ਕਿ ਇਉਂ ਕੁਝ ਪਤਾ ਨਹੀਂ ਲਗਦਾ ਕਿ (ਰੂਹਾਂ ਮਰਨ ਮਗਰੋਂ) ਕਿਥੇ ਜਾ ਸਮਾਉਂਦੀਆਂ ਹਨ?।੨। ਜਿਤੁ ਲਾਗੋ ਮਨੁ ਬਾਸਨਾ ਅੰਤਿ ਸਾਈ ਪ੍ਰਗਟਾਨੀ (੨੪੨)। ਅੰਤਿ ਕਾਲਿ ਜੋ ਲਛਮੀ ਸਿਮਰੈ....(੫੨੬) ਜਿਸ ਵਾਸ਼ਨਾ ਵਿਚ ਮਨ ਲਗਾ ਹੁੰਦਾ ਹੈ, ਅੰਤ ਵੇਲੇ ਉਹ ਪ੍ਰਗਟ ਹੁੰਦੀ ਹੈ। ਭਾਵ ਮਨ ਦੀ ਜਿਹੋ ਜਿਹੀ ਵਾਸ਼ਨਾ ਹੁੰਦੀ ਹੈ, ਉਹ ਵਾਸ਼ਨਾ ਰੂਹ ਨੂੰ ਉਥੇ ਲੈ ਜਾਂਦੀ ਹੈ।
ਸ਼ਬਦਾਰਥ = ਹਰੀ–ਨਾਮ ਹਰੀ ਦੀ ਅਪਣੀ ਕਿਰਪਾ ਨਾਲ ਮਿਲਦਾ ਹੈ। ਤਦ ਗੁਰੂ ਦੀ ਮੱਤ ਪ੍ਰਾਪਤ ਹੁੰਦੀ ਹੈ ਤੇ ਮਨੁੱਖ ਹਰੀ ਵਿਚ ਸਮਾ ਜਾਂਦਾ ਹੈ, ਨਹੀਂ ਤਾਂ ਮਨੁੱਖ ਦਾ ਅੰਤ ਨਿਰਾ ਸਰੀਰਕ ਅੰਤ ਹੀ ਹੁੰਦਾ ਹੈ। ਉਸ ਨੂੰ ਮਰਨ ਤੇ ਸਾੜ ਦਿੰਦੇ ਹਨ, ਦੱਬ ਦਿੰਦੇ ਹਨ ਜਾਂ ਕਿਸੇ ਹੋਰ ਤਰੀਕੇ ਨਾਲ ਅੱਖਾਂ ਤੋਂ ਓਹਲੇ ਕਰ ਦੇਂਦੇ ਹਨ। ਪਰ ਇਸ ਕੋਲੋਂ ਵਧੇਰੇ ਉਸ ਦੀ ਗਤੀ ਕੋਈ ਨਹੀਂ ਦਿਸਦੀ। ਜੇ ਆਤਮਕ ਜਿੰਦਗੀ ਬਣਾਈ ਹੁੰਦੀ ਤਾਂ ਕਹਿ ਸਕਦੇ ਸਾਂ ਕਿ ਉਹ ਹਰੀ ਵਿਚ ਜਾ ਸਮਾਂਦਾ ਹੈ, ਪਰ ਇਸ ਹਾਲਤ ਵਿਚ ਕੁਝ ਨਹੀਂ ਕਹਿ ਸਕਦੇ।
ਪਦਾਰਥ = ਬਿਨੁ ਕਰਮੈ–ਚੰਗੇ ਭਾਗਾਂ ਤੋਂ ਬਿਨਾ; (ਪ੍ਰਭੂ ਦੀ) ਬਖਸ਼ਿਸ਼ ਤੋਂ ਬਿਨਾ। ਪੂਰੈ ਕਰਮਿ–ਪੂਰੇ ਭਾਗਾਂ ਨਾਲ; ਪੂਰੀ ਬਖਸ਼ਿਸ਼ ਨਾਲ। ਨਦਰਿ–ਮੇਹਰ ਦੀ ਨਜਰ। ਤਾ–ਤਾਂ; ਤਦ। ਗੁਰਮਤਿ–ਗੁਰੂ ਦੀ ਸਿੱਖਿਆ ਦੁਆਰਾ। ਮੇਲਿ ਮਿਲਾਹਿ–ਅਪਣੇ ਮੇਲ ਵਿਚ ਮਿਲਾ ਲੈਂਦਾ ਹੈ।੧। ਇਕ–ਕਈ ਮਨੁੱਖ। ਦਝਹਿ–ਸਾੜੇ ਜਾਂਦੇ ਹਨ। ਦਬੀਅਹਿ (ਦੱਬੀਅਹਿ ਬੋਲੋ)–ਦੱਬੇ ਜਾਂਦੇ ਹਨ। ਇਕਨਾ–ਕਈਆਂ ਨੂੰ। ਖਾਹਿ–ਖਾਂਦੇ ਹਨ। ਉਸਟੀਅਹਿ–ਸੁੱਟੇ (ਰੋੜ੍ਹ ਦਿਤੇ ਜਾਂ ਜਲ ਪ੍ਰਵਾਹ ਕੀਤੇ) ਜਾਂਦੇ ਹਨ। ਪਾਹਿ–ਪਾਏ ਜਾਂਦੇ ਹਨ। ਏਵ–ਇਸ ਤਰ੍ਹਾਂ; ਨਿਸਚੇ ਨਾਲ। ਨ ਜਾਪਈ–ਪਤਾ ਨਹੀਂ ਲਗਦਾ। ਜਾਇ ਸਮਾਹਿ–ਜਾ ਸਮਾਉਂਦੇ (ਵਸਦੇ) ਹਨ।੨।
ਹਸਣਿ = ੧. ਬਿਨਾ ਪਾਣੀ ਤੋਂ ਸੁੱਕਾ ਖੂਹ (ਪਾਰਸੀ ਲੋਕ ਮੁਰਦੇ ਨੂੰ ਸੁੱਕੇ ਖੂਹ ਉਤੇ ਲਟਕਾ ਦੇਂਦੇ ਹਨ, ਇੱਲਾਂ ਗਿਰਝਾਂ ਤੇ ਹੋਰ ਪੰਛੀ ਮੁਰਦੇ ਦਾ ਮਾਸ ਨੋਚ ਨੋਚ ਕੇ ਖਾ ਲੈਂਦੇ ਹਨ ਅਤੇ ਹੱਡੀਆਂ ਖੂਹ ਵਿਚ ਗਿਰਦੀਆਂ ਰਹਿੰਦੀਆਂ ਹਨ)।

੨. ਉੜੀਸਾ ਬੰਗਾਲ ਵਿਚ ਮਰਨ ਵਾਲੀ ਹਾਲਤ ਤੋਂ ਪਹਿਲਾਂ ਪ੍ਰਾਣੀ ਨੂੰ ਦਰਿਆ ਜਾਂ ਸਮੁੰਦਰ ਵਿਚ ਰੋੜ੍ਹ ਆਉਂਦੇ ਹਨ। ਉਨ੍ਹਾਂ ਵਿਚੋਂ ਕਿਸਮਤ ਨਾਲ ਕੋਈ ਬਚ ਜਾਂਦਾ ਹੈ ਜਾਂ ਕੋਈ ਪਰਉਪਕਾਰੀ ਬੰਦਾ ਜਿਉਂਦਾ ਜਾਣ ਕੇ ਉਸ ਨੂੰ ਬਚਾ ਲੈਂਦਾ ਹੈ। ਇਸ ਤਰ੍ਹਾਂ ਉਸ ਰੋੜ੍ਹ ਦਿਤੇ ਮਨੁੱਖ ਨੂੰ ਹਸਣਾ ਨਸੀਬ ਹੋ ਜਾਂਦਾ ਹੈ।

ਪਉੜੀ ॥ ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ, ਜੋ ਨਾਮਿ ਹਰਿ ਰਾਤੇ ॥ ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ, ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ ॥ ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ, ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ ॥ ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ, ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ ॥ ਜਿਨ ਕੈ ਪੋਤੈ ਪੁੰਨੁ ਹੈ, ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ ॥੧੬॥ (ਹੇ ਭਾਈ!) ਜੋ ਪੁਰਖ ਹਰੀ ਦੇ ਨਾਮ ਵਿਚ ਰੰਗੇ ਹੋਏ ਹਨ, ਉਨ੍ਹਾਂ ਦਾ ਭੋਜਨ ਖਾਧਾ, ਕਪੜਾ ਪਹਿਨਿਆ ਅਤੇ ਮਾਇਆ ਆਦਿ ਸਭ ਪਵਿਤ੍ਰ ਹੈ। ਉਨ੍ਹਾਂ ਪੁਰਖਾਂ ਦੇ ਘਰ, ਰਾਜ ਭਵਨ, ਮਹਿਲ ਤੇ ਸਰਾਵਾਂ ਆਦਿ ਸਭ ਪਵਿਤ੍ਰ ਹਨ, ਜਿਨ੍ਹਾਂ ਵਿਚ ਗੁਰਮੁਖ ਸਿਖ ਸੇਵਕ ਅਤੇ ਤਿਆਗੀ ਸਾਧੂ ਜਾ ਕੇ ਲਾਭ ਪ੍ਰਾਪਤ ਕਰਦੇ ਹਨ; ਆਰਾਮ ਕਰਦੇ ਹਨ। ਉਨ੍ਹਾਂ ਪੁਰਖਾਂ ਦੇ ਘੋੜੇ, (ਘੋੜਿਆਂ ਦੀਆਂ) ਕਾਠੀਆਂ, ਨਮਦਾ ਸਭ ਪਵਿਤ੍ਰ ਹਨ, ਜਿਨ੍ਹਾਂ ਉਤੇ ਗੁਰਮੁਖ ਸਿਖ ਤੇ ਸਾਧੂ ਸੰਤ ਚੜ੍ਹ ਕੇ ਜਾਂਦੇ ਹਨ। ਉਨ੍ਹਾਂ ਪੁਰਖਾਂ ਦੇ ਕਰਮ ਧਰਮ ਤੇ ਕੰਮ ਕਾਜ ਸਭ ਪਵਿਤ੍ਰ ਹਨ, ਜੋ ਸਰਬ ਵਿਆਪਕ ਰਾਮ ਦਾ ਹਰਿ ਹਰਿ ਸੱਚਾ ਨਾਮ ਉਚਾਰਦੇ ਹਨ। ਜਿਨ੍ਹਾ ਪੁਰਖਾਂ ਦੇ (ਹਿਰਦੇ ਰੂਪ) ਖਜਾਨੇ ਵਿਚ (ਪਿਛਲੇ ਜਨਮਾਂ ਦੇ ਕੀਤੇ) ਪੁੰਨ ਹਨ, ਉਹ ਗੁਰਮੁਖ ਸਿਖ ਗੁਰੂ ਪਾਸ ਜਾਂਦੇ ਹਨ (ਸਤਿਗੁਰੂ ਨਾਲ ਜੁੜਦੇ ਹਨ)।੧੬।

ਪਦਾਰਥ = ਤਿਨ ਕਾ–ਉਨ੍ਹਾਂ ਦਾ। ਪੈਧਾ–ਪਹਿਨਿਆ। ਨਾਮਿ–ਨਾਮ ਵਿਚ। ਰਾਤੇ–ਰੰਗੇ ਹੋਏ ਹਨ। ਮੰਦਰ–ਰਾਜ ਭਵਨ। ਸਰਾਈ–ਸਰਾਵਾਂ। ਹਹਿ–ਹਨ। ਜਿਨੀ–ਜਿਨਾਂ ਵਿਚ; ਜਿਨ੍ਹਾਂ ਉਤੇ। ਅਭਿਆਗਤ–ਤਿਆਗੀ ਸਾਧੂ। ਵਰਸਾਤੇ–ਲਾਭ ਪ੍ਰਾਪਤ ਕਰਦੇ ਹਨ; ਸੁਖ ਪਾਉਂਦੇ ਹਨ; ਪ੍ਰਸੰਨ ਹੁੰਦੇ ਹਨ; ਆਰਾਮ ਕਰਦੇ ਹਨ। ਤੁਰੇ–ਘੋੜੇ। ਜੀਨ–ਕਾਠੀਆਂ। ਚੜਿ ਜਾਤੇ–ਚੜ੍ਹ ਕੇ ਜਾਂਦੇ ਹਨ। ਸਾਤੇ–ਸੱਚਾ (ਸਦਾ ਕਾਇਮ ਰਹਿਣ ਵਾਲਾ)। ਪੋਤੈ–(ਹਿਰਦੇ ਰੂਪ) ਖਜਾਨੇ; ਪੱਲੇ ਵਿਚ। ਸੇ–ਉਹ। ਪਹਿ–ਪਾਸ (ਕੋਲ)।੧੬।

ਖੁਰਗੀਰ (ਫ.) = ਖੁਰਜੀ (ਦੁਵੱਲੇ ਪੈਣ ਵਾਲਾ ਥੈਲਾ, ਜਿਸ ਵਿਚ ਘੋੜ ਸਵਾਰ ਅਪਣਾ ਸਮਾਨ ਪਾ ਕੇ ਰਖ ਲੈਂਦਾ ਹੈ। ਸੰ.ਸ.; ਗੁ. ਗ੍ਰੰ. ਕੋਸ਼); ਤਹਿਰੂ; ਨਮਦਾ (ਕਾਠੀ ਦੇ ਥੱਲੇ ਰੱਖਿਆ ਕਪੜਾ, ਜੋ ਘੋੜੇ ਦਾ ਪਸੀਨਾ ਸੋਖਦਾ ਹੈ)। ਖੁ–ਪਸੀਨਾ, ਗੀਰ–ਫੜਨ ਵਾਲਾ।

ਸਲੋਕੁ ਮਃ ੩ ॥ ਨਾਨਕ ਨਾਵਹੁ ਘੁਥਿਆ, ਹਲਤੁ ਪਲਤੁ ਸਭੁ ਜਾਇ ॥ ਜਪੁ ਤਪੁ ਸੰਜਮੁ ਸਭੁ ਹਿਰਿ ਲਇਆ, ਮੁਠੀ ਦੂਜੈ ਭਾਇ ॥ ਜਮ ਦਰਿ ਬਧੇ ਮਾਰੀਅਹਿ, ਬਹੁਤੀ ਮਿਲੈ ਸਜਾਇ ॥੨॥ ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦੇ ਨਾਮ ਤੋਂ ਵਿਛੜੇ ਹੋਏ ਮਨਮੁਖਾਂ ਦਾ ਲੋਕ ਤੇ ਪ੍ਰਲੋਕ (ਦਾ ਸੁਖ) ਸਭ ਨਾਸ਼ ਹੋ ਜਾਂਦਾ ਹੈ। (ਉਨ੍ਹਾਂ ਦਾ) ਜਪ, ਤਪ ਤੇ ਸੰਜਮ ਆਦਿ ਕਰਮ (ਕਾਮਾਦਿਕਾਂ ਨੇ) ਸਭ ਖੋਹ ਲਿਆ ਹੈ, (ਕਿਉਂਕਿ ਉਨ੍ਹਾਂ ਦੀ ਬੁੱਧੀ) ਦ੍ਵੈਤ ਭਾਵ ਵਿਚ ਠੱਗੀ ਗਈ ਹੈ। (ਉਹ ਮਨਮੁਖ ਅੰਤ ਸਮੇਂ) ਜਮ ਦੇ ਦਰ ਉਤੇ ਬੰਨ੍ਹੇ (ਕੈਦੀ ਬਣਾਏ) ਹੋਏ ਮਾਰੇ ਕੁੱਟੇ ਜਾਂਦੇ ਹਨ, (ਫਿਰ ਉਨ੍ਹਾਂ ਨੂੰ ਨਰਕਾਂ ਵਿਚ) ਬਹੁਤ ਸਜਾ ਮਿਲਦੀ ਹੈ।੧।

ਪਦਾਰਥ = ਨਾਵਹੁ–ਨਾਮ ਤੋਂ। ਘੁਥਿਆ–ਵਿਛੜੇ ਹੋਇਆਂ ਦਾ; ਭੁੱਲਿਆਂ ਦਾ। ਹਲਤੁ–ਇਹ ਲੋਕ। ਪਲਤੁ–ਪ੍ਰਲੋਕ। ਜਾਇ–(ਨਾਸ਼ ਹੋ) ਜਾਂਦਾ ਹੈ। ਸੰਜਮੁ–ਇੰਦ੍ਰੀਆਂ ਨੂੰ ਵਿਸ਼ਿਆਂ ਵੱਲੋਂ ਰੋਕ ਰਖਣ ਦਾ ਕਰਮ। ਹਿਰਿ ਲਇਆ–ਖੋਹ ਲਿਆ। ਮੁਠੀ–ਠੱਗੀ ਗਈ ਹੈ। ਦੂਜੈ ਭਾਇ –ਦ੍ਵੈਤ ਭਾਵ (ਮਾਇਆ ਜਾਂ ਕਿਸੇ ਦੂਜੇ ਦੇ ਪ੍ਰੇਮ) ਵਿਚ। ਜਮ ਦਰਿ–ਜਮ ਦੇ ਦਰ ਉਤੇ। ਮਾਰੀਅਹਿ–ਮਾਰੇ ਕੁੱਟੇ ਜਾਂਦੇ ਹਨ।੧।

ਅੰਗ ੬੪੯ = ਮਃ ੩ ॥ ਸੰਤਾ ਨਾਲਿ ਵੈਰੁ ਕਮਾਵਦੇ, ਦੁਸਟਾ ਨਾਲਿ ਮੋਹੁ ਪਿਆਰੁ ॥ ਅਗੈ ਪਿਛੈ ਸੁਖੁ ਨਹੀ, ਮਰਿ ਜੰਮਹਿ ਵਾਰੋ ਵਾਰ ॥ ਤ੍ਰਿਸਨਾ ਕਦੇ ਨ ਬੁਝਈ, ਦੁਬਿਧਾ ਹੋਇ ਖੁਆਰੁ ॥ ਮੁਹ ਕਾਲੇ ਤਿਨਾ ਨਿੰਦਕਾ, ਤਿਤੁ ਸਚੈ ਦਰਬਾਰਿ ॥ ਨਾਨਕ ਨਾਮ ਵਿਹੂਣਿਆ, ਨਾ ਉਰਵਾਰਿ ਨ ਪਾਰਿ ॥੨॥ (ਜਿਹੜੇ ਨਿੰਦਕ ਲੋਕ) ਸੰਤਾਂ ਨਾਲ ਵੈਰ ਕਮਾਉਂਦੇ ਹਨ ਤੇ ਦੁਸ਼ਟਾਂ ਨਾਲ ਮੋਹ ਪਿਆਰ ਰਖਦੇ ਹਨ। (ਉਨ੍ਹਾਂ ਨੂੰ) ਇਸ ਲੋਕ ਤੇ ਪ੍ਰਲੋਕ ਵਿਚ ਸੁਖ ਨਹੀਂ ਮਿਲਦਾ ਅਤੇ ਉਹ ਬਾਰ ਬਾਰ ਮਰਦੇ ਜੰਮਦੇ ਰਹਿੰਦੇ ਹਨ। (ਉਨ੍ਹਾਂ ਦੀ) ਤ੍ਰਿਸ਼ਨਾ ਦੀ ਅੱਗ ਕਦੇ ਬੁਝਦੀ ਨਹੀਂ, (ਜਿਸ ਕਰਕੇ ਉਹ) ਦੁਬਿਧਾ ਵਿਚ ਖੁਆਰ ਹੁੰਦੇ ਹਨ। (ਪ੍ਰਭੂ ਦੇ) ਉਸ ਸੱਚੇ ਦਰਬਾਰ ਵਿਚ ਉਨ੍ਹਾਂ ਨਿੰਦਕਾਂ ਦੇ ਮੂੰਹ ਕਾਲੇ ਹੁੰਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ ਸਿਮਰਨ ਤੋਂ ਵਿਹੂਣੇ (ਨਿੰਦਕਾਂ) ਨੂੰ ਨਾ ਉਰਾਰ ਤੇ ਨਾ ਪਾਰ ਥਾਂ ਮਿਲਦੀ ਹੈ (ਉਹ ਵਿਚ ਵਿਚਾਲੇ ਹੀ ਡੁਬ ਜਾਂਦੇ ਹਨ; ਜੰਮਦੇ ਮਰਦੇ ਰਹਿੰਦੇ ਹਨ)।੨।

ਪਦਾਰਥ = ਅਗੈ–ਪ੍ਰਲੋਕ ਵਿਚ। ਪਿਛੈ–ਇਸ ਸੰਸਾਰ ਵਿਚ। ਨ ਬੁਝਈ–ਨਹੀਂ ਮਿਟਦੀ। ਤਿਨਾ–ਉਨ੍ਹਾਂ। ਤਿਤੁ–ਉਸ। ਵਿਹੂਣਿਆਂ–ਬਿਨਾ ;ਖਾਲੀ। ਉਰਵਾਰਿ–ਉਰਾਰ (ਇਸ ਲੋਕ ਵਿਚ)। ਪਾਰਿ–ਪਾਰਲਾ ਪਾਸਾ (ਪ੍ਰਲੋਕ ਵਿਚ)।੨।

ਪਉੜੀ ॥ ਜੋ ਹਰਿ ਨਾਮੁ ਧਿਆਇਦੇ, ਸੇ ਹਰਿ ਹਰਿ ਨਾਮਿ ਰਤੇ ਮਨ ਮਾਹੀ ॥ ਜਿਨਾ ਮਨਿ ਚਿਤਿ ਇਕੁ ਅਰਾਧਿਆ, ਤਿਨਾ ਇਕਸ ਬਿਨੁ ਦੂਜਾ ਕੋ ਨਾਹੀ ॥ ਸੇਈ ਪੁਰਖ ਹਰਿ ਸੇਵਦੇ, ਜਿਨਾ ਧੁਰਿ ਮਸਤਕਿ ਲੇਖੁ ਲਿਖਾਹੀ ॥ ਹਰਿ ਕੇ ਗੁਣ ਨਿਤ ਗਾਵਦੇ, ਹਰਿ ਗੁਣ ਗਾਇ ਗੁਣੀ ਸਮਝਾਹੀ ॥ ਵਡਿਆਈ ਵਡੀ ਗੁਰਮੁਖਾ, ਗੁਰ ਪੂਰੈ ਹਰਿ ਨਾਮਿ ਸਮਾਹੀ ॥੧੭॥ ਜੋ ਪੁਰਖ ਹਰੀ ਦੇ ਨਾਮ ਨੂੰ ਧਿਆਉਂਦੇ ਹਨ, ਉਹ ਮਨ ਵਿਚ ਵੀ ਹਰਿ ਹਰਿ ਨਾਮ ਵਿਚ ਮਸਤ ਰਹਿੰਦੇ ਹਨ। ਜਿਨ੍ਹਾਂ ਪੁਰਖਾਂ ਨੇ ਮਨ ਨਾਲ ਤੇ ਚਿਤ ਨਾਲ ਇਕ ਹਰੀ ਨੂੰ ਅਰਾਧਿਆ ਹੈ, ਉਨ੍ਹਾਂ ਨੂੰ ਇਕ ਹਰੀ ਤੋਂ ਬਿਨਾ ਦੂਜਾ ਕੋਈ ਨਹੀਂ ਦਿਸਦਾ (ਸਭ ਵਿਚ ਪ੍ਰਭੂ ਦਿਸਦਾ ਹੈ)। ਉਹ ਪੁਰਖ ਹੀ ਹਰੀ ਦੀ ਸੇਵਾ ਭਗਤੀ ਕਰਦੇ ਹਨ, ਜਿਨ੍ਹਾਂ ਦੇ ਮੱਥੇ ਉਤੇ ਧੁਰ ਤੋਂ ਲੇਖ ਲਿਖਿਆ ਹੁੰਦਾ ਹੈ। ਉਹ ਹਰ ਰੋਜ ਹਰੀ ਦੇ ਗੁਣ ਗਾਉਂਦੇ ਹਨ ਅਤੇ ਹਰੀ ਦੇ ਗੁਣ ਗਾ ਕੇ ਗੁਣਾਂ ਦੁਆਰਾ (ਅਪਣ ਮਨ ਨੂੰ) ਸਮਝਾਉਂਦੇ ਹਨ; ਗੁਣਾਂ ਦੇ ਮਾਲਕ ਹਰੀ ਦਾ ਉਪਦੇਸ਼ ਦੂਜੇ ਲੋਕਾਂ ਨੂੰ ਸਮਝਾਉਂਦੇ ਹਨ। ਗੁਰਮੁਖਾਂ ਦੀ ਵੱਡੀ ਮਹਾਨਤਾ ਹੈ, ਜੋ ਪੂਰੇ ਗੁਰੂ ਦੁਆਰਾ ਹਰੀ ਦੇ ਨਾਮ ਵਿਚ ਸਮਾਉਂਦੇ (ਮਿਲਦੇ) ਹਨ।੧੭।

ਪਦਾਰਥ = ਸੇ–ਉਹ। ਨਾਮਿ ਰਤੇ–ਨਾਮ ਵਿਚ ਮਸਤ ਰਹਿੰਦੇ ਹਨ। ਮਨ ਮਾਹੀ–ਮਨ ਵਿਚ। ਮਨਿ–ਮਨ ਨਾਲ। ਚਿਤਿ–ਚਿਤ ਨਾਲ। ਇਕੁ–ਇਕ ਹਰੀ ਨੂੰ। ਤਿਨਾ–ਉਨ੍ਹਾਂ ਨੂੰ। ਕੋ–ਕੋਈ। ਸੇਈ–ਉਹ ਹੀ। ਸੇਵਦੇ–ਸੇਵਾ ਭਗਤੀ ਕਰਦੇ ਹਨ। ਜਿਨਾ–ਜਿਨ੍ਹਾਂ ਦੇ। ਧੁਰਿ–ਧੁਰ (ਰੱਬ ਦੀ ਹਜੂਰੀ) ਤੋਂ। ਮਸਤਕਿ–ਮੱਥੇ ਉਤੇ। ਨਿਤ–ਹਰ ਰੋਜ। ਗੁਣੀ–ਗੁਣਾਂ ਵਾਲਾ ਹਰੀ। ਸਮਾਹੀ–ਮਿਲ ਜਾਂਦੇ ਹਨ।੧੭।

ਸਲੋਕੁ ਮਃ ੩ ॥ ਸਤਿਗੁਰ ਕੀ ਸੇਵਾ ਗਾਖੜੀ, ਸਿਰੁ ਦੀਜੈ ਆਪੁ ਗਵਾਇ ॥ ਸਬਦਿ ਮਰਹਿ ਫਿਰਿ ਨ ਮਰਹਿ, ਤਾ ਸੇਵਾ ਪਵੈ ਸਭ ਥਾਇ ॥ ਪਾਰਸ ਪਰਸਿਐ ਪਾਰਸੁ ਹੋਵੈ, ਸਚਿ ਰਹੈ ਲਿਵ ਲਾਇ ॥ ਜਿਸੁ ਪੂਰਬਿ ਹੋਵੈ ਲਿਖਿਆ, ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ ॥ ਨਾਨਕ ਗਣਤੈ ਸੇਵਕੁ ਨ ਮਿਲੈ, ਜਿਸੁ ਬਖਸੇ ਸੋ ਪਵੈ ਥਾਇ ॥੧॥ (ਹੇ ਭਾਈ!) ਸਤਿਗੁਰੂ ਦੀ ਸੇਵਾ ਕਰਨੀ ਬਹੁਤ ਔਖੀ ਹੈ, (ਸੇਵਾ ਤਦ ਹੁੰਦੀ ਹੈ, ਜੇ) ਸਿਰ ਅਰਪਣ ਕਰ ਦੇਈਏ ਤੇ ਆਪਾ ਭਾਵ ਗਵਾ ਦੇਈਏ। (ਜਿਹੜੇ ਮਨੁੱਖ ਗੁਰੂ ਦੇ) ਸ਼ਬਦ ਦੁਆਰਾ (ਆਪਾ ਭਾਵ ਤੋਂ) ਮਰਦੇ ਹਨ, ਉਹ ਮੁੜ ਦੁਬਾਰਾ ਨਹੀਂ ਮਰਦੇ (ਅਮਰ ਹੋ ਜਾਂਦੇ ਹਨ), ਤਾਂ ਹੀ ਸਾਰੀ ਸੇਵਾ ਕੀਤੀ ਥਾਂਇ ਪੈਂਦੀ ਹੈ। (ਗੁਰੂ ਰੂਪ) ਪਾਰਸ ਨਾਲ ਪਰਸਿਆਂ ਪਾਰਸ (ਗੁਰੂ ਦਾ ਰੂਪ) ਹੋ ਜਾਈਦਾ ਹੈ ਅਤੇ ਸੱਚੇ ਨਾਮ ਵਿਚ ਲਿਵ ਲੱਗੀ ਰਹਿੰਦੀ ਹੈ। ਜਿਸ ਮਨੁੱਖ ਦੇ ਮੱਥੇ ਉਤੇ ਪਹਿਲਾਂ ਤੋਂ ਲੇਖ ਲਿਖਿਆ ਹੁੰਦਾ ਹੈ, ਉਸ ਨੂੰ ਪ੍ਰਭੂ ਰੂਪ ਸਤਿਗੁਰੂ ਮਿਲਦਾ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਕੀਤੇ ਕੰਮਾਂ ਦੀਆਂ) ਗਿਣਤੀਆਂ ਗਿਣਨ ਨਾਲ (ਮੈਂ ਆਹ ਸੇਵਾ ਕੀਤੀ, ਮੈਂ ਔਹ ਕੀਤਾ) ਸੇਵਕ ਪ੍ਰਭੂ ਨੂੰ ਨਹੀਂ ਮਿਲ ਸਕਦਾ, ਜਿਸ (ਸੇਵਕ) ਨੂੰ ਗੁਰੂ ਬਖਸ਼ ਲਵੇ, ਉਹ (ਸੇਵਕ) ਥਾਂਇ ਪੈਂਦਾ ਹੈ।੧। ਗਣਤੈ ਸੇਵ ਨ ਹੋਵਈ ਕੀਤਾ ਥਾਇ ਨ ਪਾਇ। (੧੨੪੬)। ਇਹੋ ਸਲੋਕ ਕੁਝ ਅਦਲਾ ਬਦਲੀ ਨਾਲ ਪੰਨਾ ੨੭ ਉਪਰ ਸ੍ਰੀ ਰਾਗ ਮਃ ੩ ਦੇ ਤੀਜੇ ਸ਼ਬਦ ਦਾ ਚੌਥਾ ਪਦ ਕਰਕੇ ਆਉਂਦਾ ਹੈ।

ਪਦਾਰਥ = ਗਾਖੜੀ–ਔਖੀ। ਆਪੁ ਗਵਾਇ–ਆਪਾ ਭਾਵ (ਅਪਣੱਤ) ਗਵਾ ਕੇ। ਸਬਦਿ–ਸ਼ਬਦ ਦੁਆਰਾ। ਤਾ–ਤਾਂ; ਤਦ। ਪਵੈ ਥਾਇ–ਪ੍ਰਵਾਨ ਹੁੰਦੀ ਹੈ। ਪਾਰਸ–ਲੋਹੇ ਆਦਿ ਨੀਵੀਆਂ ਧਾਤਾਂ ਨੂੰ ਸੋਨਾ ਬਣਾ ਦੇਣ ਵਾਲਾ ਇਕ ਅਮੋਲਕ ਪੱਥਰ। ਪਰਸਿਐ–ਪਰਸਣ (ਛੋਹ ਲੈਣ) ਨਾਲ। ਪੂਰਬਿ–ਪਹਿਲਾਂ (ਰੱਬ ਦੀ ਹਜੂਰੀ) ਤੋਂ। ਗਣਤੈ–(ਕੀਤੀ ਹੋਈ ਸੇਵਾ ਦੀਆਂ) ਗਿਣਤੀਆਂ ਗਿਣਨ ਨਾਲ। ਸੋ–ਉਹ।੧।

ਮਃ ੩ ॥ ਮਹਲੁ ਕੁਮਹਲੁ ਨ ਜਾਣਨੀ, ਮੂਰਖ ਅਪਣੈ ਸੁਆਇ ॥ ਸਬਦੁ ਚੀਨਹਿ ਤਾ ਮਹਲੁ ਲਹਹਿ, ਜੋਤੀ ਜੋਤਿ ਸਮਾਇ ॥ ਸਦਾ ਸਚੇ ਕਾ ਭਉ ਮਨਿ ਵਸੈ, ਤਾ ਸਭਾ ਸੋਝੀ ਪਾਇ ॥ ਸਤਿਗੁਰੁ ਅਪਣੈ ਘਰਿ ਵਰਤਦਾ, ਆਪੇ ਲਏ ਮਿਲਾਇ ॥ ਨਾਨਕ ਸਤਿਗੁਰਿ ਮਿਲਿਐ ਸਭ ਪੂਰੀ ਪਈ, ਜਿਸ ਨੋ ਕਿਰਪਾ ਕਰੇ ਰਜਾਇ ॥੨॥ (ਹੇ ਭਾਈ!) ਮੂਰਖ ਲੋਕ ਅਪਣੇ (ਸਰੀਰ ਦੇ ਪਾਲਣ ਪੋਸਣ ਦੇ) ਸੁਆਰਥ ਵਿਚ ਲੱਗੇ ਹੋਣ ਕਰਕੇ ਚੰਗਾ ਮੰਦਾ ਨਹੀਂ ਜਾਣਦੇ। (ਜੇ ਉਹ ਗੁਰੂ ਦੇ) ਸ਼ਬਦ ਨੂੰ ਪਛਾਣ ਲੈਣ, ਤਾਂ ਅਪਣਾ ਅਸਲੀ ਟਿਕਾਣਾ ਲੱਭ ਲੈਣ (ਰੱਬ ਦੇ ਹਜੂਰ ਪਹੁੰਚ ਜਾਣ) ਅਤੇ ਉਨ੍ਹਾਂ ਦੀ ਆਤਮ ਜੋਤ ਪ੍ਰਭੂ ਦੀ ਜੋਤ ਵਿਚ ਮਿਲ ਜਾਵੇ (ਹਰੀ ਨਾਲ ਇਕ ਮਿਕ ਹੋ ਜਾਣ। ਜੇ ਉਨ੍ਹਾਂ ਦੇ) ਮਨ ਵਿਚ ਸਦਾ ਸੱਚੇ ਪ੍ਰਭੂ ਦਾ ਭੈ ਵਸ ਜਾਵੇ ਤਾਂ ਉਹ ਸਾਰੀ ਸਮਝ ਪ੍ਰਾਪਤ ਕਰ ਲੈਣ। ਕਿ ਸਤਿਗੁਰੂ ਅਪਣੇ ਸਰੂਪ ਘਰ ਅੰਦਰ ਵਰਤ ਰਿਹਾ ਹੈ, (ਸਤਿਗੁਰੂ ਕ੍ਰਿਪਾ ਕਰਕੇ ਸੇਵਕਾਂ ਨੂੰ) ਆਪੇ ਅਪਣੇ ਨਾਲ ਮਿਲਾ ਲੈਂਦਾ ਹੈ। ਹੇ ਨਾਨਕ! ਜਿਸ ਉਤੇ ਰਜ਼ਾ ਦਾ ਮਾਲਕ ਪ੍ਰਭੂ ਕ੍ਰਿਪਾ ਕਰਦਾ ਹੈ, ਸਤਿਗੁਰੂ ਦੇ ਮਿਲਣ ਨਾਲ (ਉਸ ਗੁਰਮੁਖ ਦੀ ਘਾਲ) ਪੂਰੀ ਪੈ ਗਈ ਹੈ।੨।

ਪਦਾਰਥ = ਮਹਲੁ ਕੁਮਹਲੁ–ਭਲਾ ਬੁਰਾ; ਥਾਂ ਕੁਥਾਂ (ਚੰਗੀ ਮਾੜੀ ਜਗ੍ਹਾ); ਆਤਮਾ ਅਨਾਤਮਾ। ਸੁਆਇ–ਸੁਆਰਥ ਕਰਕੇ। ਚੀਨਹਿ–ਪਛਾਣ ਲੈਣ; ਸਮਝਣ। ਤਾ–ਤਾਂ; ਤਦ। ਮਹਲੁ–ਟਿਕਾਣਾ। ਲਹਹਿ–ਲੱਭ ਲੈਣ। ਜੋਤੀ–ਆਤਮ ਜੋਤ। ਜੋਤਿ–ਪ੍ਰਭੂ ਦੀ ਜੋਤ ਵਿਚ। ਸਮਾਇ –ਮਿਲ ਜਾਵੇ। ਸਚੇ ਕਾ–ਸੱਚੇ ਪ੍ਰਭੂ ਦਾ। ਭਉ–ਡਰ। ਮਨਿ–ਮਨ ਵਿਚ। ਸਭਾ–ਸਾਰੀ। ਸੋਝੀ–ਸਮਝ; ਗਿਆਨ। ਘਰਿ–ਸਰੂਪ ਵਿਚ। ਪੂਰੀ ਪਈ–ਪੂਰਨਤਾ ਪ੍ਰਾਪਤ ਹੋ ਗਈ ਹੈ; ਮਿਹਨਤ ਸਫਲ ਹੋ ਗਈ ਹੈ।੨।

ਪਉੜੀ ॥ ਧੰਨੁ ਧਨੁ ਭਾਗ ਤਿਨਾ ਭਗਤ ਜਨਾ, ਜੋ ਹਰਿ ਨਾਮਾ ਹਰਿ ਮੁਖਿ ਕਹਤਿਆ ॥ ਧਨੁ ਧਨੁ ਭਾਗ ਤਿਨਾ ਸੰਤ ਜਨਾ, ਜੋ ਹਰਿ ਜਸੁ ਸ੍ਰਵਣੀ ਸੁਣਤਿਆ ॥ ਧਨੁ ਧਨੁ ਭਾਗ ਤਿਨਾ ਸਾਧ ਜਨਾ, ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ ॥ ਧਨੁ ਧਨੁ ਭਾਗ ਤਿਨਾ ਗੁਰਮੁਖਾ, ਜੋ ਗੁਰ ਸਿਖ ਲੈ ਮਨੁ ਜਿਣਤਿਆ ॥ ਸਭ ਦੂ ਵਡੇ ਭਾਗ ਗੁਰਸਿਖਾ ਕੇ, ਜੋ ਗੁਰ ਚਰਣੀ ਸਿਖ ਪੜਤਿਆ ॥੧੮॥ ਉਨ੍ਹਾਂ ਭਗਤ ਜਨਾਂ ਦੇ ਭਾਗ ਧੰਨ ਧੰਨ ਹਨ, ਜੋ ਅਪਣੇ ਮੂੰਹ ਨਾਲ ਹਰੀ ਦਾ ਨਾਮ ਕਹਿੰਦੇ (ਉਚਾਰਦੇ) ਹਨ। ਉਨ੍ਹਾਂ ਸੰਤ ਜਨਾਂ ਦੇ ਭਾਗ ਧੰਨ ਧੰਨ ਹਨ, ਜੋ ਕੰਨਾਂ ਨਾਲ ਹਰੀ ਦਾ ਜਸ ਸੁਣਦੇ ਹਨ। ਉਨ੍ਹਾਂ ਸਾਧ ਜਨਾਂ ਦੇ ਭਾਗ ਧੰਨ ਧੰਨ ਹਨ, ਜੋ ਹਰੀ ਦਾ ਕੀਰਤਨ ਗਾ ਕੇ ਗੁਣ ਵਾਨ ਪੁਰਖ ਬਣਦੇ ਹਨ; ਜੋ ਗੁਣਾਂ ਵਾਲੇ ਪ੍ਰਭੂ ਦੇ ਦਾਸ ਬਣਦੇ ਹਨ। ਉਨ੍ਹਾਂ ਗੁਰਮੁਖਾਂ ਦੇ ਭਾਗ ਧੰਨ ਧੰਨ ਹਨ, ਜੋ ਗੁਰੂ ਦੀ ਸਿੱਖਿਆ ਲੈ ਕੇ ਮਨ ਨੂੰ ਜਿੱਤ ਲੈਂਦੇ ਹਨ। ਸਭ ਤੋਂ ਵੱਡੇ ਭਾਗ ਗੁਰੂ ਦੇ ਸਿੱਖਾਂ ਦੇ ਹਨ, ਜੋ ਸਿੱਖ ਗੁਰੂ ਦੇ ਚਰਨੀਂ ਆ ਪੈਂਦੇ ਹਨ।੧੮।

ਪਦਾਰਥ = ਧੰਨੁ ਧਨੁ–ਧੰਨਤਾ (ਸਲਾਹੁਣ) ਯੋਗ। ਤਿਨਾ–ਉਨ੍ਹਾਂ ਦੇ। ਮੁਖਿ–ਮੂੰਹ ਨਾਲ। ਕਹਤਿਆ–ਕਹਿੰਦੇ ਹਨ। ਸ੍ਰਵਣੀ–ਕੰਨਾਂ ਨਾਲ। ਸੁਣਤਿਆ–ਸੁਣਦੇ ਹਨ। ਗਾਇ–ਗਾ ਕੇ। ਗੁਣੀ–ਗੁਣਵਾਨ; ਗੁਣਾਂ ਵਾਲਾ ਪ੍ਰਭੂ। ਬਣਤਿਆ–ਬਣਦੇ ਹਨ। ਗੁਰ ਸਿਖ–ਗੁਰੂ ਦੀ ਸਿੱਖਿਆ। ਜਿਣਤਿਆ–ਜਿਤ ਲੈਂਦੇ ਹਨ। ਸਭ ਦੂ–ਸਭ ਤੋਂ। ਪੜਤਿਆ–ਪੈਂਦੇ ਹਨ।੧੮।

ਸਲੋਕੁ ਮਃ ੩ ॥ ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ, ਏਕ ਸਬਦਿ ਲਿਵ ਲਾਇ ॥ ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ, ਜੋ ਹਰਿ ਹਿਰਦੈ ਸਦਾ ਵਸਾਇ ॥ ਬਿਨੁ ਸਤਿਗੁਰ ਨਾਉ ਨ ਪਾਈਐ, ਬੁਝਹੁ ਕਰਿ ਵੀਚਾਰੁ ॥ ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ, ਸੁਖੁ ਪਾਏ ਜੁਗ ਚਾਰਿ ॥੧॥(ਹੇ ਭਾਈ! ਜੋ ਮਨੁੱਖ) ਬ੍ਰਹਮ ਨੂੰ ਜਾਣਦਾ ਹੈ ਤੇ ਇਕ ਬ੍ਰਹਮ ਵਿਚ ਲਿਵ ਲਾਈ ਰਖਦਾ ਹੈ, ਉਸ ਦਾ ਬ੍ਰਾਹਮਣ ਪੁਣਾ ਕਾਇਮ ਰਹਿੰਦਾ ਹੈ {ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ ਜਿ ਅਨਦਿਨੁ ਹਰਿ ਲਿਵ ਲਾਇ ੫੧੨}। ਜੋ ਮਨੁੱਖ ਹਰੀ ਨੂੰ ਸਦਾ ਅਪਣੇ ਹਿਰਦੇ ਵਿਚ ਸਦਾ ਵਸਾਉਂਦਾ ਹੈ, ਨੌਂ ਨਿਧੀਆਂ ਅਤੇ ਅਠਾਰਾਂ ਸਿਧੀਆਂ ਉਸ ਦੇ ਪਿਛੇ ਲੱਗੀਆਂ ਫਿਰਦੀਆਂ ਹਨ। ਵਿਚਾਰ ਕਰਕੇ ਸਮਝ ਲਵੋ ਕਿ ਸਤਿਗੁਰੂ ਤੋਂ ਬਿਨਾ (ਹਰੀ ਦਾ) ਨਾਮ ਨਹੀਂ ਪਾਇਆ ਜਾ ਸਕਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਪੂਰੇ ਭਾਗਾਂ ਨਾਲ (ਜਿਸ ਮਨੁੱਖ ਨੂੰ) ਸਤਿਗੁਰੂ ਮਿਲਦਾ ਹੈ, (ਉਹ) ਚਾਰੇ ਜੁਗਾਂ ਵਿਚ (ਹਰ ਸਮੇਂ) ਸੁਖ ਪਾਉਂਦਾ ਹੈ।੧।

ਮਃ ੩ ॥ ਕਿਆ ਗਭਰੂ ਕਿਆ ਬਿਰਧਿ ਹੈ, ਮਨਮੁਖ ਤ੍ਰਿਸਨਾ ਭੁਖ ਨ ਜਾਇ ॥ ਗੁਰਮੁਖਿ ਸਬਦੇ ਰਤਿਆ, ਸੀਤਲੁ ਹੋਏ ਆਪੁ ਗਵਾਇ ॥ ਅੰਦਰੁ ਤ੍ਰਿਪਤਿ ਸੰਤੋਖਿਆ, ਫਿਰਿ ਭੁਖ ਨ ਲਗੈ ਆਇ ॥ (ਮਨਮੁਖ ਭਾਵੇਂ) ਜਵਾਨ ਹੈ, ਤਾਂ ਕੀ ਹੈ? (ਭਾਵੇਂ ਉਹ) ਬ੍ਰਿਧ ਅਵਸਥਾ ਵਿਚ ਹੈ, ਤਾਂ ਕੀ ਹੋ ਗਿਆ? ਮਨਮੁਖਾਂ ਦੀ (ਮਾਇਆ ਦੀ) ਤ੍ਰਿਸ਼ਨਾ ਤੇ (ਪਦਾਰਥਾਂ ਦੀ) ਭੁੱਖ ਨਹੀਂ ਜਾਂਦੀ। ਗੁਰਮੁਖ (ਗੁਰੂ ਦੇ) ਸ਼ਬਦ ਵਿਚ ਰੰਗੇ ਹੋਣ ਕਰਕੇ ਆਪਾ ਭਾਵ ਗਵਾ ਕੇ ਸੀਤਲ (ਸ਼ਾਂਤ) ਹੋ ਗਏ ਹਨ। (ਉਨ੍ਹਾਂ ਦਾ ਮਨ) ਅੰਦਰੋਂ ਰੱਜ ਗਿਆ ਹੈ ਤੇ (ਉਨ੍ਹਾਂ ਨੂੰ) ਸੰਤੋਖ ਪ੍ਰਾਪਤ ਹੋ ਗਿਆ ਹੈ ਅਤੇ ਫਿਰ (ਕਿਸੇ ਪਦਾਰਥ ਦੀ) ਭੁਖ ਆ ਕੇ ਨਹੀਂ ਲਗਦੀ।

ਅੰਗ ੬੫੦ = ਨਾਨਕ ਜਿ ਗੁਰਮੁਖਿ ਕਰਹਿ ਸੋ ਪਰਵਾਣੁ ਹੈ, ਜੋ ਨਾਮਿ ਰਹੇ ਲਿਵ ਲਾਇ ॥੨॥ ਨਾਨਕ ਗੁਰੂ ਜੀ ਆਖਦੇ ਹਨ ਕਿ ਜੋ ਨਾਮ ਵਿਚ ਬਿਰਤੀ ਲਗਾ ਰਹੇ ਹਨ, (ਉਹ) ਗੁਰਮੁਖ ਜਿਹੜਾ ਕੰਮ ਕਰਦੇ ਹਨ, ਉਹ ਪ੍ਰਵਾਨ ਹੁੰਦਾ ਹੈ।੨।

ਪਦਾਰਥ = ਬ੍ਰਹਮੁ–ਜਗਤ ਦਾ ਮਾਲਕ ਕਰਤਾਰ। ਬਿੰਦੇ–ਜਾਣਦਾ ਹੈ। ਬ੍ਰਹਮਤੁ–ਬ੍ਰਾਹਮਣ ਪੁਣਾ। ਏਕ ਸਬਦਿ–ਇਕ ਕਰਤਾਰ ਵਿਚ; ਇਕ ਗੁਰੂ ਦੇ ਸ਼ਬਦ ਵਿਚ (ਦਰਪਣ; ਸੰ.ਸ.; ਟਕਸਾਲ)। ਨਵ ਨਿਧੀ–ਦੁਨੀਆਂ ਦੇ ਨੌਂ ਖਜਾਨੇ। ਅਠਾਰਹ ਸਿਧੀ–ਅਠਾਰਾਂ ਕਿਸਮ ਦੀਆਂ ਕਰਾਮਾਤੀ ਤਾਕਤਾਂ। ਹਿਰਦੈ–ਹਿਰਦੇ ਵਿਚ। ਬੁਝਹੁ–ਸਮਝ ਲਵੋ। ਕਰਿ–ਕਰ ਕੇ। ਪੂਰੈ ਭਾਗਿ–ਪੂਰੇ ਭਾਗਾਂ ਨਾਲ। ਜੁਗ ਚਾਰਿ–ਹਰ ਸਮੇਂ ਵਿਚ।੧। ਗਭਰੂ–ਜਵਾਨ। ਬਿਰਧਿ–ਬੁਢੇਪੇ ਵਿਚ। ਸਬਦੇ–ਸ਼ਬਦ ਵਿਚ। ਰਤਿਆ–ਰੰਗੇ ਹੋਣ ਕਰਕੇ। ਸੀਤਲੁ–ਸ਼ਾਂਤ। ਆਪੁ–ਅਪਣੱਤ। ਅੰਦਰੁ ਤ੍ਰਿਪਤਿ–ਅੰਦਰੋਂ ਮਨ ਰੱਜ ਗਿਆ। ਫਿਰਿ–ਮੁੜ ਦੁਬਾਰਾ। ਜਿ–ਜਿਹੜਾ। ਸੋ–ਉਹ। ਨਾਮਿ–ਨਾਮ ਵਿਚ।੨।

ਪਉੜੀ ॥ ਹਉ ਬਲਿਹਾਰੀ ਤਿੰਨ ਕੰਉ ,ਜੋ ਗੁਰਮੁਖਿ ਸਿਖਾ ॥ ਜੋ ਹਰਿ ਨਾਮੁ ਧਿਆਇਦੇ, ਤਿਨ ਦਰਸਨੁ ਪਿਖਾ ॥ ਸੁਣਿ ਕੀਰਤਨੁ ਹਰਿ ਗੁਣ ਰਵਾ, ਹਰਿ ਜਸੁ ਮਨਿ ਲਿਖਾ ॥ ਹਰਿ ਨਾਮੁ ਸਲਾਹੀ ਰੰਗਿ ਸਿਉ ,ਸਭ ਕਿਲਵਿਖ ਕ੍ਰਿਖਾ ॥ ਧਨੁ ਧੰਨੁ ਸੁਹਾਵਾ ਸੋ ਸਰੀਰੁ ਥਾਨੁ ਹੈ, ਜਿਥੈ ਮੇਰਾ ਗੁਰੁ ਧਰੇ ਵਿਖਾ ॥੧੯॥ (ਹੇ ਭਾਈ!) ਜੋ ਗੁਰਮੁਖ ਸਿਖ ਹਨ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ। ਜੋ (ਗੁਰਮੁਖ) ਹਰੀ ਦਾ ਨਾਮ ਸਿਮਰਦੇ ਹਨ, (ਚਿਤ ਕਰਦਾ ਹੈ ਕਿ) ਮੈਂ ਉਨ੍ਹਾਂ ਦਾ ਦਰਸ਼ਨ ਦੇਖਾਂ। (ਗੁਰਮੁਖਾਂ ਦੀ ਰਸਨਾ ਤੋਂ) ਕੀਰਤਨ ਸੁਣ ਕੇ ਮੈਂ ਹਰੀ ਦੇ ਗੁਣ ਉਚਾਰਨ ਕਰਾਂ (ਗਾਵਾਂ) ਅਤੇ ਮਨ ਵਿਚ ਹਰੀ ਦਾ ਜਸ ਲਿਖ (ਉਕਰ) ਲਵਾਂ। ਮੈਂ ਪ੍ਰੇਮ ਨਾਲ ਹਰੀ ਦਾ ਨਾਮ ਸਲਾਹਵਾਂ ਅਤੇ ਅਪਣੇ ਸਾਰੇ ਪਾਪ ਨਾਸ਼ ਕਰ ਲਵਾਂ। ਉਹ ਸਰੀਰ ਧੰਨਤਾ ਦੇ ਯੋਗ ਹੈ (ਜਿਸ ਵਿਚ ਗੁਰੂ ਦਾ ਸ਼ਬਦ ਵਸਦਾ ਹੈ) ਅਤੇ ਉਹ ਸਥਾਨ ਸੋਹਣਾ ਹੈ, ਜਿਥੇ ਮੇਰਾ ਸਤਿਗੁਰੂ ਅਪਣੇ ਚਰਨ ਧਰਦਾ ਹੈ।੧੯।

ਪਦਾਰਥ = ਹਉ-ਮੈਂ। ਤਿੰਨ ਕੰਉ-ਉਨ੍ਹਾਂ ਤੋਂ। ਤਿਨ-ਉਨ੍ਹਾਂ ਦਾ। ਪਿਖਾ-ਦੇਖਾਂ। ਰਵਾ-ਉਚਾਰਨ ਕਰਾਂ (ਗਾਵਾਂ)। ਮਨਿ-ਮਨ ਵਿਚ। ਲਿਖਾ -ਲਿਖਾਂ। ਰੰਗਿ ਸਿਉ-ਪ੍ਰੇਮ ਨਾਲ। ਕਿਲਵਿਖ-ਪਾਪ। ਕ੍ਰਿਖਾ-ਨਾਸ਼ ਕਰ ਦੇਵਾਂ। ਸੋ-ਉਹ। ਵਿਖਾ-ਕਦਮ (ਚਰਨ)।੧੯।

ਸਲੋਕੁ ਮਃ ੩ ॥ ਗੁਰ ਬਿਨੁ ਗਿਆਨੁ ਨ ਹੋਵਈ, ਨਾ ਸੁਖੁ ਵਸੈ ਮਨਿ ਆਇ ॥ ਨਾਨਕ ਨਾਮ ਵਿਹੂਣੇ ਮਨਮੁਖੀ, ਜਾਸਨਿ ਜਨਮੁ ਗਵਾਇ ॥੧॥ (ਹੇ ਭਾਈ! ਪ੍ਰਭੂ ਦਾ) ਗਿਆਨ ਗੁਰੂ ਤੋਂ ਬਿਨਾ ਪ੍ਰਾਪਤ ਨਹੀਂ ਹੁੰਦਾ ਅਤੇ ਨਾ ਹੀ ਮਨ ਵਿਚ ਸੁਖ ਆ ਕੇ ਵਸਦਾ ਹੈ। ਹੇ ਨਾਨਕ! ਹਰੀ ਦੇ ਨਾਮ ਤੋਂ ਵਿਹੂਣੇ ਮਨਮੁਖਤਾ ਵਾਲੇ ਲੋਕ (ਸੰਸਾਰ ਤੋਂ ਅਪਣਾ ਮਨੁੱਖਾ) ਜਨਮ ਬਿਅਰਥ ਗਵਾ ਜਾਣਗੇ।੧।

ਮਃ ੩ ॥ ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ, ਥਕਿ ਰਹੇ ਲਿਵ ਲਾਇ ॥ ਬਿਨੁ ਸਤਿਗੁਰ ਕਿਨੈ ਨ ਪਾਇਓ, ਗੁਰਮੁਖਿ ਮਿਲੈ ਮਿਲਾਇ ॥ ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ, ਧਿਗੁ ਸਿਧੀ ਧਿਗੁ ਕਰਮਾਤਿ ॥ ਸਾ ਸਿਧਿ ਸਾ ਕਰਮਾਤਿ ਹੈ, ਅਚਿੰਤੁ ਕਰੇ ਜਿਸੁ ਦਾਤਿ ॥ ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ, ਏਹਾ ਸਿਧਿ ਏਹਾ ਕਰਮਾਤਿ ॥੨॥ ਸਿੱਧ ਅਤੇ ਸਾਧਨਾ ਕਰਨ ਵਾਲੇ ਸਾਧੂ ਸਾਰੇ ਹਰੀ ਦੇ ਨਾਮ ਨੂੰ ਖੋਜਦੇ ਹੋਏ ਸਮਾਧੀਆਂ ਲਾ ਕੇ ਥੱਕ ਗਏ ਹਨ। ਸਤਿਗੁਰੂ ਤੋਂ ਬਿਨਾ ਹਰੀ ਦਾ ਨਾਮ ਕਿਸੇ ਨੂੰ ਪ੍ਰਾਪਤ ਨਹੀਂ ਹੋਇਆ, ਗੁਰੂ ਦੁਆਰਾ ਮਿਲਾਇਆ (ਮਨੁਖ ਪ੍ਰਭੂ ਨੂੰ) ਮਿਲਦਾ ਹੈ। ਹਰੀ ਦੇ ਨਾਮ ਤੋਂ ਬਿਨਾ (ਮਨਮੁਖਾਂ ਦਾ) ਪਹਿਨਣਾ ਤੇ ਖਾਣਾ ਸਭ ਬਿਅਰਥ ਹੈ, (ਨਾਮ ਤੋਂ ਬਿਨਾ ਅਜੇਹੀ) ਸਿੱਧੀ ਨੂੰ ਫਿਟਕਾਰ ਹੈ ਤੇ ਕਰਾਮਾਤ ਨੂੰ ਵੀ ਫਿਟਕਾਰ ਹੈ। ਉਹ ਸਿੱਧੀ ਹੈ ਤੇ ਉਹ ਕਰਾਮਾਤ ਹੈ, ਜਿਸ ਨੂੰ ਅਚਿੰਤ ਪ੍ਰਭੂ ਨਾਮ ਦੀ ਦਾਤ ਬਖਸ਼ਿਸ਼ ਕਰ ਦੇਵੇ; ਜਿਸ (ਮਨੁੱਖ) ਨੂੰ ਪ੍ਰਭੂ ਚਿੰਤਾ ਤੋਂ ਰਹਿਤ ਕਰਨ ਵਾਲੀ ਦਾਤ ਦੇ ਦੇਵੇ (ਟਕਸਾਲ) {ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ ੪੭੪}। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦਾ ਨਾਮ ਗੁਰੂ ਦੁਆਰਾ ਮਨ ਵਿਚ ਵਸਦਾ ਹੈ, (ਅਸਲ ਵਿਚ) ਇਹੋ ਸਿੱਧੀ ਹੈ ਤੇ ਇਹੋ ਕਰਾਮਾਤ ਹੈ।੨।

ਪਦਾਰਥ = ਨ ਹੋਵਈ-ਨਹੀਂ ਹੁੰਦਾ। ਮਨਿ-ਮਨ ਵਿਚ। ਵਿਹੂਣੇ-ਬਿਨਾ; ਖਾਲੀ। ਮਨਮੁਖੀ-ਮਨਮੁਖਤਾ ਵਾਲੇ ਲੋਕ। ਜਾਸਨਿ-ਚਲੇ ਜਾਣਗੇ।੧। ਸਿਧ-ਜੋਗ ਸਾਧਨਾ ਵਿਚ ਪੂਰਨ ਜੋਗੀ। ਸਾਧਿਕ-ਸਾਧਨਾ ਕਰਨ ਵਾਲਾ; ਅਭਿਆਸੀ। ਥਕਿ ਰਹੇ-ਥੱਕ ਗਏ ਹਨ। ਕਿਨੈ-ਕਿਸੇ ਨੂੰ। ਪੈਨਣੁ-ਪਹਿਨਣਾ। ਬਾਦਿ-ਬਿਅਰਥ। ਸਾ-ਉਹ। ਅਚਿੰਤੁ-ਚਿੰਤਾ ਰਹਿਤ ਪ੍ਰਭੂ; ਅਚਾਨਕ। ਗੁਰਮੁਖਿ-ਗੁਰੂ ਦੁਆਰਾ।੨।

ਪਉੜੀ ॥ ਹਮ ਢਾਢੀ ਹਰਿ ਪ੍ਰਭ ਖਸਮ ਕੇ, ਨਿਤ ਗਾਵਹ ਹਰਿ ਗੁਣ ਛੰਤਾ ॥ ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹ, ਤਿਸੁ ਕਵਲਾ ਕੰਤਾ ॥ ਹਰਿ ਦਾਤਾ ਸਭੁ ਜਗਤੁ ਭਿਖਾਰੀਆ, ਮੰਗਤ ਜਨ ਜੰਤਾ ॥ ਹਰਿ ਦੇਵਹੁ ਦਾਨੁ ਦਇਆਲ ਹੋਇ, ਵਿਚਿ ਪਾਥਰ ਕ੍ਰਿਮ ਜੰਤਾ ॥ ਜਨ ਨਾਨਕ ਨਾਮੁ ਧਿਆਇਆ, ਗੁਰਮੁਖਿ ਧਨਵੰਤਾ ॥੨੦॥ (ਹੇ ਭਾਈ!) ਅਸੀਂ ਅਪਣੇ ਮਾਲਕ ਹਰੀ ਪ੍ਰਭੂ ਦੇ ਢਾਢੀ ਹਾਂ ਅਤੇ ਨਿਤ ਹਰੀ ਦੇ ਗੁਣਾਂ ਦੇ ਛੰਤ ਗਾਉਂਦੇ ਹਾਂ। ਅਸੀਂ ਹਰੀ ਦਾ ਕੀਰਤਨ ਕਰਦੇ ਹਾਂ ਅਤੇ ਮਾਇਆ ਦੇ ਉਸ ਪਤੀ ਹਰੀ ਦਾ ਹੀ ਜਸ ਸੁਣਦੇ ਹਾਂ। ਇਕ ਹਰੀ ਹੀ ਦਾਤਾ ਹੈ, ਸਾਰਾ ਜਗਤ (ਉਸ ਦੇ ਦਰ ਦਾ) ਭਿਖਾਰੀ ਹੈ, ਸਭ ਜੀਵ ਤੇ ਸੂਖਮ ਜੰਤ (ਉਸ ਦੇ ਦਰ ਦੇ) ਮੰਗਤੇ ਹਨ। ਹੇ ਹਰੀ! ਤੁਸੀਂ ਦਿਆਲ ਹੋ ਕੇ ਪੱਥਰਾਂ ਵਿਚ ਵੀ ਕੀੜੇ ਆਦਿਕ ਜੀਵਾਂ ਨੂੰ ਦਾਨ ਦੇਂਦੇ ਹੋ। ਦਾਸ ਨਾਨਕ ਆਖਦਾ ਹੈ (ਕਿ ਜਿਨ੍ਹਾਂ ਪੁਰਖਾਂ ਨੇ) ਗੁਰੂ ਦੁਆਰਾ ਹਰੀ ਦਾ ਨਾਮ ਸਿਮਰਿਆ ਹੈ, ਉਹ (ਨਾਮ ਰੂਪ) ਧਨ ਵਾਲੇ ਹਨ।੨੦।

ਪਦਾਰਥ = ਹਮ-ਅਸੀਂ। ਢਾਢੀ-ਜਸ ਕਰਨ ਵਾਲਾ। ਖਸਮ ਕੇ-ਮਾਲਕ ਦੇ। ਨਿਤ-ਹਰ ਰੋਜ; ਸਦਾ। ਛੰਤਾ-ਗੀਤ। ਕਰਹ-ਕਰਦੇ ਹਾਂ। ਕਵਲਾ ਕੰਤਾ-ਮਾਇਆ ਦਾ ਪਤੀ ਪ੍ਰਭੂ। ਜਨ ਜੰਤਾ-ਸਥੂਲ ਜੀਵ ਤੇ ਸੂਖਮ ਜੀਵ। ਕ੍ਰਿਮ-ਕੀੜੇ। ਧਨਵੰਤਾ-ਧਨ ਵਾਲੇ।੨੦।

ਸਲੋਕੁ ਮਃ ੩ ॥ ਪੜਣਾ ਗੁੜਣਾ ਸੰਸਾਰ ਕੀ ਕਾਰ ਹੈ, ਅੰਦਰਿ ਤ੍ਰਿਸਨਾ ਵਿਕਾਰੁ ॥ ਹਉਮੈ ਵਿਚਿ ਸਭਿ ਪੜਿ ਥਕੇ, ਦੂਜੈ ਭਾਇ ਖੁਆਰੁ ॥ ਸੋ ਪੜਿਆ ਸੋ ਪੰਡਿਤੁ ਬੀਨਾ, ਗੁਰ ਸਬਦਿ ਕਰੇ ਵੀਚਾਰੁ ॥ ਅੰਦਰੁ ਖੋਜੈ ਤਤੁ ਲਹੈ, ਪਾਏ ਮੋਖ ਦੁਆਰੁ ॥ ਗੁਣ ਨਿਧਾਨੁ ਹਰਿ ਪਾਇਆ, ਸਹਜਿ ਕਰੇ ਵੀਚਾਰੁ ॥ ਧੰਨੁ ਵਾਪਾਰੀ ਨਾਨਕਾ, ਜਿਸੁ ਗੁਰਮੁਖਿ ਨਾਮੁ ਅਧਾਰੁ ॥੧॥ (ਹੇ ਭਾਈ! ਜੇ ਮਨੁੱਖ ਦੇ ਮਨ ਦੇ) ਅੰਦਰ ਤ੍ਰਿਸ਼ਨਾ ਦਾ ਵਿਕਾਰ ਹੈ, (ਤਾਂ ਉਸ ਦਾ ਪਾਠ) ਪੜ੍ਹਨਾ ਤੇ ਵਿਚਾਰਨਾ ਨਿਰਾ ਸੰਸਾਰ ਦੀ ਕਾਰ ਵਾਂਗ ਹੀ ਹੈ। ਸਾਰੇ (ਪੰਡਤ ਲੋਕ ਵਿਦਿਆ ਦੇ) ਹੰਕਾਰ ਵਿਚ ਪੜ੍ਹ ਕੇ ਥੱਕ ਗਏ ਹਨ, (ਉਹ) ਦ੍ਵੈਤ ਭਾਵ ਵਿਚ ਲਗ ਕੇ ਖੁਆਰ ਹੁੰਦੇ ਹਨ। ਉਹ ਪੜ੍ਹਿਆ ਤੇ ਸਿਆਣਾ ਪੰਡਤ ਹੈ, ਜੋ ਗੁਰੂ ਦੇ ਸ਼ਬਦ ਵਿਚ ਜੁੜ ਕੇ (ਆਤਮਕ ਗਿਆਨ ਦੀ) ਵਿਚਾਰ ਕਰਦਾ ਹੈ। (ਅਜੇਹਾ ਪੰਡਤ ਅਪਣੇ) ਅੰਦਰੋਂ ਮਨ ਨੂੰ ਖੋਜਦਾ ਹੈ ਅਤੇ ਤੱਤ ਸਰੂਪ ਪ੍ਰਭੂ ਨੂੰ ਲੱਭਦਾ ਹੈ, (ਇਸ ਤਰ੍ਹਾਂ ਕਰਕੇ ਉਹ) ਮੁਕਤੀ ਦਾ ਦਰ ਪਾ ਲੈਂਦਾ ਹੈ। (ਜੋ ਮਨੁੱਖ) ਸਹਿਜ ਅਵਸਥਾ ਵਿਚ ਟਿਕ ਕੇ (ਗੁਰੂ ਦੇ ਸ਼ਬਦ ਦੀ) ਵਿਚਾਰ ਕਰਦਾ ਹੈ, (ਉਸ ਨੇ) ਗੁਣਾਂ ਦਾ ਖਜਾਨੇ ਹਰੀ ਨੂੰ ਪਾ ਲਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਨੂੰ ਗੁਰੂ ਦੁਆਰਾ ਨਾਮ ਰੂਪ ਆਸਰਾ ਮਿਲ ਗਿਆ ਹੈ, (ਉਹ ਨਾਮ ਦਾ) ਵਪਾਰੀ ਧੰਨ ਹੈ।੧।

ਪਦਾਰਥ = ਗੁੜਣਾ-ਵਿਚਾਰਨਾ। ਕਾਰ-ਕੰਮ। ਅੰਦਰਿ-(ਮਨ ਦੇ) ਅੰਦਰ। ਦੂਜੈ ਭਾਇ-ਹਰੀ ਨੂੰ ਛਡ ਕੇ ਕਿਸੇ ਦੂਜੇ ਵਿਚ ਪ੍ਰੇਮ ਹੋਣਾ।

ਸੋ-ਉਹ। ਬੀਨਾ-ਸਿਆਣਾ; ਦੂਰ ਅੰਦੇਸ। ਅੰਦਰੁ-ਅੰਦਰੋਂ (ਮਨ ਨੂੰ)। ਤਤੁ-ਪ੍ਰਭੂ ਨੂੰ। ਲਹੈ-ਲੱਭਦਾ ਹੈ। ਮੋਖ ਦੁਆਰਾ-ਮੁਕਤੀ ਦਾ ਦਰਵਾਜਾ (ਗਿਆਨ)। ਗੁਣ ਨਿਧਾਨੁ-ਗੁਣਾਂ ਦਾ ਖਜਾਨਾ। ਸਹਜਿ-ਸਹਿਜ ਅਵਸਥਾ। ਗੁਰਮੁਖਿ-ਗੁਰੂ ਦੁਆਰਾ। ਅਧਾਰੁ-ਆਸਰਾ।੧।

ਮਃ ੩ ॥ ਵਿਣੁ ਮਨੁ ਮਾਰੇ ਕੋਇ ਨ ਸਿਝਈ, ਵੇਖਹੁ ਕੋ ਲਿਵ ਲਾਇ ॥ ਭੇਖਧਾਰੀ ਤੀਰਥੀ ਭਵਿ ਥਕੇ, ਨਾ ਏਹੁ ਮਨੁ ਮਾਰਿਆ ਜਾਇ ॥ ਗੁਰਮੁਖਿ ਏਹੁ ਮਨੁ ਜੀਵਤੁ ਮਰੈ, ਸਚਿ ਰਹੈ ਲਿਵ ਲਾਇ ॥ ਨਾਨਕ ਇਸੁ ਮਨ ਕੀ ਮਲੁ ਇਉ ਉਤਰੈ, ਹਉਮੈ ਸਬਦਿ ਜਲਾਇ ॥੨॥ (ਹੇ ਭਾਈ!) ਮਨ ਨੂੰ ਮਾਰੇ ਤੋਂ ਬਿਨਾ ਕੋਈ ਵੀ (ਮਨੁੱਖ ਅਪਣੇ ਜੀਵਨ ਵਿਚ) ਸਫਲ ਨਹੀਂ ਹੁੰਦਾ, (ਬੇਸ਼ੱਕ) ਕੋਈ ਧਿਆਨ ਲਾ ਕੇ ਦੇਖ ਲਵੇ। ਭੇਖ ਧਾਰੀ ਸਾਧੂ ਤੀਰਥਾਂ ਤੇ ਫਿਰ ਕੇ ਥੱਕ ਗਏ ਹਨ, (ਫਿਰ ਵੀ ਉਨ੍ਹਾਂ ਤੋਂ) ਇਹ ਮਨ (ਬੁਰਾ ਸੁਭਾਵ) ਮਾਰਿਆ ਨਹੀਂ ਜਾਂਦਾ। ਗੁਰੂ ਦੁਆਰਾ (ਮਨੁੱਖ ਦਾ) ਇਹ ਮਨ ਸੱਚੇ ਨਾਮ ਵਿਚ ਲਿਵ ਲਾ ਕੇ ਜੀਵਤ ਭਾਵ ਤੋਂ ਮਰ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਇਉਂ ਇਸ ਮਨ ਦੀ ਮੈਲ ਉਤਰ ਜਾਂਦੀ ਹੈ, (ਜੇ ਗੁਰੂ ਦੇ) ਸ਼ਬਦ ਦੁਆਰਾ ਹਉਮੈ ਨੂੰ ਜਲਾ ਦੇਵੇ।੨।

ਪਦਾਰਥ = ਵਿਣੁ-ਬਿਨਾ। ਨ ਸਿਝਈ-ਸਫਲ ਨਹੀਂ ਹੁੰਦਾ; ਮੁਕਤ ਨਹੀਂ ਹੁੰਦਾ। ਕੋ-ਕੋਈ। ਤੀਰਥੀ-ਤੀਰਥਾਂ ਤੇ। ਭਵਿ ਥਕੇ-ਘੁੰਮ ਫਿਰ ਕੇ ਥਕ ਗਏ। ਮਲੁ-ਮੈਲ। ਸਬਦਿ-ਗੁਰੂ ਦੇ ਸ਼ਬਦ ਦੁਆਰਾ। ਜਲਾਇ-ਜਲਾ ਦੇਵੇ।੨।

ਪਉੜੀ ॥ ਹਰਿ ਹਰਿ ਸੰਤ ਮਿਲਹੁ ਮੇਰੇ ਭਾਈ, ਹਰਿ ਨਾਮੁ ਦ੍ਰਿੜਾਵਹੁ ਇਕ ਕਿਨਕਾ ॥ ਹਰਿ ਹਰਿ ਸੀਗਾਰੁ ਬਨਾਵਹੁ ਹਰਿ ਜਨ, ਹਰਿ ਕਾਪੜੁ ਪਹਿਰਹੁ ਖਿਮ ਕਾ ॥ ਐਸਾ ਸੀਗਾਰੁ ਮੇਰੇ ਪ੍ਰਭ ਭਾਵੈ, ਹਰਿ ਲਾਗੈ ਪਿਆਰਾ ਪ੍ਰਿਮ ਕਾ ॥ ਹਰਿ ਹਰਿ ਨਾਮੁ ਬੋਲਹੁ ਦਿਨੁ ਰਾਤੀ, ਸਭਿ ਕਿਲਬਿਖ ਕਾਟੈ ਇਕ ਪਲਕਾ ॥ ਹਰਿ ਹਰਿ ਦਇਆਲੁ ਹੋਵੈ ਜਿਸੁ ਉਪਰਿ, ਸੋ ਗੁਰਮੁਖਿ ਹਰਿ ਜਪਿ ਜਿਣਕਾ ॥੨੧॥ ਹੇ ਮੇਰੇ ਭਾਈ ਹਰੀ ਦੇ ਸੰਤ ਜਨੋਂ! (ਤੁਸੀਂ ਮੈਨੂੰ) ਮਿਲੋ ਅਤੇ ਹਰੀ ਦਾ ਇਕ ਕਿਣਕਾ ਮਾਤ੍ਰ ਨਾਮ (ਮੈਨੂੰ) ਦ੍ਰਿੜ ਕਰਾ ਦਿਓ। ਹੇ ਹਰੀ ਦੇ ਸੰਤ ਜਨੋਂ! (ਤੁਸੀਂ) ਹਰਿ ਹਰਿ ਨਾਮ ਜਪਣ ਦਾ ਸ਼ਿੰਗਾਰ ਬਣਾਵੋ ਅਤੇ ਹਰੀ ਦੀ ਪ੍ਰਾਪਤੀ ਲਈ ਖਿਮਾ ਦਾ ਲਿਬਾਸ ਪਹਿਨੋ। ਐਸਾ ਸ਼ਿੰਗਾਰ ਮੇਰੇ ਪ੍ਰਭੂ ਨੂੰ ਚੰਗਾ ਲਗਦਾ ਹੈ ਅਤੇ ਹਰੀ ਨੂੰ ਪ੍ਰੇਮ ਦਾ ਸ਼ਿੰਗਾਰ ਪਿਆਰਾ ਲਗਦਾ ਹੈ। (ਹੇ ਸੰਤ ਜਨੋਂ!) ਦਿਨ ਰਾਤ ਹਰਿ ਹਰਿ ਨਾਮ ਸਿਮਰੋ, ਜੋ ਇਕ ਪਲਕ ਵਿਚ; ਇਕ ਪਲ ਦਾ ਜਾਪ ਸਾਰੇ ਪਾਪ ਕੱਟ ਦਿੰਦਾ ਹੈ। ਜਿਸ ਮਨੁੱਖ ਉਪਰ ਹਰੀ ਦਿਆਲ ਹੁੰਦਾ ਹੈ, ਉਹ ਗੁਰੂ ਦੁਆਰਾ ਹਰੀ ਦਾ ਨਾਮ ਜਪ ਕੇ (ਮਨੁੱਖਾ ਜਨਮ ਦੀ ਬਾਜੀ) ਜਿੱਤ ਲੈਂਦਾ ਹੈ।੨੧।

ਪਦਾਰਥ = ਭਾਈ-ਹੇ ਭਾਈ!। ਦ੍ਰਿੜਾਵਹੁ-ਮਨ ਵਿਚ ਚੰਗੀ ਤਰ੍ਹਾਂ ਬਿਠਾ ਦਿਓ। ਕਿਨਕਾ-ਇਕ ਕਿਣਕਾ ਮਾਤ੍ਰ (ਥੋੜਾ ਜਿਹਾ)। ਹਰਿ ਜਨ-ਹੇ ਹਰੀ ਦੇ ਸੰਤ ਜਨੋਂ!। ਖਿਮ ਕਾ-ਖਿਮਾ ਦਾ। ਭਾਵੈ-ਚੰਗਾ ਲਗਦਾ ਹੈ। ਪ੍ਰਿਮ ਕਾ-ਪ੍ਰੇਮ ਦਾ (ਸ਼ਿੰਗਾਰ)। ਕਿਲਬਿਖ-ਪਾਪ। ਪਲਕਾ -ਅੱਖ ਦੀ ਪਲਕ ਝਮਕਣ ਦੇ ਸਮੇਂ ਵਿਚ। ਸੋ-ਉਹ। ਗੁਰਮੁਖਿ-ਗੁਰੂ ਦੁਆਰਾ। ਜਿਣਕਾ-ਜਿੱਤ ਲੈਂਦਾ ਹੈ।੨੧।

ਅੰਗ ੬੫੧ = ਸਲੋਕੁ ਮਃ ੩ ॥ ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ, ਕਾਲਾ ਹੋਆ ਸਿਆਹੁ ॥ ਖੰਨਲੀ ਧੋਤੀ ਉਜਲੀ ਨ ਹੋਵਈ, ਜੇ ਸਉ ਧੋਵਣਿ ਪਾਹੁ ॥ ਗੁਰ ਪਰਸਾਦੀ ਜੀਵਤੁ ਮਰੈ, ਉਲਟੀ ਹੋਵੈ ਮਤਿ ਬਦਲਾਹੁ ॥ ਨਾਨਕ ਮੈਲੁ ਨ ਲਗਈ, ਨਾ ਫਿਰਿ ਜੋਨੀ ਪਾਹੁ ॥੧॥ (ਹੇ ਭਾਈ!) ਇਸ ਮਨ ਨੂੰ ਅਨੇਕ ਜਨਮਾਂ ਦੀ ਮੈਲ ਲਗੀ ਹੋਈ ਹੈ, (ਜਿਸ ਨਾਲ ਇਹ) ਕਾਲਾ ਸਿਆਹ ਹੋਇਆ ਪਿਆ ਹੈ। (ਜਿਵੇਂ ਤੇਲੀ ਦੀ) ਕੋਹਲੂ ਨੂੰ ਪੂੰਝਣ ਵਾਲੀ ਲੀਰ ਉਜਲ ਨਹੀਂ ਹੋ ਸਕਦੀ, ਜੇ ਉਸ ਨੂੰ ਸੌ ਵਾਰੀ ਧੋਂਦੇ ਰਹੋ (ਇਹ ਕਾਲਾ ਹੋਇਆ ਮਨ ਉਜਲ ਨਹੀਂ ਹੋ ਸਕਦਾ। ਜੇ ਮਨੁੱਖ) ਗੁਰੂ ਦੀ ਕਿਰਪਾ ਨਾਲ ਜੀਵਤ ਭਾਵ ਤੋਂ ਮਰ ਜਾਵੇ, ਤਾਂ ਮੱਤ ਸੰਸਾਰ ਵੱਲੋਂ ਉਲਟੀ ਹੋ ਕੇ ਬਦਲ (ਦੈਵੀ ਗੁਣਾਂ ਵਾਲੀ ਹੋ) ਜਾਂਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਇਉਂ ਕਰਨ ਨਾਲ ਮਨ ਨੂੰ) ਮੈਲ ਨਹੀਂ ਲਗਦੀ ਅਤੇ ਨਾ ਹੀ ਮੁੜ ਕੇ (ਮਨੁੱਖ ਕਿਸੇ) ਜੂਨ ਵਿਚ ਪੈਂਦਾ ਹੈ (ਮਨੁੱਖ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ)।੧।

ਮਃ ੩ ॥ ਚਹੁ ਜੁਗੀ ਕਲਿ ਕਾਲੀ ਕਾਂਢੀ, ਇਕ ਉਤਮ ਪਦਵੀ ਇਸੁ ਜੁਗ ਮਾਹਿ ॥ ਗੁਰਮੁਖਿ ਹਰਿ ਕੀਰਤਿ ਫਲੁ ਪਾਈਐ, ਜਿਨ ਕਉ ਹਰਿ ਲਿਖਿ ਪਾਹਿ ॥ ਨਾਨਕ ਗੁਰ ਪਰਸਾਦੀ ਅਨਦਿਨੁ ਭਗਤਿ ਹਰਿ ਉਚਰਹਿ, ਹਰਿ ਭਗਤੀ ਮਾਹਿ ਸਮਾਹਿ ॥੨॥ (ਹੇ ਭਾਈ!) ਚੌਹਾਂ ਜੁਗਾਂ ਵਿਚੋਂ ਇਕ ਕਲਜੁਗ ਹੀ ਕਾਲਖ ਵਾਲਾ (ਕਲੰਕਤ) ਜੁਗ ਕਿਹਾ ਜਾਂਦਾ ਹੈ, ਪਰ ਇਸ ਜੁਗ ਵਿਚ ਇਕ ਉਤਮ ਪਦਵੀ ਵੀ ਮਿਲ ਸਕਦੀ ਹੈ। (ਉਹ ਇਹ ਹੈ ਕਿ) ਜਿਨ੍ਹਾਂ ਪੁਰਖਾਂ ਨੂੰ (ਭਾਗਾਂ ਵਿਚ ਕੀਰਤਨ ਦੀ ਦਾਤ) ਹਰੀ ਨੇ ਲਿਖ ਕੇ ਪਾ ਦਿਤੀ ਹੈ, ਉਹ ਗੁਰੂ ਦੁਆਰਾ ਹਰੀ ਦਾ ਜਸ ਕਰਨ ਦਾ ਫਲ (ਬ੍ਰਹਮ ਗਿਆਨ ਇਸ ਜੁਗ ਵਿਚ) ਪ੍ਰਾਪਤ ਕਰ ਲੈਂਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਗੁਰੂ ਦੀ ਕ੍ਰਿਪਾ ਨਾਲ ਹਰ ਰੋਜ ਹਰੀ ਦੀ ਭਗਤੀ (ਜਸ) ਉਚਾਰਦੇ ਹਨ ਅਤੇ ਹਰੀ ਦੀ ਭਗਤੀ ਵਿਚ ਲੀਨ ਹੋ ਜਾਂਦੇ ਹਨ।੨।

ਪਦਾਰਥ = ਕਉ-ਨੂੰ। ਮਲੁ-ਮੈਲ। ਕਾਲਾ ਸਿਆਹੁ-ਬਹੁਤਾ ਕਾਲਾ। ਖੰਨਲੀ-ਕੋਹਲੂ ਨੂੰ ਪੂੰਝਣ ਲਈ ਵਰਤੀ ਜਾਂਦੀ ਲੀਰ (ਵਿਸ਼ਿਆਂ ਨਾਲ ਮੈਲੀ ਹੋਈ ਬੁੱਧੀ)। ਉਜਲੀ-ਚਿੱਟੀ (ਸਾਫ)। ਸਉ-ਸੌ ਵਾਰੀ। ਧੋਵਣਿ ਪਾਹੁ-ਧੋਂਦੇ ਰਹੋ। ਗੁਰ ਪਰਸਾਦੀ-ਗੁਰੂ ਦੀ ਕ੍ਰਿਪਾ ਨਾਲ।

ਉਲਟੀ ਹੋਵੈ–ਉਲਟੀ ਹੋ ਕੇ। ਬਦਲਾਹੁ–ਬਦਲ ਜਾਂਦੀ ਹੈ। ਫਿਰਿ–ਮੁੜ ਕੇ। ਜੋਨੀ ਪਾਹੁ–ਜੂਨ ਵਿਚ ਪੈਂਦੀ ਹੈ।੧। ਚਹੁ ਜੁਗੀ–ਚੌਹਾਂ ਜੁਗਾਂ ਵਿਚ। ਕਲਿ–ਕਲਜੁਗ। ਕਾਲੀ–ਕਾਲਖ ਵਾਲਾ (ਕਲੰਕਤ)। ਕਾਂਢੀ–ਕਿਹਾ ਜਾਂਦਾ ਹੈ। ਮਾਹਿ–ਵਿਚ। ਕੀਰਤਿ–ਜਸ। ਜਿਨ ਕਉ–ਜਿਨ੍ਹਾਂ ਨੂੰ। ਲਿਖਿ ਪਾਹਿ–ਲਿਖ ਕੇ ਪਾ ਦੇਂਦਾ ਹੈ। ਅਨਦਿਨੁ–ਹਰ ਰੋਜ। ਉਚਰਹਿ–ਉਚਾਰਦੇ ਹਨ। ਸਮਾਹਿ–ਲੀਨ ਹੋ ਜਾਂਦੇ ਹਨ।੨।

ਪਉੜੀ ॥ ਹਰਿ ਹਰਿ ਮੇਲਿ ਸਾਧ ਜਨ ਸੰਗਤਿ, ਮੁਖਿ ਬੋਲੀ ਹਰਿ ਹਰਿ ਭਲੀ ਬਾਣਿ ॥ ਹਰਿ ਗੁਣ ਗਾਵਾ, ਹਰਿ ਨਿਤ ਚਵਾ, ਗੁਰਮਤੀ ਹਰਿ ਰੰਗੁ ਸਦਾ ਮਾਣਿ ॥ ਹਰਿ ਜਪਿ ਜਪਿ ਅਉਖਧ ਖਾਧਿਆ, ਸਭਿ ਰੋਗ ਗਵਾਤੇ ਦੁਖਾ ਘਾਣਿ ॥ ਜਿਨਾ ਸਾਸਿ ਗਿਰਾਸਿ ਨ ਵਿਸਰੈ, ਸੇ ਹਰਿ ਜਨ ਪੂਰੇ ਸਹੀ ਜਾਣਿ ॥ ਜੋ ਗੁਰਮੁਖਿ ਹਰਿ ਆਰਾਧਦੇ, ਤਿਨ ਚੂਕੀ ਜਮ ਕੀ ਜਗਤ ਕਾਣਿ ॥੨੨॥ ਹੇ ਹਰੀ! ਮੈਨੂੰ ਸਾਧ ਜਨਾਂ ਦੀ ਸੰਗਤ ਵਿਚ ਮਿਲਾ ਦੇਹ, ਤਾਂ ਜੋ ਮੈਂ ਮੂੰਹ ਨਾਲ ਹਰਿ ਹਰਿ ਨਾਮ ਦੀ ਸ੍ਰੇਸਟ ਬਾਣੀ ਪੜ੍ਹ ਸਕਾਂ। ਮੈਂ ਹਰੀ ਦੇ ਗੁਣ ਗਾਵਾਂ, ਹਰੀ ਦਾ ਨਾਮ ਨਿਤ ਉਚਾਰਨ ਕਰਾਂ ਅਤੇ ਗੁਰੂ ਦੀ ਸਿਖਿਆ ਲੈ ਕੇ ਹਰੀ ਦੇ ਨਾਮ ਦਾ ਅਨੰਦ ਸਦਾ ਮਾਣਦਾ ਰਹਾਂ। ਹਰੀ ਨੂੰ ਜਪ ਜਪ ਕੇ (ਨਾਮ ਸਿਮਰਨ ਦੀ) ਦਵਾਈ ਖਾਧਿਆਂ ਸਾਰੇ ਰੋਗ ਤੇ ਸਾਰੇ ਦੁੱਖ ਦੂਰ ਹੋ ਗਏ ਹਨ। ਜਿਨ੍ਹਾਂ ਪੁਰਖਾਂ ਨੂੰ ਸਾਹ ਲੈਂਦਿਆਂ ਤੇ ਭੋਜਨ ਖਾਦਿਆਂ (ਹਰੀ ਦਾ ਨਾਮ) ਨਹੀਂ ਭੁਲਦਾ, ਉਹ ਨਿਸਚੇ ਕਰਕੇ ਹਰੀ ਦੇ ਪੂਰਨ ਸੇਵਕ ਜਾਣ ਲਵੋ। ਜੋ ਗੁਰਮੁਖ ਹਰੀ ਦਾ ਨਾਮ ਜਪਦੇ ਹਨ, ਉਨ੍ਹਾਂ ਦੀ ਜਗਤ ਤੇ ਜਮਾਂ ਦੀ ਅਧੀਨਗੀ ਮੁੱਕ ਗਈ ਹੈ।੨੨।

ਪਦਾਰਥ = ਮੁਖਿ– ਮੂੰਹ ਨਾਲ। ਬੋਲੀ–ਬੋਲਾਂ (ਪੜ੍ਹ ਸਕਾਂ)। ਭਲੀ–ਸ੍ਰੇਸਟ। ਬਾਣਿ–ਬਾਣੀ। ਨਿਤ–ਹਰ ਰੋਜ। ਚਵਾ–ਉਚਾਰਨ ਕਰਾਂ। ਗੁਰ ਮਤੀ–ਗੁਰੂ ਦੀ ਸਿੱਖਿਆ ਲੈ ਕੇ। ਰੰਗੁ–ਅਨੰਦ। ਮਾਣਿ–ਮਾਣਦਾ ਰਹਾਂ। ਅਉਖਧ–ਦਵਾਈ। ਗਵਾਤੇ–ਦੂਰ ਹੋ ਗਈ। ਘਾਣਿ–ਸਾਰੇ; ਘਾਣੀ (ਗਾਰੇ ਦਾ ਗਿੱਲਾ ਢੇਰ)। ਸਾਸਿ–ਸਾਹ ਲੈਂਦਿਆਂ। ਗਿਰਾਸਿ–ਭੋਜਨ ਖਾਂਦਿਆਂ। ਨ ਵਿਸਰੈ–ਨਹੀਂ ਭੁਲਦਾ। ਸੇ–ਉਹ। ਜਨ–ਸੇਵਕ। ਸਹੀ–ਨਿਸਚੇ ਕਰਕੇ; ਠੀਕ; ਸੱਚੇ। ਜਾਣਿ–ਜਾਣ ਲਵੋ। ਆਰਧਦੇ–ਜਪਦੇ ਹਨ। ਚੂਕੀ–ਮੁੱਕ ਗਈ। ਕਾਣਿ–ਅਧੀਨਗੀ।੨੨।

ਸਲੋਕੁ ਮਃ ੩ ॥ ਰੇ ਜਨ ਉਥਾਰੈ ਦਬਿਓਹੁ ,ਸੁਤਿਆ ਗਈ ਵਿਹਾਇ ॥ ਸਤਿਗੁਰ ਕਾ ਸਬਦੁ ਸੁਣਿ ਨ ਜਾਗਿਓ, ਅੰਤਰਿ ਨ ਉਪਜਿਓ ਚਾਉ ॥ ਸਰੀਰੁ ਜਲਉ ਗੁਣ ਬਾਹਰਾ, ਜੋ ਗੁਰ ਕਾਰ ਨ ਕਮਾਇ ॥ ਜਗਤੁ ਜਲੰਦਾ ਡਿਠੁ ਮੈ, ਹਉਮੈ ਦੂਜੈ ਭਾਇ ॥ ਨਾਨਕ ਗੁਰ ਸਰਣਾਈ ਉਬਰੇ, ਸਚੁ ਮਨਿ ਸਬਦਿ ਧਿਆਇ ॥੧॥ ਹੇ ਮਨੁੱਖ! ਤੂੰ ਬੇਸਮਝੀ ਦੀ ਨੀਂਦ ਵਿਚ ਬੁਰੇ ਖਿਆਲਾਂ ਦੇ ਦਬਾਓ ਨਾਲ ਦਬਿਆ ਪਿਆ ਹੈਂ, (ਇਸੇ ਤਰ੍ਹਾਂ ਤੇਰੀ) ਉਮਰ ਸੁੱਤਿਆਂ ਹੀ ਬੀਤ ਗਈ ਹੈ। ਸਤਿਗੁਰੂ ਦਾ ਸ਼ਬਦ ਸੁਣ ਕੇ ਵੀ ਤੂੰ (ਇਸ ਨੀਂਦ ਵਿਚੋਂ) ਜਾਗਿਆ ਨਹੀਂ ਅਤੇ ਨਾ ਤੇਰੇ ਹਿਰਦੇ ਅੰਦਰ (ਹਰੀ ਦੇ ਨਾਮ ਜਪਣ ਦਾ) ਚਾਉ ਹੀ ਪੈਦਾ ਹੋਇਆ ਹੈ। (ਹੇ ਭਾਈ!) ਗੁਣਾਂ ਤੋਂ ਖਾਲੀ ਉਹ ਸਰੀਰ ਸੜ ਜਾਵੇ, ਜੋ ਗੁਰੂ ਦੀ ਦੱਸੀ ਕਾਰ (ਸੇਵਾ ਭਗਤੀ) ਨਹੀਂ ਕਰਦਾ। ਹਉਮੈ ਵਿਚ ਤੇ ਦੁਐਤ ਭਾਵ (ਦੀ ਅੱਗ) ਵਿਚ ਮੈਂ ਸੰਸਾਰ ਨੂੰ ਸੜਦਾ ਦੇਖਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੀ ਸ਼ਰਣ ਵਿਚ ਆ ਕੇ ਉਹ (ਇਸ ਉਥਾਰੇ ਤੋਂ) ਬਚ ਗਏ ਹਨ, ਜਿਨ੍ਹਾਂ ਨੇ ਗੁਰੂ ਦੇ ਸ਼ਬਦ ਵਿਚ ਜੁੜ ਕੇ ਸੱਚ ਸਰੂਪ ਹਰੀ ਨੂੰ ਧਿਆਇਆ ਹੈ।੧।

ਪਦਾਰਥ = ਰੇ ਜਨ–ਹੇ ਮਨੁੱਖ!। ਉਥਾਰੈ (ਸਿੰਧੀ) ਉਥਾੜੋ–ਸੁਪਨੇ ਵਿਚ ਪਿਆ ਦਬਾਉ (ਸੁੱਤੇ ਹੋਇਆਂ ਛਾਤੀ ਉਤੇ ਹੱਥ ਆਉਣ ਕਰਕੇ ਇਉ ਲਗਦਾ ਹੈ ਕਿ ਕਿਸੇ ਨੇ ਆਣ ਦਬਾਇਆ ਹੈ। ਸੁੱਤਾ ਪਿਆ ਕਦੇ ਡਰ ਕੇ ਬੁਰੜਾਉਂਦਾ ਵੀ ਹੈ ਅਤੇ ਬਚਾਉ ਲਈ ਸ਼ੋਰ ਮਚਾਉਂਦਾ ਹੈ); ਅਗਿਆਨਤਾ ਜਾਂ ਮੋਹ ਮਾਇਆ ਦੀ ਗਾੜ੍ਹੀ ਨੀਂਦ ਵਿਚ ਸੁੱਤਾ ਮਨੁੱਖ। ਦਬਿਓਹੁ–ਦੱਬਿਆ ਪਿਆ ਹੈ। ਗਈ ਵਿਹਾਇ–ਬੀਤ ਗਈ। ਅੰਤਰਿ–ਹਿਰਦੇ ਅੰਦਰ। ਜਲਉ–ਸੜ ਜਾਵੇ। ਬਾਹਰਾ–ਬਿਨਾ; ਖਾਲੀ। ਕਾਰ–ਸੇਵਾ ਭਗਤੀ। ਜਲੰਦਾ–ਸੜਦਾ ਹੋਇਆ। ਡਿਠੁ ਮੈ–ਮੈਂ ਦੇਖਿਆ। ਦੂਜੈ ਭਾਇ–ਦੁਐਤ ਭਾਵ (ਮਾਇਆ ਦੇ ਮੋਹ) ਵਿਚ। ਉਬਰੇ–ਬਚ ਗਏ। ਮਨਿ–ਮਨ ਵਿਚ।੧।

ਮਃ ਸਬਦਿ ਰਤੇ ਹਉਮੈ ਗਈ, ਸੋਭਾਵੰਤੀ ਨਾਰਿ ॥ ਪਿਰ ਕੈ ਭਾਣੈ ਸਦਾ ਚਲੈ, ਤਾ ਬਨਿਆ ਸੀਗਾਰੁ ॥ ਸੇਜ ਸੁਹਾਵੀ ਸਦਾ ਪਿਰੁ ਰਾਵੈ, ਹਰਿ ਵਰੁ ਪਾਇਆ ਨਾਰਿ ॥ ਨਾ ਹਰਿ ਮਰੈ ਨ ਕਦੇ ਦੁਖੁ ਲਾਗੈ, ਸਦਾ ਸੁਹਾਗਣਿ ਨਾਰਿ ॥ ਨਾਨਕ ਹਰਿ ਪ੍ਰਭ ਮੇਲਿ ਲਈ, ਗੁਰ ਕੈ ਹੇਤਿ ਪਿਆਰਿ ॥੨॥ (ਉਹ ਜੀਵ ਰੂਪ) ਇਸਤ੍ਰੀ ਸੋਭਾ ਵਾਲੀ ਹੈ, ਗੁਰੂ ਦੇ ਸ਼ਬਦ ਵਿਚ ਰੰਗੇ ਜਾਣ ਕਰਕੇ (ਜਿਸ ਦੀ) ਹਉਮੈ ਦੂਰ ਹੋ ਗਈ ਹੈ। (ਜੇ ਉਹ) ਪਤੀ ਦੇ ਹੁਕਮ ਵਿਚ ਸਦਾ ਚੱਲੇ, ਤਾਂ (ਉਸ ਦਾ) ਸ਼ਿੰਗਾਰ ਬਣਿਆ ਸੋਭਦਾ ਹੈ। (ਜਿਸ ਜੀਵ ਰੂਪ) ਇਸਤ੍ਰੀ ਨੇ ਪ੍ਰਭੂ ਪਤੀ ਨੂੰ ਪਾ ਲਿਆ ਹੈ, (ਉਸ ਦੀ ਹਿਰਦੇ ਰੂਪ) ਸਿਹਜਾ ਸੋਹਣੀ ਹੈ, (ਜਿਸ ਉਤੇ ਉਹ) ਸਦਾ ਪਤੀ ਨੂੰ ਭੋਗਦੀ (ਮਿਲਾਪ ਦਾ ਅਨੰਦ ਮਾਣਦੀ) ਹੈ। ਨਾ ਹਰੀ ਕਦੇ ਮਰਦਾ ਹੈ, ਨਾ ਕਦੇ (ਉਸ ਜੀਵ ਇਸਤ੍ਰੀ ਨੂੰ ਵਿਛੋੜਾ ਦਾ) ਦੁਖ ਲਗਦਾ ਹੈ, (ਇਸ ਲਈ ਉਹ ਜੀਵ) ਇਸਤ੍ਰੀ ਸਦਾ ਸੁਹਾਗਣ ਰਹਿੰਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੇ ਹਿਤ ਤੇ ਪਿਆਰ ਕਰਕੇ ਹਰੀ ਪ੍ਰਭੂ ਨੇ (ਉਹ ਜੀਵ ਇਸਤ੍ਰੀ ਅਪਣੇ ਨਾਲ) ਮਿਲਾ ਲਈ ਹੈ।੨।

ਪਦਾਰਥ = ਸਬਦਿ-ਗੁਰੂ ਦੇ ਸ਼ਬਦ ਵਿਚ।ਰਤੇ-ਰੰਗੇ ਜਾਣ ਕਰਕੇ।ਨਾਰਿ-ਇਸਤ੍ਰੀ।ਪਿਰ ਕੈ-ਪਤੀ ਦੇ।ਭਾਣੈ-ਹੁਕਮ ਵਿਚ।ਤਾ-ਤਾਂ।ਸੇਜ-ਹਿਰਦਾ ਰੂਪ ਪਲੰਘ।ਸੁਹਾਵੀ-ਸੋਹਣੀ; ਸੁਖਦਾਈ।ਰਾਵੈ-ਭੋਗਦੀ (ਮਿਲਾਪ ਦਾ ਅਨੰਦ ਮਾਣਦੀ) ਹੈ।ਵਰੁ-ਪਤੀ।੨।

ਪਉੜੀ ॥ ਜਿਨਾ ਗੁਰੁ ਗੋਪਿਆ ਆਪਣਾ, ਤੇ ਨਰ ਬੁਰਿਆਰੀ ॥ ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ,ਪਾਪਿਸਟ ਹਤਿਆਰੀ ॥ ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ, ਜਿਉ ਧਰਕਟ ਨਾਰੀ ॥ ਵਡਭਾਗੀ ਸੰਗਤਿ ਮਿਲੇ, ਗੁਰਮੁਖਿ ਸਵਾਰੀ ॥ ਹਰਿ ਮੇਲਹੁ ਸਤਿਗੁਰ ਦਇਆ ਕਰਿ, ਗੁਰ ਕਉ ਬਲਿਹਾਰੀ ॥੨੩॥ (ਹੇ ਭਾਈ!) ਜਿਨ੍ਹਾਂ ਨੇ ਅਪਣਾ ਗੁਰੂ ਛੁਪਾਇਆ ਹੈ (ਜੋ ਗੁਰੂ ਨੂੰ ਮੰਨਣ ਤੋਂ ਇਨਕਾਰੀ ਹਨ); ਜਿਨ੍ਹਾਂ ਮਨੁੱਖ ਅਪਣੇ ਸਤਿਗੁਰੂ ਦੀ ਨਿੰਦਿਆ ਕੀਤੀ ਹੈ (ਦਰਪਣ), ਉਹ ਮਨੁੱਖ ਬਹੁਤ ਬੁਰੇ ਹਨ।ਹੇ ਹਰਿ ਜੀ! (ਮੈਨੂੰ) ਉਨ੍ਹਾਂ ਦਾ ਦਰਸ਼ਨ ਨਾ ਕਰਾਵੋ (ਅਜੇਹੇ ਬੇਮੁਖਾਂ ਦੇ ਅਸੀਂ ਮੱਥੇ ਨਹੀਂ ਲੱਗਣਾ ਚਾਹੁੰਦੇ); ਹੇ ਹਰਿ ਜੀ! (ਤੁਸੀਂ) ਉਨ੍ਹਾਂ ਦਾ ਦਰਸ਼ਨ ਨਾ ਕਰਿਓ, (ਕਿਉਂਕਿ ਉਹ) ਮਹਾਂ ਪਾਪੀ ਤੇ ਹਤਿਆਰੇ ਹਨ (ਇਹ ਦੋਵੇਂ ਅਰਥ ਟਕਸਾਲ ਦੇ ਹਨ)।ਉਹ ਮਨ ਕਰਕੇ ਖੋਟੇ ਮਨੁੱਖ ਘਰ ਘਰ (ਦੇਵੀ ਦੇਵਤਿਆਂ ਦੇ ਦੁਆਰਿਆਂ ਵਿਚ) ਫਿਰਦੇ ਹਨ, ਜਿਵੇਂ ਫਿਟਕਾਰੀ ਹੋਈ ਇਸਤ੍ਰੀ ਫਿਰਦੀ ਹੈ।ਜੋ ਵੱਡੇ ਭਾਗਾਂ ਵਾਲੇ ਮਨੁੱਖ ਸੰਗਤ ਵਿਚ ਮਿਲੇ ਹਨ, ਗੁਰੂ ਦੁਆਰਾ ਉਨ੍ਹਾਂ ਦੀ ਬਿਰਤੀ ਸੁਧਰ ਗਈ ਹੈ।ਹੇ ਹਰੀ! ਦਇਆ ਕਰਕੇ ਮੈਨੂੰ ਸਤਿਗੁਰੂ ਮਿਲਾ ਦਿਓ, ਮੈਂ ਗੁਰੂ ਤੋਂ ਬਲਹਾਰ ਜਾਂਦਾ ਹਾਂ।੨੩।

ਪਦਾਰਥ = ਜਿਨਾ-ਜਿਨ੍ਹਾਂ ਨੇ।ਗੋਪਿਆ-ਲੁਕਾਇਆ; ਨਿੰਦਿਆ ਕੀਤੀ (ਗੁ. ਗ੍ਰੰ. ਕੋਸ਼ ਨੇ ਦੋਵੇਂ ਅਰਥ ਕੀਤੇ ਹਨ)।ਤੇ-ਉਹ।ਨਰ-ਮਨੁੱਖ।ਬੁਰਿਆਰੀ-ਬੁਰੇ ਹਨ।ਪਾਪਿਸਟ-ਮਹਾਂ ਪਾਪੀ।ਹਤਿਆਰੀ-ਕਾਤਲ।ਕੁਸੁਧ ਮਨਿ-ਮਨ ਕਰਕੇ ਖੋਟੇ।ਧਰਕਟ-ਬਦਚਲਨ; ਫਿਟਕਾਰੀ ਹੋਈ।ਵਡਭਾਗੀ-ਵੱਡੇ ਭਾਗਾਂ ਵਾਲੇ (ਮਨੁੱਖ)।ਗੁਰਮੁਖਿ-ਗੁਰੂ ਦੁਆਰਾ।ਸਵਾਰੀ-ਸੁਧਰ ਗਈ।ਗੁਰ ਕਉ-ਗੁਰੂ ਤੋਂ।੨੩।

ਸਲੋਕੁ ਮਃ ੩ ॥ ਗੁਰ ਸੇਵਾ ਤੇ ਸੁਖੁ ਊਪਜੈ, ਫਿਰਿ ਦੁਖੁ ਨ ਲਗੈ ਆਇ ॥ ਜੰਮਣੁ ਮਰਣਾ ਮਿਟਿ ਗਇਆ, ਕਾਲੈ ਕਾ ਕਿਛੁ ਨ ਬਸਾਇ ॥ ਹਰਿ ਸੇਤੀ ਮਨੁ ਰਵਿ ਰਹਿਆ, ਸਚੇ ਰਹਿਆ ਸਮਾਇ ॥ ਨਾਨਕ ਹਉ ਬਲਿਹਾਰੀ ਤਿੰਨ ਕਉ ,ਜੋ ਚਲਨਿ ਸਤਿਗੁਰ ਭਾਇ ॥੧॥ (ਹੇ ਭਾਈ!) ਗੁਰੂ ਦੀ ਸੇਵਾ ਕਰਨ ਤੋਂ ਸੁਖ ਪੈਦਾ ਹੁੰਦਾ ਹੈ, ਫਿਰ ਮੁੜ ਕੇ ਕਦੇ (ਕਿਸੇ ਕਿਸਮ ਦਾ) ਦੁਖ ਆ ਕੇ ਨਹੀਂ ਲਗਦਾ।(ਸੇਵਾ ਕਰਨ ਵਾਲੇ ਮਨੁੱਖ ਦਾ) ਜੰਮਣਾ ਮਰਨਾ ਮਿਟ ਗਿਆ ਹੈ, (ਕਿਉਂਕਿ ਉਸ ਉਤੇ) ਕਾਲ ਦਾ ਕੁਛ ਬਸ ਨਹੀਂ ਚਲਦਾ।(ਉਸ ਦਾ) ਮਨ ਹਰੀ ਨਾਲ ਮਿਲ ਰਿਹਾ ਹੈ ਅਤੇ ਸੱਚੇ ਪ੍ਰਭੂ ਵਿਚ ਲੀਨ ਰਹਿੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਉਨ੍ਹਾਂ ਪੁਰਖਾਂ ਤੋਂ ਬਲਿਹਾਰ ਜਾਂਦਾ ਹਾਂ, ਜੋ ਸਤਿਗੁਰੂ ਦੇ ਭਾਣੇ ਵਿਚ ਚਲਦੇ ਹਨ।੧।

ਮਃ ੩ ॥ ਬਿਨੁ ਸਬਦੈ ਸੁਧੁ ਨ ਹੋਵਈ, ਜੇ ਅਨੇਕ ਕਰੈ ਸੀਗਾਰ ॥ ਜੇ (ਜੀਵ ਰੂਪ ਇਸਤ੍ਰੀ ਜਪ ਤਪ ਰੂਪ) ਅਨੇਕਾਂ ਸ਼ਿੰਗਾਰ ਕਰ ਲਵੇ, (ਪਰ) ਗੁਰੂ ਦੇ ਸ਼ਬਦ ਤੋਂ ਬਿਨਾ ਪਵਿਤ੍ਰ ਨਹੀਂ ਹੋ ਸਕਦੀ।

ਅੰਗ ੬੫੨ = ਪਿਰ ਕੀ ਸਾਰ ਨ ਜਾਣਈ, ਦੂਜੈ ਭਾਇ ਪਿਆਰੁ ॥ ਸਾ ਕੁਸੁਧ ਸਾ ਕੁਲਖਣੀ, ਨਾਨਕ ਨਾਰੀ ਵਿਚਿ ਕੁਨਾਰਿ ॥੨॥ ਉਹ ਪਤੀ ਪ੍ਰਮੇਸਰ ਦੀ ਕਦਰ ਨਹੀਂ ਜਾਣਦੀ, (ਕਿਉਂਕਿ ਉਸ ਦਾ) ਦੂਜੇ ਭਾਵ ਵਿਚ ਪਿਆਰ ਹੈ।ਉਹ (ਇਸਤ੍ਰੀ) ਅਪਵਿਤ੍ਰ ਹੈ, ਉਹ ਖੋਟੇ ਲੱਛਣਾਂ ਵਾਲੀ ਹੈ, ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ) ਇਸਤ੍ਰੀਆਂ ਵਿਚੋਂ ਭੈੜੀ ਇਸਤ੍ਰੀ ਹੈ।੨।

ਪਦਾਰਥ = ਤੇ-ਤੋਂ।ਊਪਜੈ-ਪੈਦਾ ਹੁੰਦਾ ਹੈ।ਫਿਰਿ-ਮੁੜ ਕੇ।ਕਾਲੈ ਕਾ-ਕਾਲ ਦਾ।ਨ ਬਸਾਇ-ਵਸ ਨਹੀਂ ਚਲਦਾ।ਸੇਤੀ-ਨਾਲ।ਰਵਿ ਰਹਿਆ-ਮਿਲ ਰਿਹਾ ਹੈ।ਰਹਿਆ ਸਮਾਇ-ਲੀਨ ਰਹਿੰਦਾ ਹੈ।ਹਉ-ਮੈਂ।ਤਿੰਨ ਕਉ-ਉਨ੍ਹਾਂ ਤੋਂ।ਭਾਇ-ਭਾਣੇ ਵਿਚ; ਮਰਜੀ ਅਨੁਸਾਰ।੧।ਬਿਨੁ ਸਬਦੈ-ਸ਼ਬਦ ਤੋਂ ਬਿਨਾ।ਸੁਧੁ-ਪਵਿਤ੍ਰ।ਪਿਰ ਕੀ-ਪਤੀ ਦੀ।ਸਾਰ-ਕਦਰ।ਦੂਜੈ ਭਾਇ-ਦੁਐਤ ਭਾਵ (ਮਾਇਆ ਵਿਚ)।ਸਾ-ਉਹ।ਕੁਸੁਧ-ਅਪਵਿਤ੍ਰ।ਕੁਲਖਣੀ (ਕੁਲੱਖਣੀ ਬੋਲੋ)-ਖੋਟੇ ਲੱਛਣਾਂ ਵਾਲੀ।ਕੁਨਾਰਿ-ਭੈੜੀ ਇਸਤ੍ਰੀ; ਬਦਚਲਨ ਇਸਤ੍ਰੀ।੨।

ਪਉੜੀ ॥ ਹਰਿ ਹਰਿ ਅਪਣੀ ਦਇਆ ਕਰਿ, ਹਰਿ ਬੋਲੀ ਬੈਣੀ ॥ ਹਰਿ ਨਾਮੁ ਧਿਆਈ ਹਰਿ ਉਚਰਾ, ਹਰਿ ਲਾਹਾ ਲੈਣੀ ॥ ਜੋ ਜਪਦੇ ਹਰਿ ਹਰਿ ਦਿਨਸੁ ਰਾਤਿ, ਤਿਨ ਹਉ ਕੁਰਬੈਣੀ ॥ ਜਿਨਾ ਸਤਿਗੁਰੁ ਮੇਰਾ ਪਿਆਰਾ ਅਰਾਧਿਆ, ਤਿਨ ਜਨ ਦੇਖਾ ਨੈਣੀ ॥ ਹਉ ਵਾਰਿਆ ਅਪਣੇ ਗੁਰੂ ਕਉ, ਜਿਨਿ ਮੇਰਾ ਹਰਿ ਸਜਣੁ ਮੇਲਿਆ ਸੈਣੀ ॥੨੪॥ ਹੇ ਹਰਿ ਹਰਿ! ਤੂੰ ਅਪਣੀ ਕ੍ਰਿਪਾ ਕਰ, (ਤਾਂ ਕਿ) ਮੈਂ ਬਚਨਾਂ ਦੁਆਰਾ ਹਰੀ ਦਾ ਨਾਮ ਬੋਲਾਂ (ਜਪਾਂ)।ਮੈਂ ਹਰੀ ਦਾ ਨਾਮ ਧਿਆਵਾਂ ਤੇ ਹਰੀ ਦਾ ਨਾਮ ਉਚਾਰਨ ਕਰਾਂ, ਹਰੀ ਦੇ ਨਾਮ ਸਿਮਰਨ ਦਾ ਲਾਹਾ ਖਟ ਲਵਾਂ।ਜੋ ਮਨੁੱਖ ਦਿਨ ਰਾਤ ਹਰਿ ਹਰਿ ਨਾਮ ਜਪਦੇ ਹਨ, ਮੈਂ ਉਨਾਂ ਦੇ ਕੁਰਬਾਨ ਜਾਂਦਾ ਹਾਂ।ਜਿਨ੍ਹਾਂ ਨੇ ਮੇਰਾ ਪਿਆਰਾ ਸਤਿਗੁਰੂ ਅਰਾਧਿਆ ਹੈ, ਮੈਂ ਉਨ੍ਹਾਂ ਪੁਰਖਾਂ ਨੂੰ ਅੱਖਾਂ ਨਾਲ ਦੇਖਾਂ।ਮੈਂ ਅਪਣੇ ਗੁਰੂ ਤੋਂ ਸਦਕੇ ਜਾਂਦਾ ਹਾਂ, ਜਿਸ ਨੇ ਮੇਰਾ ਸਜਨ ਸਾਥੀ ਹਰੀ ਮਿਲਾ ਦਿਤਾ ਹੈ।੨੪।

ਪਦਾਰਥ = ਬੈਣੀ–ਬਚਨਾਂ ਦੁਆਰਾ।ਲਾਹਾ–ਲਾਭ।ਲੈਣੀ–ਲਵਾਂ।ਹਉ–ਮੈਂ।ਕੁਰਬੈਣੀ–ਕੁਰਬਾਨ ਜਾਂਦਾ ਹਾਂ।ਤਿਨ ਜਨ–ਉਨ੍ਹਾਂ ਪੁਰਖਾਂ ਨੂੰ।ਨੈਣੀ–ਅੱਖਾਂ ਨਾਲ।ਵਾਰਿਆ–ਸਦਕੇ ਜਾਂਦਾ ਹਾਂ।ਸਜਣੁ–ਮਿਤ੍ਰ।ਸੈਣੀ–ਸਾਥੀ; ਸਬੰਧੀ।੨੪।

ਸਲੋਕੁ ਮਃ ੪ ॥ ਹਰਿ ਦਾਸਨ ਸਿਉ ਪ੍ਰੀਤਿ ਹੈ, ਹਰਿ ਦਾਸਨ ਕੋ ਮਿਤੁ ॥ ਹਰਿ ਦਾਸਨ ਕੈ ਵਸਿ ਹੈ, ਜਿਉ ਜੰਤੀ ਕੈ ਵਸਿ ਜੰਤੁ ॥ ਹਰਿ ਕੇ ਦਾਸ ਹਰਿ ਧਿਆਇਦੇ, ਕਰਿ ਪ੍ਰੀਤਮ ਸਿਉ ਨੇਹੁ ॥ ਕਿਰਪਾ ਕਰਿ ਕੈ ਸੁਨਹੁ ਪ੍ਰਭ, ਸਭ ਜਗ ਮਹਿ ਵਰਸੈ ਮੇਹੁ ॥ ਜੋ ਹਰਿ ਦਾਸਨ ਕੀ ਉਸਤਤਿ ਹੈ, ਸਾ ਹਰਿ ਕੀ ਵਡਿਆਈ ॥ ਹਰਿ ਆਪਣੀ ਵਡਿਆਈ ਭਾਵਦੀ, ਜਨ ਕਾ ਜੈਕਾਰੁ ਕਰਾਈ ॥ ਸੋ ਹਰਿ ਜਨੁ ਨਾਮੁ ਧਿਆਇਦਾ, ਹਰਿ ਹਰਿ ਜਨੁ ਇਕ ਸਮਾਨਿ ॥ ਜਨੁ ਨਾਨਕੁ ਹਰਿ ਕਾ ਦਾਸੁ ਹੈ, ਹਰਿ ਪੈਜ ਰਖਹੁ ਭਗਵਾਨ ॥੧॥ (ਹੇ ਭਾਈ!) ਹਰੀ ਦੀ ਅਪਣੇ ਦਾਸਾਂ ਨਾਲ ਪ੍ਰੀਤ ਹੈ ਅਤੇ ਹਰੀ ਅਪਣੇ ਦਾਸਾਂ ਦਾ ਮਿਤ੍ਰ ਹੈ।ਹਰੀ ਅਪਣੇ ਦਾਸਾਂ ਦੇ ਵਸ ਵਿਚ (ਇਸ ਤਰ੍ਹਾਂ ਹੈ) ਜਿਵੇਂ ਵਜੰਤ੍ਰੀ ਦੇ ਵਸ ਵਿਚ ਵਾਜਾ ਹੁੰਦਾ ਹੈ।ਹਰੀ ਦੇ ਦਾਸ ਅਪਣੇ ਪ੍ਰੀਤਮ ਨਾਲ ਪ੍ਰੇਮ ਕਰਕੇ ਹਰੀ ਨੂੰ ਧਿਆਉਂਦੇ ਹਨ।ਹੇ ਪ੍ਰਭੂ! ਕ੍ਰਿਪਾ ਕਰਕੇ ਸਾਡੀ ਬੇਨਤੀ ਸੁਣੋ, ਸਾਰੇ ਜਗਤ ਵਿਚ ਮੀਂਹ ਵਰਸਦਾ ਰਹੇ (ਲੋਕਾਂ ਨੂੰ ਹਰਾ ਭਰਾ ਕਰਨ ਵਾਸਤੇ ਗੁਰੂ ਦੇ ਉਪਦੇਸ਼ ਦਾ ਤੇ ਨਾਮ ਬਾਣੀ ਦਾ ਪ੍ਰਵਾਹ ਚਲਦਾ ਰਹੇ)।ਜੋ ਹਰੀ ਦੇ ਦਾਸਾਂ ਦੀ ਉਸਤਤੀ ਹੈ, ਉਹ ਹਰੀ ਦੀ ਹੀ ਵਡਿਆਈ ਹੈ।ਹਰੀ ਨੂੰ ਅਪਣੀ ਵਡਿਆਈ (ਜੋ ਉਸ ਦੇ ਦਾਸਾਂ ਦੀ ਹੁੰਦੀ ਹੈ) ਚੰਗੀ ਲਗਦੀ ਹੈ, (ਇਸ ਲਈ ਉਹ ਅਪਣੇ) ਦਾਸਾਂ ਦੀ ਜੈ ਜੈਕਾਰ ਕਰਾਉਂਦਾ ਹੈ।ਹਰੀ ਦਾ ਦਾਸ ਉਹ ਹੈ, ਜੋ ਉਸ ਦਾ ਨਾਮ ਧਿਆਉਂਦਾ ਹੈ, ਹਰੀ ਤੇ ਹਰੀ ਦਾ ਦਾਸ ਇਕੋ ਜਿਹੇ ਹਨ {ਹਰਿ ਕਾ ਸੇਵਕੁ ਸੋ ਹਰਿ ਜੇਹਾ ੧੦੭੬}।ਦਾਸ ਨਾਨਕ ਹਰੀ ਦਾ ਦਾਸ ਹੈ, ਹੇ ਹਰੀ! ਹੇ ਭਗਵਾਨ! (ਅਪਣੇ ਦਾਸ ਦੀ) ਪੈਜ ਰਖੋ।੧।

ਪਦਾਰਥ = ਦਾਸਨ ਸਿਉ–ਦਾਸਾਂ ਨਾਲ।ਜੰਤੀ–ਵਾਜਾ ਵਜਾਉਣ ਵਾਲਾ।ਜੰਤੁ–ਵਾਜਾ।ਨੇਹੁ–ਪ੍ਰੇਮ।ਜਗ ਮਹਿ–ਜਗਤ ਵਿਚ।ਮੇਹੁ–ਮੀਂਹ।ਸਾ–ਉਹ।ਭਾਵਦੀ–ਚੰਗੀ ਲਗਦੀ ਹੈ।ਜਨ ਕਾ–ਦਾਸਾਂ ਦਾ।ਸੋ–ਉਹ।ਇਕ ਸਮਾਨਿ–ਇਕੋ ਜਿਹੇ।ਪੈਜ–ਲਾਜ (ਇੱਜਤ)।੧।

ਮਃ ੪ ॥ ਨਾਨਕ ਪ੍ਰੀਤਿ ਲਾਈ ਤਿਨਿ ਸਾਚੈ, ਤਿਸੁ ਬਿਨੁ ਰਹਣੁ ਨ ਜਾਈ ॥ ਸਤਿਗੁਰੁ ਮਿਲੈ ਤ ਪੂਰਾ ਪਾਈਐ, ਹਰਿ ਰਸਿ ਰਸਨ ਰਸਾਈ ॥੨॥ ਉਸ ਸੱਚੇ ਪ੍ਰਭੂ ਨੇ ਨਾਨਕ ਦੇ ਹਿਰਦੇ ਅੰਦਰ (ਅਪਣੀ) ਪ੍ਰੀਤ ਲਾ ਦਿਤੀ ਹੈ, ਉਸ ਤੋਂ ਬਿਨਾ (ਮੇਰੇ ਪਾਸੋਂ ਹੁਣ) ਰਿਹਾ ਨਹੀਂ ਜਾਂਦਾ।(ਇਹ ਪ੍ਰੀਤ ਕਿਵੇਂ ਲਾਈ ਹੈ? ਜੇ) ਸਤਿਗੁਰੂ ਮਿਲ ਪਵੇ, (ਉਸ ਤੋਂ ਨਾਮ ਪ੍ਰਾਪਤ ਕਰਕੇ) ਜੀਭ ਹਰੀ ਦੇ ਰਸ ਨਾਲ ਰਸ ਵਾਲੀ ਕਰ ਲਈਏ (ਹਰੀ ਦਾ ਜਸ ਕਰਕੇ ਜੀਭ ਸੁਆਦ ਲਵੇ) ਤਾਂ ਪੂਰਨ ਪ੍ਰਭੂ ਪਾ ਲਈਦਾ ਹੈ।੨।

ਪਉੜੀ ॥ ਰੈਣਿ ਦਿਨਸੁ ਪਰਭਾਤਿ, ਤੂਹੈ ਹੀ ਗਾਵਣਾ ॥ ਜੀਅ ਜੰਤ ਸਰਬਤ, ਨਾਉ ਤੇਰਾ ਧਿਆਵਣਾ ॥ ਤੂ ਦਾਤਾ ਦਾਤਾਰੁ ,ਤੇਰਾ ਦਿਤਾ ਖਾਵਣਾ ॥ ਭਗਤ ਜਨਾ ਕੈ ਸੰਗਿ, ਪਾਪ ਗਵਾਵਣਾ ॥ ਜਨ ਨਾਨਕ ਸਦ ਬਲਿਹਾਰੈ, ਬਲਿ ਬਲਿ ਜਾਵਣਾ ॥੨੫॥ (ਹੇ ਪ੍ਰਭੂ!) ਦਿਨ ਰਾਤ ਅਤੇ ਅੰਮ੍ਰਿਤ ਵੇਲੇ ਅਸੀਂ ਤੈਨੂੰ ਹੀ ਗਾਉਂਦੇ ਹਾਂ।ਸਾਰੇ ਜੀਵ ਜੰਤ ਤੇਰਾ ਹੀ ਨਾਮ ਧਿਆਉਂਦੇ ਹਨ।ਤੂੰ (ਸਭ ਜੀਵਾਂ ਨੂੰ) ਦਾਤਾਂ ਦੇਣ ਵਾਲਾ ਦਾਤਾ ਹੈਂ, ਤੇਰਾ ਦਿਤਾ (ਅੰਨ ਪਾਣੀ ਸਭ) ਖਾਂਦੇ ਹਨ।(ਉਹ) ਭਗਤਾ ਜਨਾਂ ਦੀ ਸੰਗਤ ਵਿਚ (ਤੇਰੇ ਗੁਣ ਗਾ ਕੇ ਅਪਣੇ) ਪਾਪ ਦੂਰ ਕਰ ਲੈਂਦੇ ਹਨ।ਦਾਸ ਨਾਨਕ (ਤੈਥੋਂ) ਸਦਾ ਬਲਿਹਾਰ ਹੈ, (ਮਨ ਤਨ ਕਰਕੇ ਤੈਥੋਂ) ਬਲਿ ਬਲਿ ਜਾਂਦਾ ਹੈ।੨੫।

ਪਦਾਰਥ = ਤਿਨਿ ਸਾਚੈ–ਉਸ ਸੱਚੇ ਪ੍ਰਭੂ ਨੇ।ਪੂਰਾ–ਪੂਰਨ ਪ੍ਰਭੂ।ਰਸਿ–ਰਸ ਨਾਲ।ਰਸਨ–ਜੀਭ।ਰਸਾਈ–ਰਸ ਵਾਲੀ ਕਰੀਏ।੨। ਪਉੜੀ।ਰੈਣਿ–ਰਾਤ।ਪਰਭਾਤਿ–ਅੰਮ੍ਰਿਤ ਵੇਲਾ।ਤੂਹੈ ਹੀ–ਤੈਨੂੰ ਹੀ।ਸਰਬਤ–ਸਾਰੇ।ਗਵਾਵਣਾ–ਦੂਰ ਕਰਦੇ ਹਨ।ਸਦ–ਸਦਾ।੨੫।

ਸਲੋਕੁ ਮਃ ੪ ॥ ਅੰਤਰਿ ਅਗਿਆਨੁ ਭਈ ਮਤਿ ਮਧਿਮ, ਸਤਿਗੁਰ ਕੀ ਪਰਤੀਤਿ ਨਾਹੀ ॥ ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ, ਕਪਟੇ ਖਪਹਿ ਖਪਾਹੀ ॥ ਸਤਿਗੁਰ ਕਾ ਭਾਣਾ ਚਿਤਿ ਨ ਆਵੈ, ਆਪਣੈ ਸੁਆਇ ਫਿਰਾਹੀ ॥ ਕਿਰਪਾ ਕਰੇ ਜੇ ਆਪਣੀ, ਤਾ ਨਾਨਕ ਸਬਦਿ ਸਮਾਹੀ ॥੧॥ (ਹੇ ਭਾਈ! ਮਨਮੁਖ ਦੇ) ਹਿਰਦੇ ਅੰਦਰ ਅਗਿਆਨ ਹੈ, (ਜਿਸ ਕਰਕੇ ਉਸ ਦੀ) ਬੁੱਧੀ ਮੈਲੀ ਹੋ ਗਈ ਹੈ, (ਉਸ ਨੂੰ) ਸਤਿਗੁਰੂ ਦੀ ਪ੍ਰਤੀਤ (ਸਤਿਗੁਰੂ ਉਤੇ ਭਰੋਸਾ) ਨਹੀਂ ਹੈ।(ਉਸ ਦੇ) ਹਿਰਦੇ ਅੰਦਰ ਕਪਟ ਹੈ, (ਇਸ ਕਰਕੇ ਉਹ) ਸਭ ਨੂੰ ਕਪਟੀ ਕਰਕੇ ਜਾਣਦਾ ਹੈ, (ਮਨਮੁਖ ਬੰਦੇ) ਆਪ ਕਪਟ ਵਿਚ ਹੀ ਖਪਦੇ ਹਨ ਤੇ ਹੋਰਨਾਂ ਨੂੰ ਵੀ ਖਪਾਉਂਦੇ ਹਨ।ਸਤਿਗੁਰੂ ਦਾ ਭਾਣਾ (ਉਨ੍ਹਾਂ ਦੇ) ਚਿਤ ਵਿਚ ਨਹੀਂ ਆਉਂਦਾ (ਭਾਣਾ ਨਹੀਂ ਮੰਨਦੇ, ਉਹ) ਅਪਣੇ ਸੁਆਰਥ ਲਈ ਭਟਕਦੇ ਫਿਰਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਜੇ ਪ੍ਰਭੂ (ਮਨਮੁਖਾਂ ਉਤੇ) ਅਪਣੀ ਮੇਹਰ ਕਰ ਦੇਵੇ, ਤਾਂ ਉਹ ਗੁਰੂ ਦੇ ਸ਼ਬਦ ਵਿਚ ਲੀਨ ਹੋ ਸਕਦੇ ਹਨ (ਗੁਰੂ ਦੇ ਸ਼ਬਦ ਵਿਚ ਜੁੜ ਕੇ ਉਨ੍ਹਾਂ ਦਾ ਮਨ ਟਿਕਾਉ ਵਾਲਾ ਹੋ ਸਕਦਾ ਹੈ)।੧।

ਪਦਾਰਥ = ਅੰਤਰਿ–ਹਿਰਦੇ ਅੰਦਰ।ਭਈ–ਹੋ ਗਈ।ਮਤਿ–ਬੁੱਧੀ।ਮਧਿਮ–ਮੰਦੀ; ਮੈਲੀ।ਪਰਤੀਤਿ–ਸ਼ਰਧਾ; ਭਰੋਸਾ।ਕਪਟੁ–ਛਲ; ਧੋਖਾ।ਕਪਟੋ ਕਰਿ–ਕਪਟੀ ਕਰਕੇ।ਕਪਟੇ–ਕਪਟ ਵਿਚ।ਖਪਹਿ–ਸੜਦੇ ਹਨ।ਖਪਾਹੀ–(ਦੂਜਿਆਂ ਨੂੰ ਵੀ) ਸਾੜਦੇ ਹਨ।ਭਾਣਾ–ਹੁਕਮ

।ਸੁਆਇ–ਸੁਆਰਥ ਲਈ।ਫਿਰਾਹੀ–ਫਿਰਦੇ ਹਨ।ਸਬਦਿ–ਸ਼ਬਦ ਵਿਚ।ਸਮਾਹੀ–ਲੀਨ ਹੋ ਸਕਦੇ ਹਨ।੧।

ਮਃ ੪ ॥ ਮਨਮੁਖ ਮਾਇਆ ਮੋਹਿ ਵਿਆਪੇ, ਦੂਜੈ ਭਾਇ ਮਨੂਆ ਥਿਰੁ ਨਾਹਿ ॥ ਅਨਦਿਨੁ ਜਲਤ ਰਹਹਿ ਦਿਨੁ ਰਾਤੀ, ਹਉਮੈ ਖਪਹਿ ਖਪਾਹਿ ॥ ਅੰਤਰਿ ਲੋਭੁ ਮਹਾ ਗੁਬਾਰਾ, ਤਿਨ ਕੈ ਨਿਕਟਿ ਨ ਕੋਈ ਜਾਹਿ ॥ ਓਇ ਆਪਿ ਦੁਖੀ ਸੁਖੁ ਕਬਹੂ ਨ ਪਾਵਹਿ, ਜਨਮਿ ਮਰਹਿ ਮਰਿ ਜਾਹਿ ॥ ਨਾਨਕ ਬਖਸਿ ਲਏ ਪ੍ਰਭੁ ਸਾਚਾ, ਜਿ ਗੁਰ ਚਰਨੀ ਚਿਤੁ ਲਾਹਿ ॥੨॥ (ਹੇ ਭਾਈ!) ਮਨਮੁਖ ਮਾਇਆ ਦੇ ਮੋਹ ਵਿਚ ਫਸੇ ਹੋਏ ਹਨ, ਦ੍ਵੈਤ ਭਾਵ ਕਰਕੇ (ਉਨ੍ਹਾਂ ਦਾ) ਮਨ ਇਕ ਥਾਂ ਨਹੀਂ ਟਿਕਦਾ।ਉਹ ਦਿਨ ਰਾਤ ਹਰਰੋਜ (ਸਦਾ ਤ੍ਰਿਸ਼ਨਾ ਦੀ ਅੱਗ ਵਿਚ) ਸੜਦੇ ਰਹਿੰਦੇ ਹਨ ਅਤੇ ਹਉਮੈ ਵਿਚ ਖਪਦੇ ਹਨ ਤੇ ਹੋਰਨਾਂ ਨੂੰ ਵੀ ਖਪਾ ਦੇਂਦੇ ਹਨ।(ਉਨ੍ਹਾਂ ਦੇ ਮਨ) ਅੰਦਰ ਲੋਭ ਅਤੇ (ਅਗਿਆਨ ਦਾ) ਬਹੁਤ ਜਿਆਦਾ ਹਨ੍ਹੇਰਾ ਹੈ, ਕੋਈ (ਧਰਮੀ ਪੁਰਖ) ਉਨ੍ਹਾਂ ਦੇ ਨੇੜੇ ਨਹੀਂ ਜਾਂਦਾ।ਉਹ ਆਪ ਦੁਖੀ ਰਹਿੰਦੇ ਹਨ ਅਤੇ ਕਦੇ ਸੁਖ ਨਹੀਂ ਪਾ ਸਕਦੇ, (ਉਹ ਆਤਮਕ ਮੌਤੇ) ਮਰ ਜਾਂਦੇ ਹਨ ਤੇ (ਜੋਨੀਆਂ ਵਿਚ ਪੈ ਕੇ ਮੁੜ ਮੁੜ) ਜੰਮਦੇ ਮਰਦੇ ਰਹਿੰਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਜੇ (ਉਹ ਮਨਮੁਖ ਵੀ) ਗੁਰੂ ਦੇ ਚਰਨਾਂ ਵਿਚ ਚਿਤ ਲਾ ਲੈਣ, ਤਾਂ ਸੱਚਾ ਪ੍ਰਭੂ (ਉਨ੍ਹਾਂ ਨੂੰ ਵੀ) ਬਖਸ਼ ਲਏ; ਜਿਹੜੇ ਪੁਰਖ ਗੁਰੂ ਦੇ ਚਰਨਾਂ ਵਿਚ ਚਿਤ ਲਾਉਂਦੇ ਹਨ, (ਉਨ੍ਹਾਂ ਨੂੰ) ਸੱਚਾ ਪ੍ਰਭੂ ਬਖਸ਼ ਲੈਂਦਾ ਹੈ।੨।

ਪਦਾਰਥ = ਵਿਆਪੇ–ਫਸੇ ਹੋਏ ਹਨ।ਦੂਜੈ ਭਾਇ–ਦ੍ਵੈਤ ਭਾਵ (ਕਿਸੇ ਦੂਜੇ ਇਸ਼ਟ ਵਿਚ ਪਿਆਰ ਹੋਣ) ਕਰਕੇ।ਥਿਰੁ ਨਾਹਿ–ਟਿਕਦਾ ਨਹੀਂ।ਅਨਦਿਨੁ–ਹਰ ਰੋਜ।ਅੰਤਰਿ–ਹਿਰਦੇ ਅੰਦਰ।ਮਹਾ ਗੁਬਾਰਾ–ਬਹੁਤ ਜਿਆਦਾ ਹਨ੍ਹੇਰਾ।ਤਿਨ ਕੈ–ਉਨ੍ਹਾਂ ਦੇ।ਨਿਕਟਿ–ਨੇੜੇ। ਓਇ–ਉਹ।ਕਬਹੂ–ਕਦੇ ਵੀ।ਮਰਿ ਜਾਹਿ–ਮਰ ਜਾਂਦੇ ਹਨ।ਜਿ–ਜੇਕਰ; ਜਿਹੜੇ।ਚਿਤੁ ਲਾਹਿ–ਚਿਤ ਲਾ ਲੈਣ।੨।

ਪਉੜੀ ॥ ਸੰਤ ਭਗਤ ਪਰਵਾਣੁ ,ਜੋ ਪ੍ਰਭਿ ਭਾਇਆ ॥ ਸੇਈ ਬਿਚਖਣ ਜੰਤ, ਜਿਨੀ ਹਰਿ ਧਿਆਇਆ ॥ ਅੰਮ੍ਰਿਤੁ ਨਾਮੁ ਨਿਧਾਨੁ , ਭੋਜਨੁ ਖਾਇਆ ॥ ਸੰਤ ਜਨਾ ਕੀ ਧੂਰਿ ਮਸਤਕਿ ਲਾਇਆ ॥ ਨਾਨਕ ਭਏ ਪੁਨੀਤ, ਹਰਿ ਤੀਰਥਿ ਨਾਇਆ ॥੨੬॥ (ਹੇ ਭਾਈ!) ਜੋ ਸੰਤ ਤੇ ਭਗਤ ਪ੍ਰਭੂ ਨੇ ਪਸੰਦ ਕੀਤੇ ਹਨ, (ਉਹ ਉਸ ਦੇ ਦਰ ਤੇ) ਪ੍ਰਵਾਨ ਹੋਏ ਹਨ।ਉਹ ਹੀ ਜੀਵ ਸਿਆਣੇ ਹਨ, ਜਿਨ੍ਹਾਂ ਨੇ ਹਰੀ ਨੂੰ ਧਿਆਇਆ ਹੈ।(ਉਨ੍ਹਾਂ ਨੇ) ਅੰਮ੍ਰਿਤ ਨਾਮ ਰੂਪ ਭੋਜਨ ਖਾਧਾ ਹੈ, ਜੋ ਸਾਰੇ ਸੁੱਖਾਂ ਦਾ ਭੰਡਾਰ ਹੈ।(ਉਨ੍ਹਾਂ ਨੇ ਅਪਣੇ) ਮੱਥੇ ਤੇ ਸੰਤ ਜਨਾਂ ਦੀ ਚਰਨ ਧੂੜ ਨੂੰ ਲਾਇਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਨ੍ਹਾਂ ਨੇ) ਹਰੀ ਦੇ ਨਾਮ ਰੂਪ ਤੀਰਥ ਤੇ ਇਸ਼ਨਾਨ ਕੀਤਾ ਹੈ ਭਾਵ ਨਾਮ ਸਿਮਰਿਆ ਹੈ, (ਜਿਸ ਦੇ ਫਲ ਸਰੂਪ ਉਹ) ਪਵਿਤ੍ਰ ਹੋ ਗਏ ਹਨ।੨੬।

ਪਦਾਰਥ = ਪ੍ਰਭਿ–ਪ੍ਰਭੂ ਨੇ।ਭਾਇਆ–ਪਸੰਦ ਕੀਤੇ।ਸੇਈ–ਉਹ ਹੀ।ਬਿਚਖਣਿ–ਸਿਆਣੇ; ਸੁੰਦਰ।ਜੰਤ–ਜੀਵ।ਜਿਨੀ–ਜਿਨ੍ਹਾਂ ਨੇ। ਨਿਧਾਨੁ–ਸੁਖਾਂ ਦਾ ਭੰਡਾਰ।ਧੂਰਿ–ਚਰਨ ਧੂੜ।ਮਸਤਕਿ–ਮੱਥੇ ਉਤੇ।ਭਏ–ਹੋ ਗਏ।ਨਾਇਆ–ਨ੍ਹਾਇਆ (ਇਸ਼ਨਾਨ ਕੀਤਾ)।੨੬।

ਅੰਗ ੬੫੩ = ਸਲੋਕੁ ਮਃ ੪ ॥ ਗੁਰਮੁਖਿ ਅੰਤਰਿ ਸਾਂਤਿ ਹੈ, ਮਨਿ ਤਨਿ ਨਾਮਿ ਸਮਾਇ ॥ ਨਾਮੋ ਚਿਤਵੈ ਨਾਮੁ ਪੜੈ, ਨਾਮਿ ਰਹੈ ਲਿਵ ਲਾਇ ॥ ਨਾਮੁ ਪਦਾਰਥੁ ਪਾਇਆ, ਚਿੰਤਾ ਗਈ ਬਿਲਾਇ ॥ ਸਤਿਗੁਰਿ ਮਿਲਿਐ ਨਾਮੁ ਊਪਜੈ, ਤਿਸਨਾ ਭੁਖ ਸਭ ਜਾਇ ॥ ਨਾਨਕ ਨਾਮੇ ਰਤਿਆ, ਨਾਮੋ ਪਲੈ ਪਾਇ ॥੧॥ ਗੁਰਮੁਖ ਦੇ ਹਿਰਦੇ ਅੰਦਰ ਸ਼ਾਂਤੀ ਹੈ, (ਕਿਉਂਕਿ ਉਹ) ਮਨ ਕਰਕੇ ਤੇ ਤਨ ਕਰਕੇ ਹਰੀ ਦੇ ਨਾਮ ਵਿਚ ਲੀਨ ਰਹਿੰਦਾ ਹੈ।(ਉਹ ਹਰੀ ਦੇ) ਨਾਮ ਦਾ ਹੀ ਧਿਆਨ ਕਰਦਾ ਹੈ, ਨਾਮ (ਸਬੰਧੀ ਗ੍ਰੰਥ) ਪੜ੍ਹਦਾ ਹੈ ਤੇ ਨਾਮ ਵਿਚ ਹੀ ਲਿਵ ਲਾ ਕੇ ਰਹਿੰਦਾ ਹੈ।(ਉਸ ਨੇ) ਨਾਮ ਪਦਾਰਥ ਪਾ ਲਿਆ ਹੈ, (ਜਿਸ ਦੇ ਫਲ ਸਰੂਪ ਉਸ ਦੀ) ਚਿੰਤਾ ਨਾਸ਼ ਹੋ ਗਈ ਹੈ।(ਇਹ) ਨਾਮ ਸਤਿਗੁਰੂ ਦੇ ਮਿਲਣ ਨਾਲ (ਹਿਰਦੇ ਵਿਚ) ਪੈਦਾ ਹੁੰਦਾ ਹੈ, (ਜਿਸ ਕਰਕੇ ਮਾਇਆ ਦੀ) ਤ੍ਰਿਸ਼ਨਾ ਤੇ (ਪਦਾਰਥਾਂ ਦੀ) ਭੁੱਖ ਚਲੇ ਜਾਂਦੀ ਹੈ।ਹੇ ਨਾਨਕ! ਨਾਮ ਵਿਚ ਰੰਗੇ ਜਾਣ ਨਾਲ ਨਾਮ ਹੀ (ਹਿਰਦੇ ਰੂਪ) ਪੱਲੇ ਵਿਚ ਪੈਂਦਾ ਹੈ।੧।

ਪਦਾਰਥ = ਅੰਤਰਿ–ਹਿਰਦੇ ਅੰਦਰ।ਮਨਿ–ਮਨ ਕਰਕੇ।ਤਨਿ–ਸਰੀਰ ਕਰਕੇ।ਨਾਮਿ–ਨਾਮ ਵਿਚ।ਸਮਾਇ–ਲੀਨ ਰਹਿੰਦਾ ਹੈ।ਨਾਮੋ–ਨਾਮ ਹੀ।ਚਿਤਵੈ–ਧਿਆਨ ਕਰਦਾ ਹੈ।ਪੜੈ–ਪੜ੍ਹਦਾ ਹੈ।ਗਈ ਬਿਲਾਇ–ਨਾਸ਼ ਹੋ ਗਈ ਹੈ।ਰਤਿਆ–ਰੰਗੇ ਜਾਣ ਨਾਲ।੧।

ਉਥਾਨਕਾ = ਗੋਇੰਦਵਾਲ ਸਾਹਿਬ ਵਿਖੇ ਗੋਂਦੇ ਖਤਰੀ ਦਾ ਪੁਤ੍ਰ ਗੁਰੂ ਅਮਰਦਾਸ ਜੀ ਦੀ ਵਡਿਆਈ ਸਹਿ ਨਹੀਂ ਸਕਿਆ।ਉਹ ਗੁਰੂ ਜੀ ਕੋਲ ਜਾ ਕੇ ਕਹਿਣ ਲੱਗਾ ਕਿ ਗੋਇੰਦ ਵਾਲ ਸਾਡੀ ਜਮੀਨ ਵਿਚ ਉਸਰਿਆ ਹੋਇਆ ਹੈ, ਇਸ ਲਈ ਅਪਣੇ ਚੜ੍ਹਾਵੇ ਵਿਚੋਂ ਅੱਧਾ ਹਿੱਸਾ ਸਾਨੂੰ ਦਿਆ ਕਰੋ।ਗੁਰੂ ਜੀ ਨੇ ਉਤਰ ਦਿਤਾ ਕਿ ਸੰਗਤਾਂ ਵੱਲੋਂ ਆਈ ਭੇਟਾ ਵਿਚ ਤੁਹਾਡਾ ਕੋਈ ਹੱਕ ਨਹੀਂ, ਪਰ ਲੰਗਰ ਵਿਚੋਂ ਪ੍ਰਸ਼ਾਦਾ ਤੁਸੀਂ ਛਕ ਸਕਦੇ ਹੋ।ਇਸ ਖਤਰੀ ਨੇ ਤਪੇ ਨਾਲ ਸਲਾਹ ਕਰਕੇ ਮਹਜਰਨਾਮਾ ਲਿਖ ਕੇ ਅਕਬਰ ਬਾਦਸ਼ਾਹ ਪਾਸ ਜਾ ਕੇ ਸ਼ਿਕਾਇਤ ਕਰ ਦਿਤੀ।ਦੋਹਾਂ ਪਾਸਿਆਂ ਦੀਆਂ ਦਲੀਲਾਂ ਸੁਣਨ ਤੋਂ ਬਾਦ ਖਤਰੀ ਨੂੰ ਝੂਠਾ ਜਾਣ ਕੇ ਉਸਦਾ ਮੂੰਹ ਕਾਲਾ ਕਰਕੇ ਅਕਬਰ ਦੇ ਦਰਬਾਰ ਵਿਚੋਂ ਧੱਕੇ ਮਾਰ ਬਾਹਰ ਕੱਢਿਆ ਗਿਆ।ਇਸ ਦਾ ਜਿਕਰ ਰਾਗ ਗਉੜੀ ਵਿਚ {ਮਹਜਰੁ ਝੂਠਾ ਕੀਤੋਨੁ ਆਪਿ ੧੯੯},

੩੦੩ (੮ ਵੀਂ ਪਉੜੀ ਦਾ ਦੂਜਾ ਸਲੋਕ) ਅਤੇ ੩੦੬ (੧੨ ਵੀਂ ਪਉੜੀ ਦਾ ਪਹਿਲਾ ਸਲੋਕ) ਤੇ ਵੀ ਆਉਂਦਾ ਹੈ। ਇਸ ਸਲੋਕ ਵਿਚ ਵੀ ਗੁਰੂ ਰਾਮਦਾਸ ਜੀ ਇਸ ਮਨਮੁਖ ਖੱਤ੍ਰੀ ਦੀ ਅਕਬਰ ਦੇ ਦਰਬਾਰ ਵਿਚ ਹੋਈ ਬੇਇਜਤੀ ਬਿਆਨ ਕਰਦੇ ਹਨ।

ਮਃ ੪ ॥ ਸਤਿਗੁਰ ਪੁਰਖਿ ਜਿ ਮਾਰਿਆ, ਭ੍ਰਮਿ ਭ੍ਰਮਿਆ ਘਰੁ ਛੋਡਿ ਗਇਆ ॥ ਓਸੁ ਪਿਛੈ ਵਜੈ ਫਕੜੀ, ਮੁਹੁ ਕਾਲਾ ਆਗੈ ਭਇਆ ॥ ਓਸੁ ਅਰਲੁ ਬਰਲੁ ਮੁਹਹੁ ਨਿਕਲੈ, ਨਿਤ ਝਗੂ ਸੁਟਦਾ ਮੁਆ ॥ ਕਿਆ ਹੋਵੈ ਕਿਸੈ ਹੀ ਦੈ ਕੀਤੈ, ਜਾਂ ਧੁਰਿ ਕਿਰਤੁ ਓਸ ਦਾ ਏਹੋ ਜਿਹਾ ਪਇਆ ॥ ਜਿਥੈ ਓਹੁ ਜਾਇ ਤਿਥੈ ਓਹੁ ਝੂਠਾ, ਕੂੜੁ ਬੋਲੇ ਕਿਸੈ ਨ ਭਾਵੈ ॥ ਵੇਖਹੁ ਭਾਈ ਵਡਿਆਈ ਹਰਿ ਸੰਤਹੁ ਸੁਆਮੀ ਅਪੁਨੇ ਕੀ, ਜੈਸਾ ਕੋਈ ਕਰੈ ਤੈਸਾ ਕੋਈ ਪਾਵੈ ॥ ਏਹੁ ਬ੍ਰਹਮ ਬੀਚਾਰੁ ਹੋਵੈ ਦਰਿ ਸਾਚੈ, ਅਗੋ ਦੇ ਜਨੁ ਨਾਨਕੁ ਆਖਿ ਸੁਣਾਵੈ ॥੨॥

ਜਿਸ ਮਨੁੱਖ ਨੂੰ ਸਤਿਗੁਰੂ ਪੁਰਖ ਨੇ ਧਿਰਕਾਰ ਦਿਤਾ ਹੈ, ਉਹ ਭਰਮ ਵਿਚ ਭਟਕਦਾ ਹੋਇਆ ਘਰ ਨੂੰ ਛਡ ਕੇ (ਦਿੱਲੀ) ਗਿਆ ਹੈ। (ਜਦ ਉਹ ਘਰੋਂ ਨਿਕਲਿਆ ਤਾਂ) ਉਸ ਦੇ ਪਿਛੇ ਲੋਕ ਓਇ ਓਇ ਕਰਦੇ ਤਾੜੀ ਵਜਾਉਂਦੇ ਹਨ ਅਤੇ ਅੱਗੇ (ਜਿਥੇ ਉਹ ਅਕਬਰ ਦੇ ਦਰਬਾਰ ਵਿਚ ਸਤਿਗੁਰੂ ਅਮਰਦਾਸ ਜੀ ਦੇ ਵਿਰੁਧ ਸ਼ਿਕਾਇਤ ਕਰਨ ਗਿਆ ਸੀ, ਉਥੇ ਉਸ ਦਾ) ਮੂੰਹ ਕਾਲਾ ਹੋਇਆ (ਬੇਇੱਜਤੀ ਹੋਈ)। ਉਸ ਦੇ ਮੂੰਹੋਂ ਊਲ ਜਲੂਲ ਹੀ ਨਿਕਲਦਾ ਹੈ ਅਤੇ (ਪਾਗਲ ਕੁੱਤੇ ਵਾਂਙ) ਨਿਤ ਝੱਗ ਸੁੱਟਦਾ ਹੋਇਆ (ਗੁਰੂ ਜੀ ਦੀ ਨਿੰਦਾ ਕਰਦਾ ਪਾਗਲ ਹੋ ਕੇ) ਮਰ ਗਿਆ {ਨਿਤ ਝਹੀਆ ਪਾਏ ਝਗੂ ਸੁਟੇ ਝਖਦਾ ਝਖਦਾ ਝੜਿ ਪਇਆ ੩੦੭}। (ਹੇ ਭਾਈ!) ਕਿਸੇ ਦੇ ਕੁਛ ਕਰਨ (ਚੰਗੀ ਮੱਤ ਦੇਣ) ਨਾਲ ਕੀ ਹੋ ਸਕਦਾ ਹੈ? ਜਦ ਧੁਰ (ਹਰੀ ਦੀ ਹਜੂਰੀ) ਤੋਂ ਉਸ ਦਾ ਕਰਮ ਹੀ ਇਹੋ ਜਿਹਾ ਪਿਆ ਹੋਇਆ ਹੈ। ਜਿਥੇ ਉਹ (ਮਨਮੁਖ) ਜਾਂਦਾ ਹੈ, ਉਥੇ ਝੂਠਾ ਸਾਬਤ ਹੁੰਦਾ ਹੈ, (ਉਸ ਦਾ) ਝੂਠ ਬੋਲਿਆ ਹੋਇਆ ਕਿਸੇ (ਧਰਮੀ ਮਨੁੱਖ) ਨੂੰ ਚੰਗਾ ਨਹੀਂ ਲਗਦਾ। ਹੇ ਭਾਈ! ਹੇ ਸੰਤ ਜਨੋਂ! ਅਪਣੇ ਮਾਲਕ ਹਰੀ ਦੀ ਵਡਿਆਈ ਦੇਖੋ, ਜੈਸਾ ਕਰਮ ਕੋਈ ਮਨੁੱਖ ਕਰਦਾ ਹੈ, ਤੈਸਾ ਕੋਈ ਫਲ ਪਾਉਂਦਾ ਹੈ। ਸੱਚੇ ਵਾਹਿਗੁਰੂ ਦੇ ਦਰਬਾਰ ਵਿਚ ਏਹ ਬ੍ਰਹਮ (ਆਤਮ) ਵੀਚਾਰ ਹੁੰਦੀ ਹੈ, ਦਾਸ ਨਾਨਕ ਪਹਿਲਾਂ ਹੀ (ਵੀਚਾਰ) ਆਖ ਕੇ ਸੁਣਾਉਂਦਾ ਹੈ (ਜੋ ਮਨਮੁਖ ਨਾਲ ਪ੍ਰਭੂ ਦੇ ਦਰਬਾਰ ਵਿਚ ਬੀਤਣੀ ਹੈ)।੧।

ਪਦਾਰਥ = ਸਤਿਗੁਰ ਪੁਰਖਿ–ਸਤਿਗੁਰੂ ਪੁਰਖ ਨੇ; ਗੁਰ ਪ੍ਰਮੇਸਰ ਵੱਲੋਂ (ਦਰਪਣ)। ਜਿ–ਜਿਸ ਨੂੰ; ਜਿਹੜਾ (ਮਨੁੱਖ)। ਮਾਰਿਆ–ਸਰਾਪਿਆ; ਫਿਟਕਾਰਿਆ। ਭ੍ਰਮਿ–ਭਰਮ ਵਿਚ। ਭ੍ਰਮਿਆ–ਭਟਕਦਾ ਹੋਇਆ। ਓਸੁ–ਉਸ ਦੇ। ਵਜੈ ਫਕੜੀ–ਭੰਡੀ ਹੁੰਦੀ ਹੈ; ਬਦਨਾਮੀ ਦੀ ਡੌਂਡੀ ਵਜਦੀ ਹੈ; ਓਇ ਓਇ ਕਰਦੇ ਹੋਏ ਤਾੜੀ ਵਜਾਉਂਦੇ (ਸ਼ਰਮਿੰਦਾ ਕਰਦੇ) ਹਨ। ਆਗੈ–ਅੱਗੇ (ਜਿਥੇ ਜਾਂਦਾ ਹੈ); ਅੱਗੇ (ਅਕਬਰ ਦੇ ਦਰਬਾਰ ਵਿਚ)। ਭਇਆ–ਹੋਇਆ। ਅਰਲ ਬਰਲ–ਊਲ ਜਲੂਲ; ਉਲਟ ਪੁਲਟ; ਗਾਲੀ ਗਲੋਚ; ਨਿਰਾ ਬਕਵਾਸ। ਮੁਹਹੁ –ਮੂੰਹੋਂ। ਨਿਤ–ਹਰ ਰੋਜ; ਸਦਾ। ਝਗੂ–ਝੱਗ; ਲਾਲ੍ਹਾਂ। ਮੁਆ–ਮਰ ਗਿਆ। ਜਾਂ–ਜਦ। ਧੁਰਿ–ਧੁਰ ਰੱਬ ਦੀ ਹਜੂਰੀ ਤੋਂ। ਕਿਰਤੁ–ਜੋ ਕਰਮ ਬਾਰ ਬਾਰ ਕੀਤਾ ਜਾਂਦਾ ਹੈ, ਉਹ ਕਰਮ ਸੁਭਾਉ ਬਣ ਜਾਂਦਾ ਹੈ, ਉਸ ਨੂੰ ਕਿਰਤ ਕਹਿੰਦੇ ਹਨ। ਕਿਸੈ–ਕਿਸੇ ਨੂੰ। ਨ ਭਾਵੈ–ਚੰਗਾ ਨਹੀਂ ਲਗਦਾ। ਭਾਈ–ਹੇ ਭਾਈ!। ਸੰਤਹੁ–ਹੇ ਸੰਤ ਜਨੋਂ!। ਹਰਿ ਸੁਆਮੀ–ਮਾਲਕ ਹਰੀ। ਬ੍ਰਹਮ ਬੀਚਾਰ–ਆਤਮ ਵੀਚਾਰ (ਸ਼ਬਦਾਰਥ; ਮ.

ਪਉੜੀ ॥ ਗੁਰਿ ਸਚੈ ਬਧਾ ਥੇਹੁ ,ਰਖਵਾਲੇ ਗੁਰਿ ਦਿਤੇ ॥ ਪੂਰਨ ਹੋਈ ਆਸ, ਗੁਰ ਚਰਣੀ ਮਨ ਰਤੇ ॥ ਗੁਰਿ ਕ੍ਰਿਪਾਲਿ ਬੇਅੰਤਿ, ਅਵਗੁਣ ਸਭਿ ਹਤੇ ॥ ਗੁਰਿ ਅਪਣੀ ਕਿਰਪਾ ਧਾਰਿ, ਅਪਣੇ ਕਰਿ ਲਿਤੇ ॥ ਨਾਨਕ ਸਦ ਬਲਿਹਾਰ, ਜਿਸੁ ਗੁਰ ਕੇ ਗੁਣ ਇਤੇ ॥੨੭॥

ਸੱਚੇ ਗੁਰੂ ਨੇ ਸਾਧ ਸੰਗਤ ਰੂਪ ਪਿੰਡ ਵਸਾਇਆ ਹੈ ਅਤੇ ਉਸ ਪਿੰਡ ਦੇ ਰਖਵਾਲੇ ਵੀ ਗੁਰੂ ਨੇ ਕਾਇਮ ਕਰ ਦਿਤੇ ਹਨ; ਸੱਚੇ ਗੁਰੂ (ਅੰਗਦ ਦੇਵ ਜੀ) ਨੇ ਗੋਇੰਦਵਾਲ ਨਗਰ ਬੱਧਾ ਅਤੇ ਗੁਰੂ ਨੇ ਰਖਵਾਲੇ (ਗੁਰੂ ਅਮਰਦਾਸ ਜੀ ਕਾਇਮ) ਕਰ ਦਿਤੇ ਹਨ। (ਹੇ ਭਾਈ! ਉਨ੍ਹਾਂ ਪੁਰਖਾਂ ਦੀਆਂ ਸਾਰੀਆਂ) ਆਸਾਂ ਪੂਰਨ ਹੋ ਗਈਆਂ ਹਨ, (ਜਿਨ੍ਹਾਂ ਦੇ) ਮਨ ਗੁਰੂ ਦੇ ਚਰਨਾਂ ਵਿਚ ਰੰਗੇ ਹੋਏ ਹਨ। ਬੇਅੰਤ ਕ੍ਰਿਪਾ ਕਰਨ ਵਾਲੇ ਗੁਰੂ ਨੇ (ਅਪਣੇ ਸਿੱਖਾਂ ਦੇ) ਸਾਰੇ ਪਾਪ ਨਾਸ਼ ਕਰ ਦਿਤੇ ਹਨ। ਗੁਰੂ ਨੇ ਅਪਣੀ ਕ੍ਰਿਪਾ ਧਾਰ ਕੇ (ਬੇਅੰਤ ਸਿੱਖ ਸੇਵਕ) ਅਪਣੇ ਬਣਾ ਲਏ ਹਨ। ਜਿਸ ਗੁਰੂ ਦੇ ਇਤਨੇ (ਬੇਅੰਤ) ਗੁਣ ਹਨ, ਨਾਨਕ (ਉਸ ਗੁਰੂ ਤੋਂ) ਸਦਾ ਬਲਹਾਰ ਜਾਂਦਾ ਹੈ।੨੭।

ਪਦਾਰਥ = ਗੁਰਿ ਸਚੈ–ਸੱਚੇ ਗੁਰੂ ਨੇ। ਬਧਾ ਥੇਹੁ–ਪਿੰਡ (ਅਸਥਾਨ; ਟਿਕਾਣਾ) ਬੰਨ੍ਹਿਆ (ਗੁਰੂ ਅਮਰਦਾਸ ਜੀ ਨੇ ਗੋਇੰਦਵਾਲ; ਸਤਸੰਗਤ ਰੂਪ ਨਗਰ ਵਸਾਇਆ)। ਰਖਵਾਲੇ–ਰੱਖਿਆ ਕਰਨ ਵਾਲੇ। ਚਰਣੀ–ਚਰਨਾਂ ਵਿਚ। ਰਤੇ–ਰੰਗੇ ਹੋਏ ਹਨ। ਅਵਗੁਣ–ਪਾਪ। ਹਤੇ–ਨਾਸ਼ ਕਰ ਦਿਤੇ। ਧਾਰਿ–ਕਰਕੇ। ਕਰਿ ਲਿਤੇ–ਬਣਾ ਲਏ ਹਨ। ਸਦ–ਸਦਾ। ਇਤੇ–ਇਤਨੇ।੨੭।

ਉਥਨਕਾ = ਇਕ ਪੰਡਤ ਗੁਰੂ ਨਾਨਕ ਦੇਵ ਜੀ ਕੋਲ ਆਇਆ ਤੇ ਕੁਝ ਮੰਗਣ ਲਗਾ, ਮਹਾਰਾਜ ਨੇ ਕੋਈ ਪਦਾਰਥ ਪੰਡਤ ਨੂੰ ਦੇ ਦਿਤਾ। ਪਰ ਪੰਡਤ ਸੰਤੁਸ਼ਟ ਨਹੀਂ ਹੋਇਆ, ਉਹ ਕੁਛ ਜਿਆਦਾ ਪਦਾਰਥ ਦੀ ਕਾਮਨਾ ਰੱਖੀ ਬੈਠਾ ਸੀ। ਪੰਡਤ ਨੂੰ ਅਸੰਤੁਸ਼ਟ ਦੇਖ ਕੇ ਗੁਰੂ ਜੀ ਨੇ ਇਸ ਸਲੋਕ ਦੁਆਰਾ ਉਸ ਨੂੰ ਸਿੱਖਿਆ ਦਿਤੀ ਹੈ।

ਸਲੋਕ ਮਃ ੧ ॥ ਤਾ ਕੀ ਰਜਾਇ ਲੇਖਿਆ ਪਾਇ, ਅਬ ਕਿਆ ਕੀਜੈ ਪਾਂਡੇ ॥ ਹੁਕਮੁ ਹੋਆ ਹਾਸਲੁ ਤਦੇ ਹੋਇ ਨਿਬੜਿਆ, ਹੰਢਹਿ ਜੀਅ ਕਮਾਂਦੇ ॥੧॥ ਉਸ ਪ੍ਰਭੂ ਦੀ ਰਜ਼ਾ ਨਾਲ (ਜੋ ਕੁਛ ਜੀਵ ਦੇ ਮੱਥੇ ਉਤੇ) ਲਿਖਿਆ ਹੋਇਆ ਹੈ, ਉਹ ਪ੍ਰਾਪਤ ਹੁੰਦਾ ਹੈ, ਹੇ ਪਾਂਡੇ! ਹੁਣ ਕੀ ਕਰੀਏ? (ਜਿਨ੍ਹਾਂ ਕੁਛ ਮਿਲਦਾ ਹੈ, ਉਹ ਭਾਗਾਂ ਵਿਚ ਲਿਖੀ ਲਿਖਤ ਅਨੁਸਾਰ ਹੀ ਮਿਲਦਾ ਹੈ, ਭਾਗਾਂ ਵਿਚ ਲਿਖੇ ਤੋਂ ਵੱਧ ਲੈਣ ਵਾਸਤੇ ਕੀ ਕੀਤਾ ਜਾ ਸਕਦਾ ਹੈ? ਕੁਛ ਨਹੀਂ ਕੀਤਾ ਜਾ ਸਕਦਾ। ਜਦੋਂ) ਪ੍ਰਭੂ ਦਾ ਹੁਕਮ ਹਾਸਲ ਹੋਇਆ, ਤਦੋਂ (ਉਹੋ ਕੁਛ) ਹੋ ਨਿਬੜਿਆ, (ਜੋ ਕੁਛ ਹੋਣਾ ਸੀ, ਪ੍ਰਭੂ ਦੇ ਲਿਖੇ ਲੇਖ) ਅਨੁਸਾਰ ਹੀ ਜੀਵ ਕਰਮ ਕਮਾਉਂਦੇ ਫਿਰਦੇ ਹਨ।੧।

ਮਃ ੨ ॥ ਨਕਿ ਨਥ ਖਸਮ ਹਥ, ਕਿਰਤੁ ਧਕੇ ਦੇ ॥ ਜਹਾ ਦਾਣੇ ਤਹਾਂ ਖਾਣੇ, ਨਾਨਕਾ ਸਚੁ ਹੇ ॥੨॥ ਹਰੇਕ ਜੀਵ ਦੇ ਨੱਕ ਵਿਚ ਹੁਕਮ ਰੂਪ ਨਕੇਲ ਪਈ ਹੋਈ ਹੈ, ਜੋ ਮਾਲਕ ਪ੍ਰਭੂ ਦੇ ਅਪਣੇ ਹੱਥ ਵਿਚ ਹੈ ਅਤੇ ਕੀਤੇ ਕੰਮਾਂ ਅਨੁਸਾਰ ਬਣਿਆ ਸੁਭਾਉ (ਹੁਣ ਜੀਵ ਨੂੰ) ਧਕੇਲਦਾ ਹੈ (ਜੀਵ ਜੋ ਕੁਛ ਕਰਦਾ ਹੈ, ਉਹ ਉਸ ਦੇ ਕੀਤੇ ਕਰਮ ਉਸ ਤੋਂ ਕਰਾ ਰਹੇ ਹਨ)। ਹੇ ਨਾਨਕ! ਇਹ ਗੱਲ ਸੱਚੀ ਹੈ ਕਿ ਜਿਸ ਜਗ੍ਹਾ (ਕਿਸੇ ਜੀਵ ਦੇ) ਦਾਣੇ ਖਾਣੇ ਲਿਖੇ ਹੁੰਦੇ ਹਨ, ਉਸ ਜਗ੍ਹਾ (ਜਾ ਕੇ ਉਸ ਨੇ ਉਹ ਦਾਣੇ) ਖਾਣੇ ਹੁੰਦੇ ਹਨ।੨।

ਪਦਾਰਥ = ਤਾ ਕੀ–ਉਸ ਦੀ। ਰਜਾਇ–ਰਜ਼ਾ (ਮਰਜੀ) ਨਾਲ। ਲੇਖਿਆ–ਲਿਖਿਆ ਹੋਇਆ। ਪਾਇ–ਪ੍ਰਾਪਤ ਹੁੰਦਾ ਹੈ। ਅਬ–ਹੁਣ। ਪਾਂਡੇ–ਹੇ ਪੰਡਤ!। ਹੋਆ ਹਾਸਲੁ–ਪ੍ਰਾਪਤ ਹੋਇਆ। ਤਦੇ–ਤਦੋਂ। ਹੋਇ ਨਿਬੜਿਆ–ਹੋ ਨਿਬੜਿਆ। ਹੰਢਹਿ–ਫਿਰਦੇ ਹਨ। ਜੀਅ–ਜੀਵ ।੧। ਨਕਿ–ਨੱਕ ਵਿਚ। ਨਥ–ਨਕੇਲ। ਖਸਮ ਹਥਿ–ਮਾਲਕ ਦੇ ਹੱਥ ਵਿਚ। ਕਿਰਤੁ–ਪਿਛਲੇ ਜਨਮਾਂ ਦੇ ਕੀਤੇ ਕੰਮਾਂ ਤੋਂ ਬਣਿਆ ਸੁਭਾਵ। ਧਕੇ ਦੇ–ਧਕੇਲਦਾ (ਧੱਕ ਕੇ ਚਲਾ ਰਿਹਾ) ਹੈ। ਜਹਾ–ਜਿਸ ਜਗ੍ਹਾ। ਦਾਣੇ–ਅੰਨ ਦੇ ਦਾਣੇ। ਤਹਾ–ਉਸ ਜਗ੍ਹਾ। ਹੇ–ਹੈ।੨।

ਸ਼ਬਦਾਰਥ ਦਾ ਨੋਟ = ਕਈ ਲੋਕ ਜੋ ਕਰਮ ਫਿਲਾਸਫੀ ਨੂੰ ਮੰਨਦੇ ਹਨ, ਕਹਿੰਦੇ ਹਨ ਕਿ ਜਿਵੇਂ ਮਨੁੱਖ ਦੇ ਕਰਮ ਹੁੰਦੇ ਹਨ, ਤਿਵੇਂ ਹੀ ਉਨ੍ਹਾਂ ਦਾ ਫਲ ਮਨੁੱਖ ਅਪਣੇ ਆਪ ਭੋਗ ਲੈਂਦਾ ਹੈ। ਕਰਮ ਤੇ ਉਨ੍ਹਾਂ ਦਾ ਫਲ ਕਾਰਨ ਤੇ ਕਾਰਜ ਵਾਕਰ ਆਪੇ ਹੀ ਪਏ ਕੰਮ ਕਰਦੇ ਹਨ। ਇਸ ਸਿਲਸਿਲੇ ਵਿਚ ਰੱਬ ਦੇ ਦਖਲ ਦੇਣ ਦੀ ਗੁੰਜਾਇਸ਼ ਨਹੀਂ (ਜਿਵੇਂ ਬੁੱਧ ਮੱਤ ਵਿਚ)। ਪਰ ਸਿੱਖ ਮੱਤ ਇਹ ਹੈ ਕਿ {ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ। ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ}। ਮਃ ੧–੧੩੫੩। ਸਾਡੇ ਕਰਮਾਂ ਦਾ ਕਾਰਨ ਹਰੀ ਆਪ ਖੜਾ ਕਰ ਸਕਦਾ ਹੈ ਤੇ ਫਿਰ ਕਰਮ ਵੀ ਅਪਣੇ ਫਲ ਆਪੇ ਹੀ ਨਹੀਂ ਪੈਦਾ ਕਰ ਸਕਦੇ। ਹਰੀ ਦੀ ਰਜ਼ਾ ਕਰਮਾਂ ਨੂੰ ਵਿਚਾਰ ਕੇ ਫਲ ਦਿੰਦੀ ਹੈ {ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ} ਮਃ ੧–੧੨੪੧। ਹੁਕਮ ਤਾਂ ਕਰਤੇ ਦੇ ਵਸ ਵਿਚ ਹੈ, ਪਰ ਉਹ ਸਾਡੇ ਕਰਮਾਂ ਨੂੰ ਦੇਖ ਕੇ ਹੁਕਮ ਕਰਦਾ ਹੈ, ਐਵੇਂ ਅੰਨ੍ਹੇ ਵਾਹ ਨਹੀਂ ਹੁਕਮ ਚਾੜ੍ਹ ਦਿੰਦਾ।

ਪਉੜੀ ॥ ਸਭੇ ਗਲਾ ਆਪਿ, ਥਾਟਿ ਬਹਾਲੀਓਨੁ ॥ ਆਪੇ ਰਚਨੁ ਰਚਾਇ, ਆਪੇ ਹੀ ਘਾਲਿਓਨੁ ॥ ਆਪੇ ਜੰਤ ਉਪਾਇ, ਆਪਿ ਪ੍ਰਤਿਪਾਲਿਓਨੁ ॥ ਦਾਸ ਰਖੇ ਕੰਠਿ ਲਾਇ, ਨਦਰਿ ਨਿਹਾਲਿਓਨੁ ॥ ਨਾਨਕ ਭਗਤਾ ਸਦਾ ਅਨੰਦੁ ,ਭਾਉ ਦੂਜਾ ਜਾਲਿਓਨੁ ॥੨੮॥ (ਹੇ ਭਾਈ!) ਉਸ ਪ੍ਰਭੂ ਨੇ ਆਪ ਹੀ ਸਾਰੀਆਂ (ਪ੍ਰਾਲਬਧ, ਪਾਲਣ ਪੋਸਣ, ਕਰਮਾਂ ਅਨੁਸਾਰ ਫਲ ਦੇਣ ਤੇ ਗਿਆਨ ਆਦਿ ਦੀਆਂ) ਗੱਲਾਂ ਬਣਾ ਕੇ ਕਾਇਮ ਕੀਤੀਆਂ ਹਨ। ਆਪੇ ਉਸ ਨੇ ਜਗਤ ਰਚ ਕੇ ਆਪੇ ਨਾਸ਼ ਕੀਤਾ ਹੈ। ਆਪੇ ਜੀਵ ਪੈਦਾ ਕਰਕੇ ਆਪ ਹੀ ਉਸ ਪ੍ਰਭੂ ਨੇ (ਉਨ੍ਹਾਂ ਦੀ) ਪਾਲਣਾ ਕੀਤੀ ਹੈ। (ਪ੍ਰਭੂ ਨੇ ਅਪਣੇ) ਦਾਸ ਗਲੇ ਨਾਲ ਲਾ ਕੇ ਰੱਖੇ ਹਨ ਅਤੇ (ਦਾਸਾਂ ਨੂੰ) ਉਸ ਪ੍ਰਭੂ ਨੇ ਮੇਹਰ ਦੀ ਨਜਰ ਨਾਲ ਦੇਖਿਆ ਹੈ; ਮੇਹਰ ਦੀ ਨਜਰ ਕਰਕੇ ਨਿਹਾਲ ਕੀਤਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਭਗਤਾਂ ਨੂੰ ਸਦਾ ਅਨੰਦ ਬਣਿਆ ਰਹਿੰਦਾ ਹੈ, (ਕਿਉਂਕਿ ਉਨ੍ਹਾਂ ਦੇ ਹਿਰਦੇ ਵਿਚੋਂ) ਉਸ ਪ੍ਰਭੂ ਨੇ ਦੂਜਾ ਭਾਵ ਜਲਾ ਦਿਤਾ ਹੈ।੨੮।

ਪਦਾਰਥ = ਥਾਟਿ–ਬਣਾ ਕੇ। ਬਹਾਲੀਓਨੁ–ਉਸ ਨੇ ਬੈਠਾ (ਕਾਇਮ ਕਰ) ਦਿਤਾ। ਰਚਾਇ–ਰਚ ਕੇ। ਘਾਲਿਓਨੁ–ਉਸ ਨੇ ਨਾਸ਼ ਕਰ ਦਿਤਾ। ਜੰਤ–ਜੀਵ। ਉਪਾਇ–ਪੈਦਾ ਕਰਕੇ। ਪ੍ਰਤਿਪਾਲਿਓਨੁ–ਉਸ ਨੇ ਪਾਲਣਾ ਕੀਤੀ। ਕੰਠਿ–ਗਲ ਨਾਲ। ਨਦਰਿ–ਮੇਹਰ ਦੀ ਨਜਰ ਨਾਲ। ਨਿਹਾਲਿਓਨੁ–ਉਸ ਨੇ ਦੇਖਿਆ; ਉਸ ਨੇ ਨਿਹਾਲ ਕੀਤਾ। ਭਾਉ ਦੂਜਾ–ਦ੍ਵੈਤ ਭਾਵ। ਜਾਲਿਓਨੁ–ਉਸ ਨੇ ਜਲਾ ਦਿਤਾ।੨੮।

ਸਲੋਕੁ ਮਃ ੩ ॥ ਏ ਮਨ ਹਰਿ ਜੀ ਧਿਆਇ ਤੂ ,ਇਕ ਮਨਿ ਇਕਿ ਚਿਤਿ ਭਾਇ ॥ ਹਰਿ ਕੀਆ ਸਦਾ ਸਦਾ ਵਡਿਆਈਆ, ਦੇਇ ਨ ਪਛੋਤਾਇ ॥ ਹਉ ਹਰਿ ਕੈ ਸਦ ਬਲਿਹਾਰਣੈ, ਜਿਤੁ ਸੇਵਿਐ ਸੁਖੁ ਪਾਇ ॥ ਨਾਨਕ ਗੁਰਮੁਖਿ ਮਿਲਿ ਰਹੈ, ਹਉਮੈ ਸਬਦਿ ਜਲਾਇ ॥੧॥ ਹੇ (ਮੇਰੇ) ਮਨ! ਤੂੰ ਇਕ ਮਨ ਤੇ ਇਕ ਚਿਤ ਹੋ ਕੇ ਪਿਆਰ ਨਾਲ ਹਰਿ ਜੀ ਦਾ ਸਿਮਰਨ ਕਰ। ਉਹ (ਜੀਵਾਂ ਨੂੰ ਦਾਤਾਂ) ਦੇ ਕੇ ਪਛਤਾਉਂਦਾ ਨਹੀਂ {ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ ੪੭}, ਇਹ ਹਰੀ ਦੀਆਂ ਸਦਾ ਸਦਾ ਵਡਿਆਈਆਂ ਹਨ। ਮੈਂ ਹਰੀ ਤੋਂ ਸਦਾ ਬਲਹਾਰ ਜਾਂਦਾ ਹਾਂ, ਜਿਸ ਦੀ ਸੇਵਾ ਭਗਤੀ ਕੀਤਿਆਂ ਸੁਖ ਪਾਈਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰਮੁਖ ਜਨ ਗੁਰੂ ਦੇ ਸ਼ਬਦ ਦੁਆਰਾ (ਅਪਣੀ) ਹਉਮੈ ਨੂੰ ਸਾੜ ਕੇ ਹਰੀ ਨਾਲ ਮਿਲੇ ਰਹਿੰਦੇ ਹਨ।੧।

ਮਃ ੩ ॥ ਆਪੇ ਸੇਵਾ ਲਾਇਅਨੁ ,ਆਪੇ ਬਖਸ ਕਰੇਇ ॥ ਸਭਨਾ ਕਾ ਮਾ ਪਿਉ ਆਪਿ ਹੈ, ਆਪੇ ਸਾਰ ਕਰੇਇ ॥ ਨਾਨਕ ਨਾਮੁ ਧਿਆਇਨਿ ਤਿਨ ਨਿਜ ਘਰਿ ਵਾਸੁ ਹੈ, ਜੁਗੁ ਜੁਗੁ ਸੋਭਾ ਹੋਇ ॥੨॥ ਉਸ ਪ੍ਰਭੂ ਨੇ ਆਪ ਹੀ (ਅਪਣੇ ਸੇਵਕ) ਸੇਵਾ ਵਿਚ ਲਾਏ ਹਨ ਅਤੇ ਆਪ ਹੀ (ਅਪਣੇ ਸੇਵਕਾਂ ਉਪਰ) ਬਖਸ਼ਿਸ਼ ਕਰਦਾ ਹੈ।ਹਰੀ ਆਪ ਹੀ ਸਭ ਜੀਵਾਂ ਦਾ ਮਾਂ ਪਿਉ ਹੈ ਅਤੇ ਆਪ ਹੀ (ਸਭ ਜੀਵਾਂ ਦੀ) ਸੰਭਾਲ ਕਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ, ਜੋ ਮਨੁੱਖ ਹਰੀ ਦਾ ਨਾਮ ਧਿਆਉਂਦੇ ਹਨ, ਉਨ੍ਹਾਂ ਦਾ ਅਪਣੇ ਅਸਲੀ ਘਰ (ਹਰੀ ਦੀ ਹਜੂਰੀ) ਵਿਚ ਵਾਸਾ ਹੁੰਦਾ ਹੈ ਅਤੇ ਜੁਗੋ ਜੁਗ (ਹਰੇਕ ਜੁਗ ਵਿਚ ਉਨ੍ਹਾਂ ਦੀ) ਸੋਭਾ ਹੁੰਦੀ ਹੈ।੨।

ਪਦਾਰਥ = ਏ ਮਨ–ਹੇ ਮਨ!।ਇਕ ਮਨਿ–ਇਕ ਮਨ ਹੋ ਕੇ (ਮਨ ਦੀ ਇਕਾਗ੍ਰਤਾ ਨਾਲ)।ਇਕਿ ਚਿਤਿ–ਇਕ ਚਿਤ ਹੋ ਕੇ।ਭਾਇ–ਪਿਆਰ ਨਾਲ; ਸ਼ਰਧਾ ਭਾਵਨਾ ਨਾਲ।ਦੇਇ–ਦੇ ਕੇ।ਹਉ–ਮੈਂ।ਸਦ–ਸਦਾ।ਕੈ–ਤੋਂ (ਮ.ਕੋ.)।ਬਲਿਹਾਰਣੈ–ਕੁਰਬਾਨ ਜਾਂਦਾ ਹਾਂ।ਜਿਤੁ –ਜਿਸ ਦੀ।ਸੇਵਿਐ–ਸੇਵਾ ਭਗਤੀ ਕੀਤਿਆਂ।ਸਬਦਿ–ਸ਼ਬਦ ਦੁਆਰਾ; ਗੁਰੂ ਦੇ ਸ਼ਬਦ ਵਿਚ ਜੁੜ ਕੇ।ਜਲਾਇ–ਜਲਾ ਕੇ।੧।ਬਖਸ ਕਰੇਇ–ਬਖਸ਼ਿਸ਼ ਕਰਦਾ ਹੈ।ਲਾਇਅਨੁ–ਉਸ ਪ੍ਰਭੂ ਨੇ ਲਾਏ ਹਨ।ਸਾਰ–ਸੰਭਾਲ।ਧਿਆਇਨਿ–ਧਿਆਉਂਦੇ ਹਨ।ਤਿਨ–ਉਨ੍ਹਾਂ ਦਾ। ਨਿਜ ਘਰਿ–ਅਪਣੇ ਅਸਲੀ ਘਰ (ਰੱਬ ਦੀ ਹਜੂਰੀ) ਵਿਚ।ਜੁਗੁ ਜੁਗੁ–ਜੁਗੋ ਜੁਗ (ਸਭ ਜੁਗਾਂ ਵਿਚ)।ਸੋਭਾ–ਵਡਿਆਈ।੨।

ਪਉੜੀ ॥ ਤੂ ਕਰਣ ਕਾਰਣ ਸਮਰਥੁ ਹਹਿ ਕਰਤੇ, ਮੈ ਤੁਝ ਬਿਨੁ ਅਵਰੁ ਨ ਕੋਈ ॥ ਤੁਧੁ ਆਪੇ ਸਿਸਟਿ ਸਿਰਜੀਆ, ਆਪੇ ਫੁਨਿ ਗੋਈ ॥ ਹੇ ਕਰਤਾਰ! ਤੂੰ ਸਾਰੇ ਕਾਰਨਾਂ ਦੇ ਕਰਨ ਦੀ ਸਮਰੱਥਾ ਰਖਦਾ ਹੈਂ, (ਸਭ ਕਾਰਣਾਂ ਦੇ ਕਰਨ ਵਾਲਾ) ਮੈਨੂੰ ਤੇਰੇ ਬਿਨਾ ਹੋਰ ਕੋਈ ਨਹੀਂ ਦਿਸਦਾ।ਤੈਂ ਆਪੇ ਸ੍ਰਿਸਟੀ ਪੈਦਾ ਕੀਤੀ ਹੈ ਅਤੇ ਆਪੇ ਫਿਰ (ਇਸ ਨੂੰ) ਨਾਸ਼ ਕਰੇਗਾ।

ਅੰਗ ੬੫੪ = ਸਭੁ ਇਕੋ ਸਬਦੁ ਵਰਤਦਾ, ਜੋ ਕਰੇ ਸੁ ਹੋਈ ॥ ਵਡਿਆਈ ਗੁਰਮੁਖਿ ਦੇਇ ਪ੍ਰਭੁ ,ਹਰਿ ਪਾਵੈ ਸੋਈ ॥ ਗੁਰਮੁਖਿ ਨਾਨਕ ਆਰਾਧਿਆ, ਸਭਿ ਆਖਹੁ ਧੰਨੁ ਧੰਨੁ ਧੰਨੁ ਗੁਰੁ ਸੋਈ ॥੨੯॥੧॥ ਸਭ ਜਗ੍ਹਾ ਇਕ ਤੇਰਾ ਹੀ ਹੁਕਮ ਵਰਤ ਰਿਹਾ ਹੈ, ਜੋ ਤੂੰ ਕਰਦਾ ਹੈਂ, ਉਹ ਹੀ ਹੁੰਦਾ ਹੈ।ਜਿਸ ਗੁਰਮੁਖ ਨੂੰ ਪ੍ਰਭੂ ਵਡਿਆਈ ਦੇਂਦਾ ਹੈ, ਉਹ ਹਰੀ ਨੂੰ ਪਾ ਲੈਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਅਸੀਂ ਪ੍ਰਭੂ ਨੂੰ) ਗੁਰੂ ਦੁਆਰਾ ਅਰਾਧਿਆ ਹੈ, (ਇਸ ਲਈ ਤੁਸੀਂ) ਸਾਰੇ ਆਖੋ ਉਹ ਗੁਰੂ ਧੰਨ ਹੈ, ਧੰਨ ਹੈ, ਧੰਨ ਹੈ।੨੯। ੧।ਸੁਧੁ {ਸਭਿ ਧੰਨੁ ਕਹਹੁ ਗੁਰੁ ਸਤਿਗੁਰੂ ਗੁਰੁ ਸਤਿਗੁਰੂ ,ਜਿਤੁ ਮਿਲਿ ਹਰਿ ਪੜਦਾ ਕਜਿਆ ੧੩੧੬}।

ਪਦਾਰਥ = ਕਰਣ ਕਾਰਣ–ਸਾਰੇ ਕਾਰਣਾਂ ਦਾ ਕਰਨ ਵਾਲਾ (ਸ੍ਰਿਸਟੀ ਦਾ ਕਾਰਣ ਜੋ ਤੱਤ ਹਨ, ਉਨ੍ਹਾਂ ਕਾਰਣਾਂ ਦਾ ਵੀ ਕਰਤਾ)।ਸਮਰਥੁ –ਯੋਗ; ਸ਼ਕਤੀ ਵਾਲਾ।ਹਹਿ–ਹੈਂ।ਕਰਤੇ–ਹੇ ਕਰਤਾਰ!।ਅਵਰੁ–ਹੋਰ ਦੂਜਾ।ਸਿਸਟਿ–ਸ੍ਰਿਸਟੀ।ਸਿਰਜੀਆ–ਬਣਾਈ ਹੈ।ਫੁਨਿ–ਫਿਰ ।ਗੋਈ–ਨਾਸ਼ ਕਰੇਗਾ।ਸਬਦੁ–ਹੁਕਮ।ਸੁ–ਉਹ।ਸੋਈ–ਉਹ ਹੀ।੨੯।੧।ਸੁਧੁ–ਅਸਲ ਨਾਲ ਮੇਲ ਕੇ ਸੋਧੀ ਹੋਈ ਠੀਕ।

ਰਾਗੁ ਸੋਰਠਿ ਬਾਣੀ ਭਗਤ ਕਬੀਰ ਜੀ ਕੀ ਘਰੁ ੧ ੴ ਸਤਿਗੁਰ ਪ੍ਰਸਾਦਿ ॥

ਬੁਤ ਪੂਜਿ ਪੂਜਿ ਹਿੰਦੂ ਮੂਏ, ਤੁਰਕ ਮੂਏ ਸਿਰੁ ਨਾਈ ॥ ਓਇ ਲੇ ਜਾਰੇ ਓਇ ਲੇ ਗਾਡੇ, ਤੇਰੀ ਗਤਿ ਦੁਹੂ ਨ ਪਾਈ ॥੧॥ ਮਨ ਰੇ ਸੰਸਾਰੁ ਅੰਧ ਗਹੇਰਾ ॥ ਚਹੁ ਦਿਸ ਪਸਰਿਓ ਹੈ ਜਮ ਜੇਵਰਾ ॥੧॥ਰਹਾਉ॥ ਕਬਿਤ ਪੜੇ ਪੜਿ ਕਬਿਤਾ ਮੂਏ, ਕਪੜ ਕੇਦਾਰੈ ਜਾਈ ॥ ਜਟਾ ਧਾਰਿ ਧਾਰਿ ਜੋਗੀ ਮੂਏ, ਤੇਰੀ ਗਤਿ ਇਨਹਿ ਨ ਪਾਈ ॥੨॥ ਦਰਬੁ ਸੰਚਿ ਸੰਚਿ ਰਾਜੇ ਮੂਏ, ਗਡਿ ਲੇ ਕੰਚਨ ਭਾਰੀ ॥ ਬੇਦ ਪੜੇ ਪੜਿ ਪੰਡਿਤ ਮੂਏ, ਰੂਪੁ ਦੇਖਿ ਦੇਖਿ ਨਾਰੀ ॥੩॥ ਰਾਮ ਨਾਮ ਬਿਨੁ ਸਭੈ ਬਿਗੂਤੇ, ਦੇਖਹੁ ਨਿਰਖਿ ਸਰੀਰਾ ॥ ਹਰਿ ਕੇ ਨਾਮ ਬਿਨੁ ਕਿਨਿ ਗਤਿ ਪਾਈ, ਕਹਿ ਉਪਦੇਸੁ ਕਬੀਰਾ ॥੪॥੧॥ (ਹੇ ਭਾਈ!) ਹਿੰਦੂ ਲੋਕ ਬੁੱਤ ਪੂਜ ਪੂਜ ਕੇ (ਨਿਸਫਲ ਹੀ) ਮਰ ਗਏ ਹਨ {ਅੰਧੇ ਗੁੰਗੇ ਅੰਧ ਅੰਧਾਰੁ।ਪਾਥਰ ਲੇ ਪੂਜਹਿ ਮੁਗਧ ਗਵਾਰ ੫੫੬} ਅਤੇ ਮੁਸਲਮਾਨ (ਮਸੀਤਾਂ ਵਿਚ) ਸਿਰ ਨਿਵਾਉਂਦੇ (ਸਿਜਦੇ ਕਰਦੇ) ਮਰ ਗਏ ਹਨ।ਉਹ (ਹਿੰਦੂ ਲੋਕ) ਮੁਰਦੇ ਨੂੰ ਲੈ ਕੇ ਜਲਾ ਦੇਂਦੇ ਹਨ ਅਤੇ ਉਹ (ਮੁਸਲਮਾਨ ਲੋਕ) ਮੁਰਦੇ ਨੂੰ ਲੈ ਕੇ ਧਰਤੀ ਵਿਚ ਗੱਡ ਦਿੰਦੇ ਹਨ, (ਹੇ ਪ੍ਰਭੂ!) ਤੇਰੀ ਸਮਝ ਦੋਹਾਂ (ਹਿੰਦੂਆਂ ਤੇ ਮੁਸਲਮਾਨਾਂ) ਨੇ ਨਹੀਂ ਪਾਈ।੧।ਹੇ (ਮੇਰੇ) ਮਨ! ਸੰਸਾਰ ਅੰਨ੍ਹਾ ਖਾਤਾ ਹੈ।ਚਾਰੇ ਪਾਸੇ ਜਮਾਂ ਦਾ ਜਾਲ ਪਸਰਿਆ ਹੋਇਆ ਹੈ।੧।ਰਹਾਉ।ਕਵੀਸ਼ਰ ਲੋਕ (ਅਪਣੀ ਰਚੀ) ਕਵਿਤਾ ਪੜ੍ਹ ਪੜ੍ਹ ਕੇ ਮਰ ਗਏ ਹਨ ਤੇ ਕਾਪੜੀਏ ਭੇਖ ਵਾਲੇ ਸਾਧੂ ਕੇਦਾਰਨਾਥ ਤੀਰਥ ਤੇ ਜਾ ਕੇ ਅਪਣਾ ਜੀਵਨ ਬਿਅਰਥ ਗਵਾਉਂਦੇ ਹਨ ਤੇ (ਉਥੇ ਹੀ) ਮਰ ਗਏ ਹਨ।ਜੋਗੀ ਜਟਾਂ ਰਖ ਰਖ ਕੇ ਮਰ ਗਏ, ਤੇਰੇ ਸਮਝ ਇਨ੍ਹਾਂ ਨੇ ਵੀ ਨਹੀਂ ਪਾਈ।੨।ਧਨ ਇਕੱਠਾ ਕਰ ਕਰ ਕੇ (ਬੜੇ ਬੜੇ) ਰਾਜੇ ਮਰ ਗਏ, ਜਿਨ੍ਹਾਂ ਨੇ ਸੋਨੇ ਦੇ ਭਾਰ (ਧਰਤੀ ਵਿਚ) ਦਬਾ ਕੇ ਰਖ ਲਏ ਸਨ; ਸੋਨੇ ਦੇ ਕਿਲ੍ਹੇ ਬਣਾ ਲਏ ਸਨ {ਲੰਕਾ ਗੜੁ ਸੋਨੇ ਕਾ ਭਇਆ।ਮੂਰਖੁ ਰਾਵਨੁ ਕਿਆ ਲੇ ਗਇਆ ੧੧੫੮}।ਵਿਦਵਾਨ ਪੰਡਤ ਵੇਦ ਪੜ੍ਹ ਪੜ੍ਹ ਕੇ ਮਰ ਗਏ ਅਤੇ ਇਸਤ੍ਰੀਆਂ ਅਪਣਾ

ਸੁੰਦਰ ਰੂਪ ਦੇਖ ਦੇਖ ਕੇ (ਜੀਵਨ ਨਿਸਫਲ ਗੁਜਾਰ ਕੇ) ਮਰ ਗਈਆਂ (ਇਸਤ੍ਰੀਆਂ ਨੂੰ ਅਪਣੇ ਸੁੰਦਰ ਰੂਪ ਦਾ ਬਹੁਤ ਗੁਮਾਨ ਹੁੰਦਾ ਹੈ); ਮਨੁੱਖ ਇਸਤ੍ਰੀਆਂ ਦਾ ਰੂਪ ਦੇਖ ਦੇਖ ਕੇ ਮਰ ਗਏ ਅਤੇ ਇਸਤ੍ਰੀਆਂ ਮਨੁੱਖਾਂ ਦਾ ਰੂਪ ਦੇਖ ਦੇਖ ਮਰ ਗਈਆਂ।੩।(ਹੇ ਭਾਈ! ਅਪਣੇ) ਸਰੀਰ ਅੰਦਰ ਨਿਰਣਾ ਕਰਕੇ ਦੇਖ ਲਵੋ, ਰਾਮ ਦਾ ਨਾਮ ਜਪਣ ਤੋਂ ਬਿਨਾ ਸਾਰੇ (ਉਪਰੋਕਤ ਲੋਕ) ਖੁਆਰ ਹੋਏ ਹਨ।ਕਬੀਰ ਜੀ ਉਪਦੇਸ਼ ਦੇਂਦੇ ਹੋਏ ਕਹਿੰਦੇ ਹਨ ਕਿ ਹਰੀ ਦੇ ਨਾਮ ਤੋਂ ਬਿਨਾ ਕਿਸ ਨੇ ਮੁਕਤੀ ਪਾਈ ਹੈ? (ਕਿਸੇ ਨੇ ਨਹੀਂ ਪਾਈ)।੪।੧।

ਪਦਾਰਥ = ਬੁਤ-ਪੱਥਰ ਦੀ ਘੜੀ ਹੋਈ ਮੂਰਤੀ।ਮੂਏ-ਮਰ ਗਏ।ਸਿਰ ਨਾਈ-ਸਿਰ ਨਿਵਾ (ਮੱਥੇ ਟੇਕ) ਕੇ।ਓਇ-ਉਹ (ਹਿੰਦੂ)। ਜਾਰੇ-ਸਾੜ ਦੇਂਦੇ ਹਨ।ਓਇ-ਉਹ (ਮੁਸਲਮਾਨ)।ਗਾਡੇ-ਗੱਡ (ਦੱਬ) ਦੇਂਦੇ ਹਨ।ਗਤਿ-ਸਮਝ (ਗਿਆਨ); ਪ੍ਰਾਪਤੀ।ਮਨ ਰੇ-ਹੇ ਮਨ!।ਅੰਧ-ਅੰਨ੍ਹਾ।ਗਹੇਰਾ-ਖਾਤਾ (ਹਨ੍ਹੇਰਾ ਤੇ ਗੁੱਝਾ ਥਾਂ, ਜਿਥੋਂ ਨਿਕਲਨਾ ਕਠਨ ਹੋਵੇ); ਸੰਘਣਾ ਜੰਗਲ (ਮ.ਕੋ.)।ਚਹੁ ਦਿਸਿ-ਚਾਰੇ ਪਾਸੇ।ਜਮ ਜੇਵਰਾ-ਜਮਾਂ ਦਾ ਫਾਹਾ (ਜਾਲ)।੧।ਰਹਾਉ।ਕਬਿਤ-ਕਵੀਸ਼ਰ।ਕਬਿਤਾ-ਕਵਿਤਾ; ਕਬਿੱਤ ਛੰਦ।ਕਾਪੜੀ-ਲੀਰਾਂ ਦੀ ਬਣੀ ਗੋਦੜੀ ਪਹਿਨਣ ਵਾਲੇ ਸ਼ਿਵ ਭਗਤ।ਕੇਦਾਰੈ-ਕੇਦਾਰਨਾਥ ਤੀਰਥ ਤੇ।ਜਾਈ-ਜਾ ਕੇ।ਜਟਾ-ਸਿਰ ਦੇ ਉਲਝੇ ਰੱਸੀ ਦੀ ਸ਼ਕਲ ਦੇ ਵਾਲ।ਧਾਰਿ ਧਾਰਿ-ਰੱਖ ਰੱਖ ਕੇ।ਇਨਹਿ-ਇਨ੍ਹਾਂ ਨੇ ਵੀ।੨।ਦਰਬੁ-ਧਨ ਦੌਲਤ।ਸੰਚਿ ਸੰਚਿ-ਇਕੱਠਾ ਕਰ ਕਰ ਕੇ।ਗਡਿ ਲੇ-ਗੱਡ (ਦੱਬ) ਕੇ ਰੱਖ ਲਏ; ਕਿਲ੍ਹੇ ਬਣਾ ਲਏ।ਕੰਚਨ-ਸੋਨੇ ਦੇ।ਭਾਰੀ-ਭਾਰ (ਢੇਰ; ਖਜਾਨੇ)।ਨਾਰੀ-ਇਸਤ੍ਰੀਆਂ।੩।ਬਿਗੂਤੇ-ਖੁਆਰ ਹੋਏ।ਨਿਰਖਿ-ਨਿਰਣਾਂ ਕਰਕੇ।ਸਰੀਰਾ-ਸਰੀਰ ਦੇ ਅੰਦਰ।ਕਿਨਿ-ਕਿਸ ਨੇ।ਗਤਿ-ਮੁਕਤੀ।੪।੧।

ਜਬ ਜਰੀਐ ਤਬ ਹੋਇ ਭਸਮ ਤਨੁ ,ਰਹੈ ਕਿਰਮ ਦਲ ਖਾਈ ॥ ਕਾਚੀ ਗਾਗਰਿ ਨੀਰੁ ਪਰਤੁ ਹੈ, ਇਆ ਤਨ ਕੀ ਇਹੈ ਬਡਾਈ ॥੧॥ ਕਾਹੇ ਭਈਆ ਫਿਰਤੌ ਫੂਲਿਆ ਫੂਲਿਆ ॥ ਜਬ ਦਸ ਮਾਸ ਉਰਧ ਮੁਖ ਰਹਤਾ, ਸੋ ਦਿਨੁ ਕੈਸੇ ਭੂਲਿਆ ॥੧॥ਰਹਾਉ॥ ਜਿਉ ਮਧੁ ਮਾਖੀ ਤਿਉ ਸਠੋਰਿ ਰਸੁ ,ਜੋਰਿ ਜੋਰਿ ਧਨੁ ਕੀਆ ॥ ਮਰਤੀ ਬਾਰ ਲੇਹੁ ਲੇਹੁ ਕਰੀਐ, ਭੂਤੁ ਰਹਨ ਕਿਉ ਦੀਆ ॥੨॥ ਦੇਹੁਰੀ ਲਉ ਬਰੀ ਨਾਰਿ ਸੰਗ ਭਈ, ਆਗੈ ਸਜਨ ਸੁਹੇਲਾ ॥ ਮਰਘਟ ਲਉ ਸਭੁ ਲੋਗੁ ਕੁਟੰਬੁ ਭਇਓ, ਆਗੈ ਹੰਸੁ ਅਕੇਲਾ ॥੩॥ ਕਹਤੁ ਕਬੀਰ ਸੁਨਹੁ ਰੇ ਪ੍ਰਾਨੀ, ਪਰੇ ਕਾਲ ਗ੍ਰਸ ਕੂਆ ॥ ਝੂਠੀ ਮਾਇਆ ਆਪੁ ਬੰਧਾਇਆ, ਜਿਉ ਨਲਿਨੀ ਭ੍ਰਮਿ ਸੂਆ ॥੪॥੨॥ (ਹੇ ਭਾਈ! ਮਰਨ ਪਿੱਛੋਂ ਇਹ) ਸਰੀਰ ਜਦੋਂ ਜਲਾ ਦੇਈਦਾ ਹੈ, ਤਦ ਉਹ ਸੁਆਹ ਹੋ ਜਾਂਦਾ ਹੈ, (ਪਰ ਜੇ ਸਰੀਰ ਕਬਰ ਵਿਚ ਪਿਆ) ਰਹੇ ਤਾਂ ਕੀੜਿਆਂ ਦਾ ਦਲ (ਇਸ ਨੂੰ) ਖਾ ਜਾਂਦਾ ਹੈ।ਜਿਵੇਂ ਕੱਚੇ ਘੜੇ ਵਿਚ ਪਾਣੀ ਪੈਂਦਾ ਹੈ, (ਇਸੇ ਤਰ੍ਹਾਂ) ਇਸ ਸਰੀਰ ਦੀ ਵੀ ਇਹੋ ਵਡਿਆਈ ਹੈ (ਜਿਵੇਂ ਕੱਚੇ ਘੜੇ ਵਿਚ ਪਾਣੀ ਪੈਣ ਨਾਲ ਘੜਾ ਖੁਰ ਜਾਂਦਾ ਹੈ, ਉਹ ਘੜਾ ਹੋਣ ਦੀ ਵਡਿਆਈ ਨਹੀਂ ਰਹਿੰਦੀ, ਇਹੋ ਹਾਲ ਸਰੀਰ ਦਾ ਹੈ, ਇਸ ਦੇ ਨਾਸ ਹੋਣ ਵਿਚ ਵੀ ਦੇਰ ਨਹੀਂ ਲਗਦੀ)।੧।ਹੇ ਭਾਈ! ਕਿਸ ਵਾਸਤੇ ਫੁੱਲਿਆ ਫੁੱਲਿਆ (ਹੰਕਾਰ ਵਿਚ ਆਕੜਿਆ) ਫਿਰਦਾ ਹੈਂ।ਉਹ ਦਿਨ (ਤੈਨੂੰ) ਕਿਵੇਂ ਭੁਲ ਗਿਆ? ਜਦ (ਤੂੰ ਮਾਂ ਦੇ ਗਰਭ ਵਿਚ) ਦਸ ਮਹੀਨੇ ਮੂਧੇ ਮੂੰਹ ਰਹਿੰਦਾ ਸੀ। ੧।ਰਹਾਉ।ਜਿਵੇਂ ਮੱਖੀ (ਫੁੱਲਾਂ ਦਾ) ਰਸ ਜੋੜ ਜੋੜ ਕੇ ਸ਼ਹਿਦ ਇੱਕਠਾ ਕਰਦੀ ਹੈ (ਪਰ ਲੈ ਜਾਂਦਾ ਹੈ ਕੋਈ ਹੋਰ), ਤਿਵੇਂ ਮੂਰਖ ਮਨੁੱਖ ਨੇ (ਬੜੇ ਜਤਨਾਂ ਨਾਲ) ਜੋੜ ਜੋੜ ਕੇ ਧਨ ਇੱਕਠਾ ਕਰ ਲਿਆ ਹੈ (ਪਰ ਅਖੀਰ ਧਨ ਬਿਗਾਨਾ ਹੋ ਗਿਆ)।ਮਰਨ ਸਮੇਂ (ਉਲਾਦ ਕਹਿੰਦੀ ਹੈ ਕਿ ਇਸ ਦਾ ਜੋੜਿਆ ਧਨ ਹੁਣੇ) ਵੰਡ ਲਵੋ ਵੰਡ ਲਵੋ (ਤਾਂ ਕਿ ਪਿਛੋਂ ਝਗੜਾ ਨ ਹੋਵੇ) ਜਾਂ ਪੁੱਛ ਲਵੋ (ਕਿ ਧਨ ਕਿਥੇ ਰੱਖਿਆ ਹੈ?); ਮਰਨ ਵੇਲੇ ਲੋਕ ਕਹਿੰਦੇ ਹਨ ਕਿ ਲੈ ਜਾਓ, ਲੈ ਜਾਓ, ਇਸ ਭੂਤ ਨੂੰ (ਅਜੇ ਤੱਕ) ਕਿਉਂ ਰਹਿਣ ਦਿਤਾ ਹੈ? (ਰਾਤ ਆ ਰਹੀ ਹੈ)।੨।(ਘਰ ਦੀ ਬਾਹਰਲੀ) ਦੇਹਲੀ ਤਕ ਵਿਆਹੀ ਹੋਈ ਇਸਤ੍ਰੀ ਨਾਲ ਜਾਂਦੀ ਹੁੰਦੀ ਹੈ ਅਤੇ ਅੱਗੇ ਮਿਤ੍ਰ ਮੇਲੀ ਨਾਲ ਜਾਂਦੇ ਹਨ।ਮਸਾਣਾਂ ਤਕ ਸਭ ਲੋਕ ਤੇ ਪ੍ਰਵਾਰ ਆਦਿਕ ਨਾਲ ਗਏ ਹੁੰਦੇ ਹਨ, ਪਰ ਅੱਗੇ (ਪ੍ਰਲੋਕ ਵਿਚ) ਜੀਵਾਤਮਾ ਇਕੱਲਾ ਹੀ ਜਾਂਦਾ ਹੈ।੩।ਕਬੀਰ ਜੀ ਕਹਿੰਦੇ ਹਨ ਕਿ ਹੇ ਪ੍ਰਾਣੀਓ! ਸੁਣੋ, ਤੁਸੀਂ ਮੌਤ ਦੇ ਗ੍ਰਸੇ ਹੋਏ (ਮੋਹ ਰੂਪ) ਖੂਹ ਵਿਚ ਪਏ ਹੋ।(ਤੁਸੀਂ) ਅਪਣੇ ਆਪ ਨੂੰ ਝੂਠੀ ਮਾਇਆ ਨਾਲ ਬੰਨ੍ਹਾ ਲਿਆ ਹੈ, ਜਿਵੇਂ ਭਰਮ ਦੇ ਕਾਰਣ ਨਲਿਨੀ ਨਾਲ ਤੋਤਾ ਬੰਨ੍ਹਿਆ ਜਾਂਦਾ ਹੈ।੪।੨।

ਪਦਾਰਥ = ਜਬ-ਜਦੋਂ।ਜਰੀਐ-ਜਲਾ ਦੇਈਦਾ ਹੈ।ਤਬ-ਤਦ।ਭਸਮ-ਸੁਆਹ।ਤਨੁ-ਸਰੀਰ।ਕਿਰਮ ਦਲ-ਕੀੜਿਆਂ ਦਾ ਝੁੰਡ। ਖਾਈ-ਖਾ ਜਾਂਦਾ ਹੈ।ਗਾਗਰਿ-ਘੜੇ ਵਿਚ।ਨੀਰੁ-ਪਾਣੀ।ਪਰਤੁ ਹੈ-ਪੈਂਦਾ ਹੈ।ਇਆ-ਇਸ।ਇਹੈ-ਇਹੋ ਹੀ।ਬਡਾਈ-ਵਡਿਆਈ; ਮਹੱਤਤਾ; ਮਾਣ।੧।ਕਾਹੇ-ਕਿਉਂ; ਕਿਸ ਵਾਸਤੇ।ਭਈਆ-ਹੇ ਭਾਈ!।ਫਿਰਤੌ-ਫਿਰਦਾ ਹੈਂ।ਫੂਲਿਆ-ਹੰਕਾਰ ਵਿਚ ਆਕੜਿਆ। ਮਾਸ-ਮਹੀਨੇ।ਉਰਧ ਮੁਖ-ਮੂਧੇ ਮੂੰਹ।ਸੋ-ਉਹ।੧।ਰਹਾਉ।ਮਧੁ-ਸ਼ਹਿਦ।ਮਾਖੀ-ਮੱਖੀ।ਸਠੋਰਿ-(ਸਠ-ਮੂਰਖ।ਉਰ-ਦਿਲ) ਮੂਰਖ ਦਿਲ ਵਾਲੇ ਨੇ।ਮਰਤੀ ਬਾਰ-ਮਰਨ ਵੇਲੇ।ਲੇਹੁ ਲੇਹੁ-ਲੈ ਚੱਲੋ, ਲੈ ਚੱਲੋ।ਭੂਤੁ-ਮੁਰਦਾ ਦੇਹ।੨।ਦੇਹੁਰੀ ਲਉ-ਦੇਹਲੀ ਤਕ।ਬਰੀ ਨਾਰਿ-ਵਿਆਹੀ ਹੋਈ ਇਸਤ੍ਰੀ।ਸੰਗ-ਨਾਲ।ਭਈ-ਹੋਈ (ਗਈ) ਹੈ।ਆਗੈ-ਅੱਗੇ ਪ੍ਰਲੋਕ ਵਿਚ।ਸਜਨ-ਮਿਤ੍ਰ।ਸੁਹੇਲਾ-ਮਿਤਰ; ਸ਼ੁੱਭ

ਚਿੰਤਕ।ਮਰਘਟ–ਮੜ੍ਹੀਆਂ।ਕੁਟੰਬੁ–ਪ੍ਰਵਾਰ।ਭਇਓ–ਹੋਏ (ਜਾਂਦੇ) ਹਨ।ਹੰਸੁ–ਜੀਵਾਤਮਾ।੩।ਰੇ ਪ੍ਰਾਨੀ–ਹੇ ਪ੍ਰਾਣੀਓ!।ਪਰੇ–ਪਏ ਹੋ।ਕਾਲ–ਮੌਤ।ਗ੍ਰਸ–ਫੜੇ ਹੋਏ।ਕੂਆ–ਖੂਹ।ਆਪੁ–ਅਪਣੇ ਆਪ ਨੂੰ।ਭ੍ਰਮਿ–ਭਰਮ ਦੇ ਕਾਰਣ।ਸੂਆ–ਤੋਤਾ।੪।੨।

ਨਲਿਨੀ = ਤੋਤੇ ਨੂੰ ਫੜਨ ਦਾ ਇਕ ਜੰਤ੍ਰ।ਦੋ ਲਕੜੀਆਂ ਵਿਚ ਨੜਾ ਜਾਂ ਬਾਂਸ ਦੀ ਪੋਰੀ ਇਉਂ ਲਾਈ ਜਾਂਦੀ ਹੈ, ਜੋ ਘੁੰਮ ਜਾਵੇ।ਇਸ ਦੇ ਉਪਰ ਕੁਝ ਖਾਣ ਵਾਸਤੇ ਰੱਖਿਆ ਜਾਂਦਾ ਹੈ, ਜਦ ਖਾਣ ਵਾਸਤੇ ਤੋਤਾ ਨੜੇ ਤੇ ਆ ਕੇ ਬੈਠਦਾ ਹੈ ਤਾ ਨੜਾ ਘੁੰਮ ਕੇ ਪੁੱਠਾ ਹੁੰਦਾ ਹੈ।ਹੇਠਾਂ ਪਾਣੀ ਤੋਂ ਡਰਦਾ ਉਪਰੋਂ ਪੰਜੇ ਨਾਲ ਨੜੇ ਨੂੰ ਤੋਤਾ ਘੁੱਟ ਕੇ ਫੜੀ ਰਖਦਾ ਹੈ, ਇਉਂ ਉਹ ਫੜਿਆ ਜਾਂਦਾ ਹੈ।

ਬੇਦ ਪੁਰਾਨ ਸਭੈ ਮਤ ਸੁਨਿ ਕੈ, ਕਰੀ ਕਰਮ ਕੀ ਆਸਾ ॥ ਕਾਲ ਗ੍ਰਸਤ ਸਭ ਲੋਗ ਸਿਆਨੇ, ਉਠਿ ਪੰਡਿਤ ਪੈ ਚਲੇ ਨਿਰਾਸਾ ॥੧॥ ਮਨ ਰੇ ਸਰਿਓ ਨ ਏਕੈ ਕਾਜਾ ॥ ਭਜਿਓ ਨ ਰਘੁਪਤਿ ਰਾਜਾ ॥੧॥ਰਹਾਉ॥ ਬਨ ਖੰਡ ਜਾਇ ਜੋਗੁ ਤਪੁ ਕੀਨੋ, ਕੰਦ ਮੂਲੁ ਚੁਨਿ ਖਾਇਆ ॥ ਨਾਦੀ ਬੇਦੀ ਸਬਦੀ ਮੋਨੀ, ਜਮ ਕੇ ਪਟੈ ਲਿਖਾਇਆ ॥੨॥ ਭਗਤਿ ਨਾਰਦੀ ਰਿਦੈ ਨ ਆਈ, ਕਾਛਿ ਕੂਛਿ ਤਨੁ ਦੀਨਾ ॥ ਰਾਗ ਰਾਗਨੀ ਡਿੰਭ ਹੋਇ ਬੈਠਾ, ਉਨਿ ਹਰਿ ਪਹਿ ਕਿਆ ਲੀਨਾ ॥੩॥ ਪਰਿਓ ਕਾਲੁ ਸਭੈ ਜਗ ਊਪਰ, ਮਾਹਿ ਲਿਖੇ ਭ੍ਰਮ ਗਿਆਨੀ ॥ ਕਹੁ ਕਬੀਰ ਜਨ ਖਾਲਸੇ, ਪ੍ਰੇਮ ਭਗਤਿ ਜਿਹ ਜਾਨੀ ॥੪॥੩॥ (ਜਿਨ੍ਹਾਂ ਲੋਕਾਂ ਨੇ ਪੰਡਤਾਂ ਕੋਲੋਂ) ਬੇਦਾਂ ਪੁਰਾਣਾਂ ਦੇ ਸਾਰੇ ਉਪਦੇਸ਼ ਸੁਣ ਕੇ (ਧਾਰਮਕ) ਕਰਮ ਕਰਨ ਦੀ ਆਸ ਕੀਤੀ ਹੈ।ਉਹ ਸਾਰੇ ਸਿਆਣੇ (ਕਰਮ ਕਾਂਡੀ) ਲੋਕ ਕਾਲ ਦੇ ਗ੍ਰਸੇ ਹੋਏ (ਸੰਸਾਰ ਤੋਂ ਚਲੇ ਗਏ ਹਨ, ਕਰਮ ਕਾਂਡ ਦੱਸਣ ਵਾਲੇ) ਪੰਡਤ ਭੀ ਨਿਰਾਸ (ਆਸ ਪੂਰੀ ਹੋਣ ਤੋਂ ਬਿਨਾ) ਹੀ ਉਠ ਚਲੇ ਗਏ।੧।ਹੇ ਮਨ! ਇਕ ਕੰਮ ਵੀ (ਮੁਕਤ ਹੋਣ ਦਾ ਤੈਥੋਂ) ਪੂਰਾ ਨਹੀਂ ਹੋਇਆ।ਤੈਂ ਪ੍ਰਕਾਸ਼ ਸਰੂਪ ਪ੍ਰਮਾਤਮਾ ਦਾ ਭਜਨ ਨਹੀਂ ਕੀਤਾ।੧।ਰਹਾਉ।(ਜਿਨ੍ਹਾਂ ਸਾਧੂਆਂ ਨੇ) ਜੰਗਲਾਂ ਦੇ ਸਥਾਨਾਂ ਤੇ ਜਾ ਕੇ ਜੋਗ ਸਾਧਨਾ ਕੀਤੀ, ਤਪ ਕੀਤੇ ਅਤੇ (ਭੋਜਨ ਦਾ ਤਿਆਗ ਕਰਕੇ ਬ੍ਰਿਛਾਂ ਦੇ) ਫਲ ਤੇ ਗਾਜਰ ਮੂਲੀ ਆਦਿ ਚੁਣ ਕੇ ਖਾਧੇ ਹਨ।ਜੋਗੀ, ਬੇਦ ਪਾਠੀ, ਅਲੱਖ ਅਲੱਖ ਬੋਲਣ ਵਾਲੇ ਸਾਧੂ ਅਤੇ ਮੋਨਧਾਰੀ ਸਾਧੂ (ਇਨ੍ਹਾਂ ਸਭਨਾਂ ਨੇ ਅਪਣੇ ਆਪ ਨੂੰ) ਜਮਾਂ ਦੇ ਪਟੇ ਵਿਚ ਲਿਖਾ ਲਿਆ ਹੈ (ਜਮ ਦੇ ਵਸ ਵਿਚ ਪੈ ਗਏ ਹਨ)।੨।ਨਾਰਦ ਰਿਖੀ ਵਾਲੀ ਪ੍ਰੇਮਾ ਭਗਤੀ (ਜਿਸ ਮਨੁੱਖ ਦੇ) ਹਿਰਦੇ ਵਿਚ ਨਹੀਂ ਆਈ, (ਉਸ ਨੇ ਐਵੇਂ) ਸਰੀਰ ਨੂੰ ਖਾਣ ਪੀਣ ਜਾਂ ਪਾਲਣ ਪੋਸਣ ਵਿਚ ਲਗਾ ਦਿਤਾ ਹੈ (ਸੰ.ਸ. ;ਫ.ਸ.) ਅਤੇ ਸਰੀਰ ਨੂੰ ਚਿੰਨਾਂ ਨਾਲ ਬਣਾ ਸਵਾਰ ਕੇ ਜਮਾਂ ਦੇ ਹਵਾਲੇ ਕਰ ਦਿਤਾ ਹੈ (ਸ਼ਬਦਾਰਥ; ਸੰ.ਸ.; ਫ.ਸ.; ਟਕਸਾਲ)।ਰਾਗ ਰਾਗਣੀਆਂ ਗਾ ਕੇ (ਜੋ ਮਨੁੱਖ) ਪਖੰਡ ਖਿਲਾਰ ਕੇ ਬੈਠ ਗਿਆ ਹੈ, ਉਸ ਨੇ ਹਰੀ ਪਾਸੋਂ ਕੀ ਲਿਆ ਹੈ? (ਹਰੀ ਦੀ ਕ੍ਰਿਪਾ ਦਾ ਪਾਤ੍ਰ ਨਹੀਂ ਬਣ ਸਕਿਆ)।੩।ਸਾਰੇ ਜਗਤ ਦੇ ਉਪਰ ਕਾਲ (ਦਾ ਸਾਇਆ) ਪਿਆ ਹੈ, (ਜਮ ਦੇ ਉਸੇ ਪਟੇ) ਵਿਚ ਭਰਮ ਦੇ ਗਿਆਨੀ ਵੀ ਲਿਖੇ ਗਏ ਹਨ।ਕਬੀਰ ਜੀ ਆਖਦੇ ਹਨ ਕਿ ਉਹ ਪੁਰਖ (ਕਰਮ ਕਾਂਡ ਤੋਂ) ਮੁਕਤ ਹੋਏ ਹਨ; ਉਹ ਖਾਲਸੇ (ਰੱਬ ਰੂਪ) ਹੋ ਗਏ ਹਨ, ਜਿਨ੍ਹਾਂ ਨੇ ਪ੍ਰੇਮਾ ਭਗਤੀ ਜਾਣ ਲਈ ਹੈ।੪।੩।ਕਰਤਾਰ ਪੁਰ ਵਾਲੀ ਬੀੜ ਵਿਚ ਵੀ ਪਾਠ ਖਾਲਸੇ ਹੈ (ਸ਼ਬਦਾਰਥ)।

ਪਦਾਰਥ = ਸਭੈ ਮਤ–ਸਾਰੇ ਉਪਦੇਸ਼।ਕਰੀ–ਕੀਤੀ।ਕਰਮ ਕੀ–ਧਾਰਮਕ ਕਰਮ ਦੀ।ਕਾਲ ਗ੍ਰਸਤ–ਮੌਤ ਦੇ ਗ੍ਰਸੇ (ਫੜੇ) ਹੋਏ।ਪੈ–ਭੀ।ਨਿਰਾਸਾ–ਆਸ ਪੂਰੀ ਹੋਈ ਬਿਨਾ ਹੀ।੧।ਮਨ ਰੇ–ਹੇ ਮਨ!।ਸਰਿਓ ਨ–ਪੂਰਾ ਨਹੀਂ ਹੋਇਆ।ਏਕੈ ਕਾਜਾ–ਇਕ ਕੰਮ ਵੀ। ਭਜਿਓ ਨ–ਭਜਨ ਨਹੀਂ ਕੀਤਾ।ਰਘੁਪਤਿ ਰਾਜਾ–ਪ੍ਰਕਾਸ਼ ਸਰੂਪ ਪ੍ਰਮਾਤਮਾ।੧।ਰਹਾਉ।ਬਨ ਖੰਡ–ਜੰਗਲ ਦੇ ਹਿੱਸੇ ਵਿਚ।ਜਾਇ–ਜਾ ਕੇ।ਕੀਨੋ–ਕੀਤਾ।ਕੰਦ–ਫਲ।ਮੂਲੁ–ਜੜ੍ਹ (ਗਾਜਰ ਮੂਲੀ ਆਦਿ); ਮੋਟੀ ਜੜ੍ਹ ਵਾਲਾ ੪–੫ ਫੁੱਟ ਉਚਾ ਬੂਟਾ, ਜਿਸ ਦੀ ਜੜ੍ਹ ਸਾਧੂ ਲੋਕ ਖਾਂਦੇ ਹਨ (ਮ.ਕੋ.)।ਚੁਨਿ–ਚੁਣ ਕੇ।ਨਾਦੀ–ਨਾਦ (ਨਰਸਿੰਘਾ ਆਦਿ) ਵਜਾਉਣ ਵਾਲੇ ਜੋਗੀ।ਬੇਦੀ–ਬੇਦ ਪਾਠੀ (ਕਰਮ ਕਾਂਡੀ ਬ੍ਰਹਮਣ)।ਸਬਦੀ–ਇਕ ਸ਼ਬਦੀ ਜੋਗੀਆਂ ਦਾ ਇਕ ਫਿਰਕਾ (ਜੋ ਅਲੱਖ ਅਲੱਖ ਬੋਲ ਕੇ ਭਿਖਿਆ ਮੰਗਦੇ ਫਿਰਦੇ ਹਨ)।ਮੋਨੀ–ਮੋਨ ਧਾਰੀ ਸਾਧੂ।ਪਟੈ–ਰਜਿਸਟਰ (ਵਹੀ; ਖਾਤੇ) ਵਿਚ।੨।ਭਗਤਿ ਨਾਰਦੀ–ਨਾਰਦ ਰਿਖੀ ਦੀ ਦੱਸੀ ਪ੍ਰੇਮਾ ਭਗਤੀ।ਰਿਦੈ–ਹਿਰਦੇ ਵਿਚ। ਕਾਛਿ ਕੂਛ–(ਧਾਰਮਕ ਚਿੰਨ੍ਹਾਂ ਨਾਲ ਸਰੀਰ ਨੂੰ) ਬਣਾ ਸਵਾਰ ਕੇ; ਪਾਲ ਪੋਸ ਕੇ; ਖਾਣ ਪੀਣ ਵਿਚ।ਦੀਨਾ–ਕਰ ਦਿਤਾ।ਡਿੰਭ–ਦੰਭ; ਦਿਖਾਵਾ; ਪਖੰਡ।ਉਨਿ–ਉਸ ਨੇ।ਹਰਿ ਪਹਿ–ਹਰੀ ਪਾਸੋਂ।ਲੀਨਾ–ਲੈ ਲਿਆ।੩।ਪਰਿਓ–ਪਿਆ ਹੈ।ਜਗ–ਜਗਤ।ਮਾਹਿ ਲਿਖੇ–(ਜਮਾਂ ਦੇ ਉਸ ਪਟੇ) ਵਿਚ ਲਿਖੇ ਗਏ ਹਨ।ਭ੍ਰਮ ਗਿਆਨੀ–ਭਰਮ ਦੇ ਗਿਆਨੀ (ਗਿਆਨ ਹੀਣ ਹੋਣ ਤੇ ਜਿਸ ਨੂੰ ਗਿਆਨੀ ਹੋਣ ਦਾ ਭਰਮ ਹੈ)।ਜਨ–ਪੁਰਖ।ਖਾਲਸੇ–ਮੁਕਤ; ਸ਼ੁੱਧ (ਰੱਬ ਰੂਪ)।ਭਏ–ਹੋ ਗਏ।ਜਿਹ ਜਾਨੀ–ਜਿਨ੍ਹਾਂ ਨੇ ਜਾਣ ਲਈ ਹੈ।੪।੩।

ਅੰਗ ੬੫੫ = ਘਰੁ ੨ ॥ ਦੁਇ ਦੁਇ ਲੋਚਨ ਪੇਖਾ ॥ ਹਉ ਹਰਿ ਬਿਨੁ ਅਉਰੁ ਨ ਦੇਖਾ ॥ ਨੈਨ ਰਹੇ ਰੰਗੁ ਲਾਈ ॥ ਅਬ ਬੇ ਗਲ ਕਹਨੁ ਨ ਜਾਈ ॥੧॥ ਹਮਰਾ ਭਰਮੁ ਗਇਆ ਭਉ ਭਾਗਾ ॥ ਜਬ ਰਾਮ ਨਾਮ ਚਿਤੁ ਲਾਗਾ ॥੧॥ਰਹਾਉ॥ ਬਾਜੀਗਰ ਡੰਕ ਬਜਾਈ ॥ ਸਭ ਖਲਕ ਤਮਾਸੇ ਆਈ ॥ ਬਾਜੀਗਰ ਸ੍ਵਾਂਗੁ ਸਕੇਲਾ ॥ ਅਪਨੇ ਰੰਗ ਰਵੈ ਅਕੇਲਾ ॥੨॥ ਕਥਨੀ ਕਹਿ ਭਰਮੁ ਨ ਜਾਈ ॥ ਸਭ

ਕਥਿ ਕਥਿ ਰਹੀ ਲੁਕਾਈ ॥ ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੇ ਹਿਰਦੈ ਰਹਿਆ ਸਮਾਈ ॥੩॥ ਗੁਰ ਕਿੰਚਤ ਕਿਰਪਾ ਕੀਨੀ ॥ ਸਭੁ ਤਨੁ ਮਨੁ ਦੇਹ ਹਰਿ ਲੀਨੀ ॥ ਕਹਿ ਕਬੀਰ ਰੰਗਿ ਰਾਤਾ ॥ ਮਿਲਿਓ ਜਗਜੀਵਨ ਦਾਤਾ ॥੪॥੪॥ ਮੈਂ ਦੋਹਾਂ ਅੱਖਾਂ (ਪੂਰੇ ਗਹੁ) ਨਾਲ ਦੇਖਦਾ ਹਾਂ। ਮੈਂ ਹਰੀ ਤੋਂ ਬਿਨਾ ਹੋਰ ਕਿਸੇ ਨੂੰ ਨਹੀਂ ਦੇਖਿਆ (ਸਭ ਪਾਰਬ੍ਰਹਮ ਰੂਪ ਦਿਸਦਾ ਹੈ। ਹਰੀ ਨਾਲ ਮੇਰੀਆਂ) ਅੱਖਾਂ ਪ੍ਰੇਮ ਲਾ ਰਹੀਆਂ ਹਨ। (ਇਸ ਲਈ) ਹੁਣ ਦੂਜੀ ਗਲ ਕਹੀ ਨਹੀਂ ਜਾਂਦੀ।੧। ਜਦ ਰਾਮ ਦੇ ਨਾਮ ਵਿਚ ਮੇਰਾ ਚਿਤ ਲਗ ਗਿਆ। ਤਾਂ ਮੇਰਾ ਭਰਮ ਦੂਰ ਹੋ ਗਿਆ, (ਫਿਰ ਸਭ ਤਰ੍ਹਾਂ ਦਾ) ਡਰ ਵੀ ਦੌੜ ਗਿਆ ਹੈ।੧। ਰਹਾਉ। ਜਦ ਖੇਡ ਪਾਉਣ ਵਾਲੇ ਪ੍ਰਭੂ ਨੇ ਡੁਗਡੁਗੀ ਵਜਾਈ (ਜਦ ਕਰਤਾਰ ਨੇ ਸ੍ਰਿਸਟੀ ਦੀ ਖੇਡ ਰਚਾਈ। ਤਦ) ਸਾਰੀ ਦੁਨੀਆਂ ਤਮਾਸ਼ਾ ਦੇਖਣ (ਸ੍ਰਿਸਟੀ ਹੋਂਦ ਵਿਚ) ਆ ਗਈ। (ਜਦ) ਬਾਜੀਗਰ (ਸੰਸਾਰ ਰੂਪ) ਤਮਾਸ਼ਾ ਸਮੇਟਦਾ ਹੈ। ਫਿਰ ਉਹ ਇਕੱਲਾ ਹੀ ਅਪਣਾ ਅਨੰਦ ਮਾਣਦਾ ਹੈ (ਨਿਰਗੁਣ ਸਰੂਪ ਵਿਚ ਰਹਿੰਦਾ ਹੈ)।੨। (ਨਿਰੀਆਂ ਗਿਆਨ ਦੀਆਂ) ਗੱਲਾਂ ਕਹਿਣ ਨਾਲ (ਮਨ ਦਾ) ਭਰਮ ਨਹੀਂ ਜਾਂਦਾ। ਸਾਰੀ ਦੁਨੀਆਂ (ਗਿਆਨ ਦੀਆਂ) ਗੱਲਾਂ ਕਰ ਕਰ ਕੇ ਰਹਿ (ਥੱਕ) ਗਈ ਹੈ। ਜਿਸ ਮਨੁੱਖ ਨੂੰ ਪ੍ਰਭੂ ਨੇ ਆਪ (ਕ੍ਰਿਪਾ ਕਰਕੇ) ਗੁਰੂ ਰਾਹੀਂ ਸਮਝ ਬਖਸ਼ੀ ਹੈ। ਉਸ ਦੇ ਹਿਰਦੇ ਵਿਚ ਹਰੀ ਸਮਾ ਰਿਹਾ ਹੈ।੩। (ਮੇਰੇ ਉਤੇ ਜਦ) ਗੁਰੂ ਨੇ ਥੋੜੀ ਜਿਹੀ ਵੀ ਕ੍ਰਿਪਾ ਕੀਤੀ ਹੈ। (ਮੇਰਾ) ਸੂਖਮ ਸਰੀਰ, ਮਨ ਤੇ ਸਥੂਲ ਸਰੀਰ ਸਭ ਹਰੀ ਵਿਚ ਲੀਨ ਹੋ ਗਿਆ ਹੈ; ਤਨ ਮਨ ਤੇ ਦੇਹ ਸਭ ਹਰੀ ਨੇ ਲੈ ਲਿਆ (ਹਰੀ ਰੂਪ ਹੋ ਗਿਆ ਹਾਂ)। ਕਬੀਰ ਜੀ ਕਹਿੰਦੇ ਹਨ ਕਿ (ਜਦ ਮੇਰਾ ਮਨ) ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗਿਆ ਗਿਆ। (ਤਦ ਮੈਨੂੰ) ਜਗਤ ਦਾ ਜੀਵਨ ਦਾਤਾ ਮਿਲ ਪਿਆ।੪।੪।

ਦੂਜੇ ਅਰਥ = ੧. ਜੀਵਾਂ ਨੇ ਤਾਂ ਇਸ ਦ੍ਵੈਤ ਰੂਪ ਜਗਤ ਨੂੰ ਦੋਹਾਂ ਅੱਖਾਂ ਨਾਲ ਸਤ ਰੂਪ ਦੇਖਿਆ ਹੈ (ਫ.ਸ.)।

੨. ਵੈਰਾਗ ਤੇ ਗਿਆਨ ਰੂਪ, ਜਾਂ ਮਨ ਤੇ ਬੁੱਧੀ ਰੂਪ ਅੱਖਾਂ ਨਾਲ ਮੈਂ ਹਰੀ ਨੂੰ ਦੇਖਦਾ ਹਾਂ (ਸੰ.ਸ.)।

ਪਦਾਰਥ = ਦੁਇ ਦੁਇ–ਦੋਵੇਂ। ਲੋਚਨ–ਅੱਖਾਂ। ਪੇਖਾ–ਦੇਖਦਾ ਹਾਂ। ਹਉ–ਮੈਂ। ਅਉਰੁ–ਹੋਰ (ਕਿਸੇ ਨੂੰ)। ਨੈਨ–ਅੱਖਾਂ। ਰੰਗੁ–ਪ੍ਰੇਮ। ਰਹੇ ਲਾਈ–ਲਾ ਰਹੇ ਹਨ। ਅਬ–ਹੁਣ। ਬੇਗਲ–ਦੂਜੀ ਗੱਲ।੧। ਹਮਰਾ–ਮੇਰਾ। ਭਉ–ਡਰ। ਜਬ–ਜਦ।੧। ਰਹਾਉ। ਡੰਕ–ਡੁਗਡੁਗੀ (ਡੌਰੂ); ਡੰਕਾ। ਬਾਜੀਗਰ–ਤਮਾਸ਼ਾ ਕਰਨ ਵਾਲੇ ਪ੍ਰਭੂ ਨੇ। ਖਲਕ–ਖਲਕਤ (ਦੁਨੀਆਂ)। ਸ੍ਵਾਂਗ–ਤਮਾਸ਼ਾ। ਸਕੇਲਾ–ਸਮੇਟਦਾ (ਇੱਕਠਾ ਕਰਦਾ) ਹੈ। ਰੰਗ ਰਵੈ–ਅਨੰਦ ਮਾਣਦਾ ਹੈ।੨। ਕਥਨੀ ਕਹਿ–ਗੱਲਾਂ ਕਹਿਣ ਨਾਲ (ਕਥਾ ਕਹਾਣੀਆਂ ਬੋਲ ਕੇ)। ਨ ਜਾਈ–ਨਹੀਂ ਜਾਂਦਾ। ਕਥਿ ਕਥਿ–ਗੱਲਾਂ ਕਰ ਕਰ ਕੇ। ਰਹੀ–ਰਹਿ (ਥੱਕ) ਗਈ। ਲੁਕਾਈ–ਦੁਨੀਆਂ। ਜਾ ਕਉ–ਜਿਸ ਨੂੰ। ਗੁਰਮੁਖਿ–ਗੁਰੂ ਰਾਹੀਂ। ਆਪਿ–ਪ੍ਰਭੂ ਨੇ ਆਪ। ਬੁਝਾਈ–ਸਮਝ ਬਖਸ਼ੀ (ਗਿਆਨ ਦਿਤਾ) ਹੈ। ਤਾ ਕੇ–ਉਸ ਦੇ। ਹਿਰਦੈ–ਹਿਰਦੇ ਵਿਚ। ਰਹਿਆ ਸਮਾਈ–ਸਮਾ ਰਿਹਾ; ਟਿਕਿਆ ਰਹਿੰਦਾ ਹੈ।੩। ਕਿੰਚਤ–ਥੋੜੀ ਜਿਹੀ। ਕੀਨੀ–ਕੀਤੀ। ਹਰਿ ਲੀਨੀ–ਹਰੀ ਵਿਚ ਲੀਨ ਹੋ ਗਿਆ; ਹਰੀ ਨੇ ਲੈ ਲਏ। ਰੰਗਿ ਰਾਤਾ–ਪ੍ਰੇਮ ਰੰਗ ਵਿਚ ਰੰਗਿਆ ਗਿਆ। ਜਗਜੀਵਨ ਦਾਤਾ–ਜਗਤ ਨੂੰ ਜੀਵਨ ਦੇਣ ਵਾਲਾ ਵਾਹਿਗੁਰੂ।੪।੪।

ਉਥਾਨਕਾ = ਕਬੀਰ ਜੀ ਇਕ ਦੁਧ ਰਿੜਕਣ ਵਾਲੀ ਦਾਸੀ ਨੂੰ ਉਪਦੇਸ਼ ਦੇਂਦੇ ਹਨ, ਜੋ ਹਰ ਰੋਜ ਕਬੀਰ ਜੀ ਦੇ ਸਤ ਸੰਗ ਵਿਚ ਆ ਕੇ ਕਥਾ ਸੁਣਿਆ ਕਰਦੀ ਸੀ। ਅਥਵਾ ਕਬੀਰ ਜੀ ਤੇ ਦਾਸੀ ਵਿਚਕਾਰ ਪ੍ਰਸ਼ਨ ਉਤਰ ਹਨ।

ਜਾ ਕੇ ਨਿਗਮ ਦੂਧ ਕੇ ਠਾਟਾ ॥ ਸਮੁੰਦੁ ਬਿਲੋਵਨ ਕਉ ਮਾਟਾ ॥ ਤਾ ਕੀ ਹੋਹੁ ਬਿਲੋਵਨਹਾਰੀ ॥ ਕਿਉ ਮੇਟੈਗੋ ਛਾਛਿ ਤੁਹਾਰੀ ॥੧॥ ਚੇਰੀ ਤੂ ਰਾਮੁ ਨ ਕਰਸਿ ਭਤਾਰਾ ॥ ਜਗਜੀਵਨ ਪ੍ਰਾਨ ਅਧਾਰਾ ॥੧॥ਰਹਾਉ॥ ਤੇਰੇ ਗਲਹਿ ਤਉਕੁ ਪਗ ਬੇਰੀ ॥ ਤੂ ਘਰ ਘਰ ਰਮਈਐ ਫੇਰੀ ॥ ਤੂ ਅਜਹੁ ਨ ਚੇਤਸਿ ਚੇਰੀ ॥ ਤੂ ਜਮਿ ਬਪੁਰੀ ਹੈ ਹੇਰੀ ॥੨॥ ਪ੍ਰਭ ਕਰਨ ਕਰਾਵਨਹਾਰੀ ॥ ਕਿਆ ਚੇਰੀ ਹਾਥ ਬਿਚਾਰੀ ॥ ਸੋਈ ਸੋਈ ਜਾਗੀ ॥ ਜਿਤੁ ਲਾਈ ਤਿਤੁ ਲਾਗੀ ॥੩॥ ਚੇਰੀ ਤੈ ਸੁਮਤਿ ਕਹਾਂ ਤੇ ਪਾਈ ॥ ਜਾ ਤੇ ਭ੍ਰਮ ਕੀ ਲੀਕ ਮਿਟਾਈ ॥ ਸੁ ਰਸੁ ਕਬੀਰੈ ਜਾਨਿਆ ॥ ਮੇਰੋ ਗੁਰ ਪ੍ਰਸਾਦਿ ਮਨੁ ਮਾਨਿਆ ॥੪॥੫॥ ਜਿਸ ਪ੍ਰਭੂ ਦੇ ਘਰ ਵਿਚ ਵੇਦ ਆਦਿ ਧਰਮ ਗ੍ਰੰਥ (ਨਾਮ ਅੰਮ੍ਰਿਤ ਰੂਪ) ਦੁਧ ਦੇ ਸਾਮਾਨ (ਸਮੱਗ੍ਰੀ; ਸੋਮੇ) ਹਨ। (ਉਸ ਦੁੱਧ ਦੇ) ਰਿੜਕਣ ਲਈ (ਸਤਸੰਗਤ ਰੂਪ) ਸਮੁੰਦਰ ਮਟਕਾ (ਚਾਟੀ) ਹੈ (ਸਤਸੰਗਤ ਵਿਚ ਤੱਤ ਮਿਥਿਆ ਦਾ ਵਿਚਾਰ ਹੁੰਦਾ ਹੈ)। ਤੂੰ ਉਸ (ਦੁਧ) ਦੀ ਰਿੜਕਣ ਵਾਲੀ ਹੋ (ਬਣ) ਜਾ (ਬ੍ਰਹਮ ਗਿਆਨ ਰੂਪ ਮੱਖਣ ਕੱਢਣ ਵਾਲੀ ਬਣ ਭਾਵ ਖੋਜ ਕਰ, ਵਿਚਾਰ ਕਰ ਇਨ੍ਹਾਂ ਗ੍ਰੰਥਾਂ ਦੀ। ਜੇ ਬ੍ਰਹਮ ਗਿਆਨ ਰੂਪ ਮੱਖਣ ਨਾ ਵੀ ਨਿਕਲਿਆ ਤਾਂ ਪ੍ਰਭੂ) ਤੇਰੀ ਲੱਸੀ ਕਿਉਂ ਮੇਟੇਗਾ? (ਗ੍ਰੰਥਾਂ ਨੂੰ ਵਿਚਾਰਨ ਦਾ ਅਨੰਦ ਜਾਂ ਸੰਸਾਰੀ ਰਸ ਜਾਂ ਪੁੰਨ ਫਲ ਤਾਂ ਜਰੂਰ ਮਿਲਣਗੇ)।੧। ਹੇ ਦਾਸੀ! ਤੂੰ ਪ੍ਰਮਾਤਮਾ ਨੂੰ ਅਪਣਾ ਪਤੀ ਕਿਉਂ ਨਹੀਂ ਕਰ (ਬਣਾ) ਲੈਂਦੀ। ਜੋ ਜਗਤ ਦਾ ਜੀਵਨ ਤੇ (ਸਭ ਜੀਵਾਂ ਦੇ) ਪ੍ਰਾਣਾਂ ਦਾ ਆਸਰਾ ਹੈ।੧। ਰਹਾਉ। (ਹੇ ਦਾਸੀ!) ਤੇਰੇ ਗਲ ਵਿਚ (ਮੋਹ ਰੂਪ) ਪਟਾ ਹੈ ਤੇ (ਮਨ ਬੁੱਧੀ ਰੂਪ) ਪੈਰਾਂ ਵਿਚ (ਵਾਸ਼ਨਾ) ਰੂਪ ਬੇੜੀ ਹੈ। (ਇਸੇ ਕਰਕੇ) ਪ੍ਰਭੂ ਨੇ ਤੈਨੂੰ ਘਰ ਘਰ (ਅਨੇਕਾਂ ਜੋਨੀਆਂ ਵਿਚ) ਫੇਰਿਆ ਹੈ। ਹੇ ਦਾਸੀ! (ਹੁਣ ਭਾਗਾਂ ਨਾਲ ਮਨੁੱਖਾ ਜਨਮ ਮਿਲਿਆ ਹੈ)

ਤੂੰ ਅਜੇ ਵੀ ਵਾਹਿਗੁਰੂ ਨੂੰ ਯਾਦ ਨਹੀਂ ਕਰਦੀ। ਹੇ ਨਿਮਾਣੀ ਦਾਸੀਏ! ਤੈਨੂੰ ਜਮ ਨੇ ਦੇਖਿਆ (ਮਾਰਨ ਵਾਸਤੇ ਜਮ ਤਾੜਦਾ ਰਹਿੰਦਾ) ਹੈ।੨।(ਦਾਸੀ ਉਤਰ ਦੇਂਦੀ ਹੈ) ਸਭ ਕੁਛ ਕਰਨ ਵਾਲਾ ਤੇ (ਜੀਵਾਂ ਪਾਸੋਂ) ਕਰਾਉਣ ਵਾਲਾ ਪ੍ਰਭੂ ਆਪ ਹੈ। ਇਸ ਵਿਚਾਰੀ ਦਾਸੀ ਦੇ ਹੱਥ ਵਿਚ ਕੀ ਹੈ? (ਸਭ ਕੁਛ ਰੱਬ ਦੇ ਵਸ ਵਿਚ ਹੈ)। ਉਹ ਹੀ ਦਾਸੀ ਸੁੱਤੀ ਹੋਈ (ਅਵਿਦਿਆ ਰੂਪ ਨੀਂਦ ਤੋਂ) ਜਾਗ ਪਈ ਹੈ (ਅਪਣੀ ਮੇਹਰ ਕਰਕੇ ਜਿਸ ਨੂੰ ਪ੍ਰਭੂ ਜਗਾਉਂਦਾ ਹੈ)। ਜਿਸ ਪਾਸੇ (ਪ੍ਰਭੂ ਨੇ ਮੈਨੂੰ) ਲਾਇਆ ਹੈ, ਮੈਂ ਉਸੇ ਪਾਸੇ ਇਹ ਲਗ ਗਈ ਹਾਂ। ੩।(ਦਾਸੀ ਦੇ ਬਚਨ ਸੁਣ ਕੇ ਕਬੀਰ ਜੀ ਪੁਛਦੇ ਹਨ) ਹੇ ਦਾਸੀ! ਤੈਂ ਸ੍ਰੇਸਟ ਮੱਤ ਕਿਥੋਂ ਪਾਈ ਹੈ? ਜਿਸ ਦੀ ਬਰਕਤ ਨਾਲ ਤੈਂ ਭਰਮ ਦੀ ਲਕੀਰ ਮਿਟਾਈ ਹੈ।(ਹੁਣ ਕਬੀਰ ਜੀ ਅਪਣੀ ਅਵਸਥਾ ਦਸਦੇ ਹਨ) ਉਹ ਸ੍ਰੇਸਟ ਰਸ (ਆਤਮਕ ਅਨੰਦ) ਕਬੀਰ ਨੇ ਜਾਣ ਲਿਆ ਹੈ। ਗੁਰੂ ਦੀ ਕ੍ਰਿਪਾ ਨਾਲ ਮੇਰਾ ਮਨ ਮੰਨ (ਮਨ ਨੂੰ ਵਿਸ਼ਵਾਸ ਹੋ) ਗਿਆ ਹੈ।੪।੫।

ਪਦਾਰਥ = ਜਾ ਕੇ–ਜਿਸ ਦੇ। ਨਿਗਮ–ਵੇਦ (ਧਰਮ ਗ੍ਰੰਥ)। ਠਾਟਾ–ਸਾਮਾਨ (ਸਮੱਗਰੀ); ਸੋਮੇ; ਥਣ। ਸਮੁੰਦੁ–ਸਤਸੰਗਤ ਰੂਪ ਸਮੁੰਦਰ। ਮਾਟਾ–(ਮੱਟ) ਮਟਕਾ। ਬਿਲੋਵਨ ਕਉ–ਰਿੜਕਣ ਲਈ। ਤਾ ਕੀ–ਉਸ ਦੀ। ਹੋਹੁ–ਹੋ (ਬਣ) ਜਾ। ਬਿਲੋਵਨਹਾਰੀ–ਰਿੜਕਣ ਵਾਲੀ। ਮੇਟੈਗੋ–ਮਿਟਾਏਗਾ। ਛਾਛਿ–ਲੱਸੀ (ਸੰਸਾਰੀ ਰਸ; ਗ੍ਰੰਥਾਂ ਨੂੰ ਵਿਚਾਰਨ ਦਾ ਅਨੰਦ; ਪੁੰਨ ਫਲ)। ਤੁਹਾਰੀ–ਤੇਰੀ।੧। ਚੇਰੀ–ਹੇ ਦਾਸੀ!। ਕਰਸਿ–ਕਰਦੀ (ਬਣਾਉਂਦੀ)। ਭਤਾਰਾ–ਪਤੀ। ਪ੍ਰਾਨ ਅਧਾਰਾ–ਪ੍ਰਾਣਾਂ ਦਾ ਆਸਰਾ।੧। ਰਹਾਉ। ਤਉਕੁ–(ਅਪਰਾਧੀ ਦੇ ਗਲ ਵਿਚ ਪਾਈ ਲੋਹੇ ਦੀ ਜ਼ੰਜੀਰ); ਮੋਹ ਜਾਂ ਅਵਿਦਿਆ ਦਾ ਪਟਾ। ਗਲਹਿ–ਗਲ ਵਿਚ। ਪਗ–ਪੈਰਾਂ ਵਿਚ। ਬੇਰੀ–(ਵਾਸ਼ਨਾ ਜਾਂ ਕਰਮ ਕਾਂਡ ਦੀ) ਬੇੜੀ। ਰਮਈਐ–ਪ੍ਰਭੂ ਨੇ। ਫੇਰੀ–ਫੇਰਿਆ ਹੈ। ਅਜਹੁ–ਅਜੇ ਵੀ; ਹੁਣ ਵੀ। ਚੇਤਸਿ–ਯਾਦ ਕਰਦੀ। ਜਮਿ–ਜਮ ਨੇ। ਬਪੁਰੀ–ਵਿਚਾਰੀ ਨੂੰ; ਨਿਮਾਣੀ ਨੂੰ। ਹੇਰੀ–ਦੇਖਿਆ ਹੈ।੨। ਕਰਾਵਨਹਾਰੀ–ਕਰਾਉਣ ਵਾਲਾ। ਸੋਈ–ਉਹ ਹੀ। ਸੋਈ–ਸੁੱਤੀ ਹੋਈ। ਜਾਗੀ–ਜਾਗ ਪਈ। ਜਿਤੁ–ਜਿਸ ਪਾਸੇ। ਤਿਤੁ–ਉਸ ਪਾਸੇ। ਲਾਗੀ–ਲੱਗ ਗਈ।੩। ਸੁਮਤਿ–ਚੰਗੀ ਅਕਲ; ਸ੍ਰੇਸਟ ਸਿੱਖਿਆ। ਕਹਾਂ ਤੇ–ਕਿਥੋਂ। ਜਾ ਤੇ–ਜਿਸ ਨਾਲ। ਭਰਮ ਕੀ ਲੀਕ–ਬਣੀ ਹੋਈ ਕਿਰਤ, ਜਿਸ ਕਰਕੇ ਭਰਮ ਵਿਚ ਪਈ ਰਹੀ ਸੀ (ਸ਼ਬਦਾਰਥ); ਭਰਮ ਦਾ ਨਾਮੋ ਨਿਸ਼ਾਨ; ਭਰਮ ਦਾ ਪੜਦਾ। ਸੁਰਸੁ–ਸ੍ਰੇਸਟ ਰਸ (ਆਤਮਕ ਅਨੰਦ)। ਕਬੀਰੈ–ਕਬੀਰ ਨੇ। ਗੁਰ ਪ੍ਰਸਾਦਿ–ਗੁਰੂ ਦੀ ਕ੍ਰਿਪਾ ਨਾਲ। ਮਨੁ ਮਾਨਿਆ–ਮਨ ਪਤੀਜ ਗਿਆ; ਮਨ ਗਿੱਝ ਗਿਆ; ਮਨ ਨੂੰ ਵਿਸ਼ਵਾਸ ਹੋ ਗਿਆ।੪।੫।

ਜਿਹ ਬਾਝੁ ਨ ਜੀਆ ਜਾਈ ॥ ਜਉ ਮਿਲੈ ਤ ਘਾਲ ਅਘਾਈ ॥ ਸਦ ਜੀਵਨੁ ਭਲੋ ਕਹਾਂਹੀ ॥ ਮੂਏ ਬਿਨੁ ਜੀਵਨੁ ਨਾਹੀ ॥੧॥ ਅਬ ਕਿਆ ਕਥੀਐ ਗਿਆਨੁ ਬੀਚਾਰਾ ॥ ਨਿਜ ਨਿਰਖਤ ਗਤ ਬਿਉਹਾਰਾ ॥੧॥ਰਹਾਉ॥ ਘਸਿ ਕੁੰਕਮ ਚੰਦਨੁ ਗਾਰਿਆ ॥ ਬਿਨੁ ਨੈਨਹੁ ਜਗਤੁ ਨਿਹਾਰਿਆ ॥ ਪੂਤਿ ਪਿਤਾ ਇਕੁ ਜਾਇਆ ॥ ਬਿਨੁ ਠਾਹਰ ਨਗਰੁ ਬਸਾਇਆ ॥੨॥ ਜਾਚਕ ਜਨ ਦਾਤਾ ਪਾਇਆ ॥ ਸੋ ਦੀਆ ਨ ਜਾਈ ਖਾਇਆ ॥ ਛੋਡਿਆ ਨ ਜਾਇ ਮੂਕਾ ॥ ਅਉਰਨ ਪਹਿ ਜਾਨਾ ਚੂਕਾ ॥੩॥ ਜੋ ਜੀਵਨ ਮਰਨਾ ਜਾਨੈ ॥ ਸੋ ਪੰਚ ਸੈਲ ਸੁਖ ਮਾਨੈ ॥ ਕਬੀਰੈ ਸੋ ਧਨੁ ਪਾਇਆ ॥ ਹਰਿ ਭੇਟਤ ਆਪੁ ਮਿਟਾਇਆ ॥੪॥੬॥ (ਹੇ ਭਾਈ!) ਜਿਸ ਪ੍ਰਭੂ ਤੋਂ ਬਿਨਾ ਜੀਵਿਆ ਨਹੀਂ ਜਾ ਸਕਦਾ। ਜੇ (ਉਹ ਪ੍ਰਭੂ) ਮਿਲ ਪਵੇ ਤਾਂ ਮਿਹਨਤ ਰੱਜ (ਸਾਰੀ ਘਾਲ ਕਮਾਈ ਸਫਲ ਹੋ) ਜਾਂਦੀ ਹੈ; ਉਸ ਨੂੰ ਪਾ ਕੇ ਤ੍ਰਿਪਤ ਹੋ ਜਾਈਦਾ ਹੈ (ਫ.ਸ.। ਪ੍ਰਭੂ ਦੇ ਮਿਲਣ ਨਾਲ) ਸਦਾ ਦਾ ਜੀਵਨ ਮਿਲਦਾ ਹੈ ਤੇ (ਲੋਕ) ਭਲਾ ਕਹਿੰਦੇ ਹਨ (ਸਭ ਨੇ ਇਹੀ ਅਰਥ ਕੀਤਾ ਹੈ); ਸਦਾ ਦਾ ਜੀਵਨ ਭਲਾਂ ਕਿਥੇ? (ਪ੍ਰਭੂ ਨੂੰ ਮਿਲੇ ਬਿਨਾ ਸਦਾ ਦਾ ਜੀਵਨ ਨਹੀਂ ਮਿਲਦਾ)। ਜੀਵਤ ਭਾਵ ਤੋਂ ਮਰਨ (ਮਨ ਨੂੰ ਮਾਰੇ) ਬਿਨਾ (ਆਤਮਕ; ਸਦੀਵੀ) ਜੀਵਨ ਨਹੀਂ ਮਿਲਦਾ।੧।(ਜਦ ਸਦੀਵੀ ਜੀਵਨ ਦੀ ਸਮਝ ਪੈ ਗਈ ਤਾਂ) ਹੁਣ ਗਿਆਨ ਤੇ ਵਿਚਾਰ ਕੀ ਕਥਨ ਕਰੀਏ (ਲੋੜ ਨਹੀਂ)? ਅਪਣੇ ਦੇਖਦਿਆਂ ਹੀ ਵਿਹਾਰ ਰੂਪ ਸੰਸਾਰ ਨਾਸ ਹੁੰਦਾ ਜਾ ਰਿਹਾ ਹੈ; ਅਪਣੇ ਆਪ ਨੂੰ ਦੇਖਣ (ਮਨ ਦੇ ਅੰਦਰ ਦੀ ਪੜਚੋਲ ਕਰਨ) ਨਾਲ ਸਾਰੇ ਵਿਹਾਰ (ਧੰਦੇ) ਨਾਸ਼ ਹੋ ਗਏ ਹਨ।੧। ਰਹਾਉ। ਜਿਵੇਂ ਕੇਸਰ ਘਸਾ ਕੇ (ਉਸ ਵਿਚ) ਚੰਦਨ ਮਿਲਾਇਆ ਜਾਂਦਾ ਹੈ (ਕੇਸਰ ਤੇ ਚੰਦਨ ਮਿਲ ਕੇ ਉਤਮ ਸੁਗੰਧੀ ਬਣ ਜਾਂਦੀ ਹੈ, ਇਵੇਂ ਜਿਸ ਮਨੁੱਖ ਨੇ ਆਤਮਾ ਨੂੰ ਨਿਰੰਕਾਰ ਨਾਲ ਮਿਲ ਗਿਆ। ਉਸ ਨੇ) ਇਨ੍ਹਾਂ ਅੱਖਾਂ ਦੇ ਦੇਖਣ ਤੋਂ ਬਿਨਾ ਇਸ ਜਗਤ ਦੀ ਅਸਲੀਅਤ ਨੂੰ ਦੇਖ ਲਿਆ ਹੈ (ਕਿਉਂਕਿ ਅੰਦਰ ਦੀਆਂ ਅੱਖਾਂ ਖੁਲ੍ਹ ਗਈਆਂ ਹਨ); ਜਗਤ ਨੂੰ ਬ੍ਰਹਮ ਰੂਪ ਦੇਖਿਆ ਹੈ। ਪੁਤ੍ਰ ਨੇ ਇਕ ਪਿਤਾ ਨੂੰ ਪੈਦਾ ਕੀਤਾ ਹੈ (ਉਸ ਦੀ ਜੀਵਾਤਮਾ ਨੇ ਇਕ ਨਿਰੰਕਾਰ ਨੂੰ ਪ੍ਰਗਟ ਕਰ ਲਿਆ, ਜਿਵੇਂ ਪਿਤਾ ਤੋਂ ਪੁਤ੍ਰ ਵਿਛੜਿਆ ਹੋਵੇ ਤੇ ਪੁਤ੍ਰ ਖੋਜ ਕਰਕੇ ਲੱਭ ਲਵੇ। ਉਹ ਆਤਮਾ ਰੂਪ ਪੁਤ੍ਰ ਪਹਿਲਾਂ) ਬਿਨਾ ਟਿਕਾਣੇ ਤੋਂ ਬਾਹਰ ਭਟਕਦਾ ਫਿਰਦਾ ਸੀ (ਹੁਣ ਉਸ ਨਿਥਾਵੇਂ ਨੇ ਵਸਣ ਲਈ) ਸ਼ਹਿਰ ਵਸਾ ਲਿਆ ਹੈ ਭਾਵ ਇਕ ਜਗ੍ਹਾ ਟਿਕ ਗਿਆ (ਅਸਥਿਰ ਜੀਵਨ ਨੂੰ ਸਥਿਰ ਕਰ ਲਿਆ)।੨। ਦਾਸ ਮੰਗਤੇ ਨੇ ਦਾਤਾਰ ਪ੍ਰਭੂ ਨੂੰ ਪਾ ਲਿਆ ਹੈ।(ਉਸ ਦਾਤੇ ਨੇ ਮੈਨੂੰ) ਉਹ ਕੁਛ ਦਿਤਾ ਹੈ, (ਜੋ ਮੈਥੋਂ ਸਾਰਾ) ਖਾਧਾ ਨਹੀਂ ਜਾ ਸਕਦਾ।(ਪਰ ਸਵਾਦ ਇਤਨਾ ਹੈ ਕਿ) ਛੱਡਿਆ

ਵੀ ਨਹੀਂ ਜਾਂਦਾ ਅਤੇ ਨਾ ਖਾਂਦਿਆਂ ਮੁਕੱਦਾ ਹੈ। ਹੁਣ ਹੋਰਨਾਂ ਪਾਸ (ਮੰਗਣ ਲਈ) ਜਾਣਾ ਮੁੱਕ ਗਿਆ ਹੈ।੩। ਜੋ ਮਨੁੱਖ ਜੀਵਤ ਭਾਵ ਤੋਂ ਮਰਨਾ ਜਾਣਦਾ ਹੈ। ਉਹ ਸੰਤਾਂ ਵਾਲਾ ਮਹਾਨ ਸੁਖ ਭੋਗਦਾ ਹੈ; ਉਹ (ਇਸ ਨੂੰ) ਆਰਾਮ ਦੀ ਸੈਰ ਮੰਨਦਾ ਹੈ (ਸ਼ਬਦਾਰਥ)। ਮੈਂ ਕਬੀਰ ਨੇ ਉਹ ਧਨ ਪਾਇਆ ਹੈ। (ਜਿਸ ਦੀ ਬਰਕਤ ਨਾਲ ਮੈਂ) ਹਰੀ ਨੂੰ ਮਿਲਦਿਆਂ ਆਪਾ ਭਾਵ ਮਿਟਾ ਦਿਤਾ ਹੈ।੪।੬।

ਪਦਾਰਥ = ਜਿਹ ਬਾਝੁ–ਜਿਸ ਤੋਂ ਬਿਨਾ। ਨ ਜੀਆ ਜਾਈ–ਜੀਵਿਆ ਨਹੀਂ ਜਾਂਦਾ। ਜਉ–ਜੇ। ਤ–ਤਾਂ। ਘਾਲ ਅਘਾਈ–ਮਿਹਨਤ ਰੱਜ (ਸਫਲ ਹੋ) ਜਾਂਦੀ ਹੈ। ਸਦ ਜੀਵਨੁ–ਸਦਾ ਦਾ ਜੀਵਨ। ਸਦ–ਸਦਾ ਦਾ। ਭਲੋ ਕਹਾਂਹੀ–ਭਲਾਂ ਕਿਥੇ ਹੈ? (ਲੋਕ) ਭਲਾ ਕਹਿੰਦੇ ਹਨ। ਮੂਏ ਬਿਨੁ–ਜੀਵਤ ਭਾਵ ਤੋਂ ਮਰਨ ਬਿਨਾ।੧। ਅਬ–ਹੁਣ। ਨਿਜ ਨਿਰਖਤ–ਅਪਣੇ ਦੇਖਦਿਆਂ; ਅਪਣੇ ਆਪ ਦੀ ਪੜਚੋਲ ਕਰਨ ਨਾਲ। ਗਤ–ਨਾਸ਼ ਹੁੰਦਾ ਜਾਂਦਾ ਹੈ। ਬਿਉਹਾਰਾ–ਵਿਹਾਰ ਰੂਪ ਸੰਸਾਰ; ਲੈਣ ਦੇਣ; ਧੰਦੇ।੧। ਰਹਾਉ। ਘਸਿ–ਰਗੜ ਕੇ। ਕੁੰਕਮ–ਕੇਸਰ। ਗਾਰਿਆ–ਮਿਲਾਇਆ। ਬਿਨੁ ਨੈਨਹੁ–ਅੱਖਾਂ ਤੋਂ ਬਿਨਾ (ਅੰਦਰ ਦੀਆਂ ਅੱਖਾਂ ਨਾਲ)। ਨਿਹਾਰਿਆ–ਦੇਖਿਆ। ਪੂਤਿ–ਜੀਵ ਰੂਪ ਪੁਤ੍ਰ ਨੇ। ਜਾਇਆ–ਪੈਦਾ ਕੀਤਾ (ਪ੍ਰਗਟ ਕਰ ਲਿਆ)। ਠਾਹਰ–ਥਾਂ।੨। ਜਾਚਕ ਜਨ–ਦਾਸ ਮੰਗਤੇ ਨੇ। ਸੋ ਦੀਆ–ਉਹ ਕੁਛ ਦਿਤਾ। ਨ ਮੂਕਾ–ਮੁਕਦਾ ਨਹੀਂ। ਅਉਰਨ ਪਹਿ–ਹੋਰਨਾਂ (ਦੇਵੀ ਦੇਵਤਿਆਂ) ਪਾਸ। ਜਾਨਾ ਚੂਕਾ–ਜਾਣਾ ਮੁਕ ਗਿਆ।੩। ਜੀਵਨ ਮਰਨਾ–ਜੀਵਤ ਭਾਵ ਤੋਂ ਮਰਨਾ। ਪੰਚ–ਸੰਤਾਂ ਵਾਲਾ। ਸੈਲ–ਪਹਾੜ ਵਰਗਾ ਅਚੱਲ ਸੁਖ। ਮਾਨੈ–ਮਾਣਦਾ (ਭੋਗਦਾ) ਹੈ। ਕਬੀਰੈ–ਕਬੀਰ ਨੇ। ਧਨ–(ਆਤਮਕ ਜੀਵਨ ਰੂਪ) ਧਨ। ਭੇਟਤ–ਮਿਲਦਿਆਂ। ਆਪੁ–ਅਪਣੇ ਆਪ ਨੂੰ (ਆਪਾ ਭਾਵ; ਅਪਣੱਤ)।੪।੬।

ਪੰਚ ਸੈਲ = ਪੁਰਾਣਾਂ ਅਨੁਸਾਰ ਸੁਮੇਰ ਦੇ ਦੱਖਣ ਵੱਲ ਇਕ ਪਰਬਤ ਹੈ ਜੋ ਦੇਵਤਿਆਂ ਦਾ ਭੋਗ ਅਸਥਾਨ ਹੈ। ਇਥੇ ਸਭ ਤਰ੍ਹਾਂ ਦੇ ਭੋਗ ਵਿਲਾਸਾਂ ਦੀ ਪ੍ਰਾਪਤੀ ਹੁੰਦੀ ਹੈ (ਮਾਰਕੰਡੇ ਪੁਰਾਣ ਅਃ ੫੫)। ਗੁਰਮਤ ਵਿਚ ਜੀਵਤ ਮਰਨਾ ਪੰਚ ਸੈਲ ਸੁਖ ਹੈ (ਮ.ਕੋ.)।

ਕਿਆ ਪੜੀਐ ਕਿਆ ਗੁਨੀਐ ॥ ਕਿਆ ਬੇਦ ਪੁਰਾਨਾਂ ਸੁਨੀਐ ॥ ਪੜੇ ਸੁਨੇ ਕਿਆ ਹੋਈ ॥ ਜਉ ਸਹਜ ਨ ਮਿਲਿਓ ਸੋਈ ॥੧॥ ਹਰਿ ਕਾ ਨਾਮੁ ਨ ਜਪਸਿ ਗਵਾਰਾ ॥ ਕਿਆ ਸੋਚਹਿ ਬਾਰੰਬਾਰਾ ॥੧॥ਰਹਾਉ॥ ਅੰਧਿਆਰੇ ਦੀਪਕੁ ਚਹੀਐ ॥ ਇਕ ਬਸਤੁ ਅਗੋਚਰ ਲਹੀਐ ॥ ਬਸਤੁ ਅਗੋਚਰ ਪਾਈ ॥ ਘਟਿ ਦੀਪਕੁ ਰਹਿਆ ਸਮਾਈ ॥੨॥ (ਹੇ ਮੂਰਖ ਬੰਦੇ! ਬੇਦ ਪੁਰਾਣਾਂ ਨੂੰ) ਕੀ ਪੜ੍ਹੀਏ, (ਇਨ੍ਹਾਂ ਦੇ) ਕੀ ਅਰਥ ਵਿਚਾਰੀਏ?। ਬੇਦਾਂ ਪੁਰਾਣਾਂ ਨੂੰ ਕੀ ਸੁਣੀਏ? (ਹਰੀ ਦੇ ਸਿਮਰਨ ਤੋਂ ਬਿਨਾ ਧਰਮ ਗ੍ਰੰਥਾਂ ਨੂੰ ਪੜ੍ਹਨ, ਅਰਥ ਵਿਚਾਰਨ ਤੇ ਸੁਣਨ ਦਾ ਕੋਈ ਲਾਭ ਨਹੀਂ। ਇਨ੍ਹਾਂ ਗ੍ਰੰਥਾਂ ਨੂੰ) ਪੜ੍ਹਨ ਸੁਣਨ ਨਾਲ ਕੀ ਹੋਵੇਗਾ? ਜੇ ਉਹ ਗਿਆਨ ਸਰੂਪ ਪ੍ਰਮਾਤਮਾ ਨਹੀਂ ਮਿਲਿਆ।੧। ਹੇ ਮੂਰਖ! ਤੂੰ ਹਰੀ ਦਾ ਨਾਮ ਤਾਂ ਜਪਦਾ ਨਹੀਂ। (ਰੱਬ ਨੂੰ ਭੁਲਾ ਕੇ) ਬਾਰ ਬਾਰ ਕੀ ਸੋਚਦਾ ਹੈਂ।੧। ਰਹਾਉ। (ਜਿਵੇਂ) ਹਨ੍ਹੇਰੇ ਵਿਚ (ਚਾਨਣ ਕਰਨ ਵਾਸਤੇ) ਦੀਵਾ ਚਾਹੀਦਾ ਹੈ (ਅਗਿਆਨਤਾ ਦਾ ਹਨ੍ਹੇਰਾ ਦੂਰ ਕਰਨ ਲਈ ਗਿਅਨ ਦਾ ਪ੍ਰਕਾਸ਼ ਚਾਹੀਦਾ ਹੈ। ਜਿਸ ਪ੍ਰਕਾਸ਼ ਨਾਲ) ਇਕ ਵਸਤੂ (ਪ੍ਰਮੇਸਰ) ਲੱਭ ਲਈਏ, ਜੋ ਇੰਦੀਆਂ ਦੀ ਪਹੁੰਚ ਤੋਂ ਪਰੇ ਹੈ। (ਜਦ) ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਦੀ ਵਸਤੂ ਪ੍ਰਾਪਤ ਹੋ ਗਈ (ਪ੍ਰਭੂ ਮਿਲ ਪਿਆ)। ਤਾਂ ਹਿਰਦੇ ਵਿਚ ਗਿਆਨ ਦਾ ਦੀਵਾ ਲਗਾਤਾਰ ਜਗਦਾ (ਟਿਕਿਆ) ਰਹਿੰਦਾ ਹੈ; ਹਿਰਦੇ ਵਿਚ ਗਿਆਨ ਦਾ ਦੀਵਾ ਜਗਦਾ ਹੋਣ ਕਰਕੇ ਵਿਆਪਕ ਹੋ ਰਿਹਾ ਪ੍ਰਭੂ ਦਿਸ ਪੈਂਦਾ ਹੈ।੨।

ਅੰਗ ੬੫੬ = ਕਹਿ ਕਬੀਰ ਅਬ ਜਾਨਿਆ ॥ ਜਬ ਜਾਨਿਆ ਤਉ ਮਨੁ ਮਾਨਿਆ ॥ ਮਨ ਮਾਨੇ ਲੋਗੁ ਨ ਪਤੀਜੈ ॥ ਨ ਪਤੀਜੈ ਤਉ ਕਿਆ ਕੀਜੈ ॥੩॥੭॥ ਕਬੀਰ ਜੀ ਕਹਿੰਦੇ ਹਨ ਕਿ ਹੁਣ ਮੈਂ ਪ੍ਰਭੂ ਨੂੰ ਜਾਣ ਲਿਆ ਹੈ। ਜਦ (ਉਸ ਨੂੰ) ਜਾਣ ਲਿਆ ਤਾਂ ਮਨ ਮੰਨ ਗਿਆ। (ਜਦ) ਮਨ ਮੰਨ (ਰੱਬ ਨਾਲ ਜੁੜ) ਗਿਆ ਤਾਂ ਜਗਤ ਯਕੀਨ ਨਹੀਂ ਕਰਦਾ (ਕਹਿੰਦੇ ਹਨ ਕਿ ਇਹ ਪਖੰਡ ਕਰਦਾ ਹੈ, ਐਵੇਂ ਬੋਲਦਾ ਹੈ। ਜੇ ਜਗਤ) ਯਕੀਨ ਨਹੀਂ ਕਰਦਾ (ਖੁਸ਼ ਨਹੀਂ ਹੁੰਦਾ) ਤਾਂ ਅਸੀਂ ਕੀ ਕਰੀਏ? (ਸਾਨੂੰ ਲੋਕਾਂ ਦੀ ਪ੍ਰਵਾਹ ਨਹੀਂ)।੩।੭।

ਜੇ ਕਿਸੇ ਸ਼ਾਹੂਕਾਰ ਕੋਲ ਅਥਾਹ ਧਨ ਹੋਵੇ ਤੇ ਕੁਝ ਸੁਆਰਥੀ ਲੋਕ ਉਸ ਨੂੰ ਕੰਗਾਲ ਕਹੀ ਜਾਣ ਤਾਂ ਸ਼ਾਹੂਕਾਰ ਦਾ ਕੀ ਘਟਦਾ ਹੈ? ਕਬੀਰ ਜੀ ਕੋਲ ਨਾਮ ਧਨ ਸੀ, ਲੋਕ ਨਹੀਂ ਯਕੀਨ ਕਰਦੇ ਤਾਂ ਕਬੀਰ ਜੀ ਕੀ ਕਰਨ? ਕਬੀਰ ਜੀ ਰੱਬ ਨਾਲ ਜੁੜੇ ਹੋਏ ਸਨ, ਪਰ ਕਰਮ ਕਾਂਡੀ ਲੋਕ ਅਤੇ ਧੰਧਿਆਂ ਵਿਚ ਪਏ ਹੋਏ ਲੋਕ ਖੁਸ਼ ਨਹੀਂ ਸਨ। ਕਬੀਰ ਜੀ ਦੇ ਸਬੰਧੀ, ਉਨ੍ਹਾਂ ਦੀ ਮਾਂ ਚਾਹੁੰਦੀ ਸੀ ਕਿ ਕਬੀਰ ਕੰਮ ਧੰਦਾ ਕਰੇ ਜਾਂ ਸਾਡੇ ਇਸਲਾਮਿਕ ਮਜਹਬ ਦੇ ਮੁਤਾਬਕ ਚੱਲੇ। ਕਬੀਰ ਜੀ ਲੋਕਾਂ ਦੇ ਰਸਮ ਰਿਵਾਜ ਜਾਂ ਕਰਮਕਾਂਡ ਜਾਂ ਇਸਲਾਮਿ ਸ਼ਰ੍ਹਾ ਅਨੁਸਾਰ ਨਹੀਂ ਚੱਲੇ {ਹਮਾਰੇ ਕੁਲ ਕਉਨੇ ਰਾਮੁ ਕਹਿਓ। ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖ ਨ ਭਇਓ ੮੫੬}।

ਪਦਾਰਥ = ਕਿਆ–ਕੀ। ਗੁਨੀਐ–ਵਿਚਾਰੀਏ। ਕਿਆ ਹੋਈ–ਕੀ ਹੋਵੇਗਾ। ਜਉ–ਜੇ। ਸਹਜ–ਗਿਆਨ ਸਰੂਪ ਪ੍ਰਭੂ। ਉਹ–ਉਹ।੧। ਨ ਜਪਸਿ–ਨਹੀਂ ਜਪਦਾ। ਗਵਾਰਾ–ਹੇ ਮੂਰਖ!। ਬਾਰੰਬਾਰਾ–ਬਾਰ ਬਾਰ।੧। ਰਹਾਉ। ਅੰਧਿਆਰੇ–ਹਨ੍ਹੇਰੇ ਵਿਚ। ਚਹੀਐ–ਚਾਹੀਦਾ ਹੈ। ਅਗੋਚਰੁ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਪ੍ਰਭੂ। ਲਹੀਐ–ਲੱਭ ਲਈਏ। ਪਾਈ–ਪ੍ਰਾਪਤ ਹੋ ਗਈ। ਘਟਿ–ਹਿਰਦੇ ਵਿਚ। ਰਹਿਆ ਸਮਾਈ–

ਲਗਾਤਾਰ ਜਗ ਰਿਹਾ (ਸੰ.ਸ.; ਦਰਪਣ); ਸਮਾ ਰਿਹਾ।੨।ਅਬ–ਹੁਣ।ਜਾਨਿਆ–ਜਾਣ ਲਿਆ; ਸਮਝ ਪੈ ਗਈ।ਜਬ–ਜਦ।ਤਉ–ਤਾਂ; ਤਦ।ਮਨੁ ਮਾਨਿਆ–ਮਨ ਸੰਤੁਸ਼ਟ ਹੋ ਗਿਆ (ਮਨ ਦੀ ਤਸੱਲੀ ਹੋ ਗਈ); ਮਨ ਪ੍ਰਭੂ ਵਿਚ ਪਰਚ ਗਿਆ।ਨ ਪਤੀਜੈ–ਯਕੀਨ ਨਹੀਂ ਕਰਦੇ (ਖੁਸ਼ ਨਹੀਂ ਹੁੰਦੇ)।ਲੋਗੁ–ਜਗਤ।ਕਿਆ ਕੀਜੈ–ਕੀ ਕਰੀਏ?।੩।੭।

ਹ੍ਰਿਦੈ ਕਪਟੁ ਮੁਖ ਗਿਆਨੀ ॥ ਝੂਠੇ ਕਹਾ ਬਿਲੋਵਸਿ ਪਾਨੀ ॥੧॥ ਕਾਂਇਆ ਮਾਂਜਸਿ ਕਉਨ ਗੁਨਾਂ ॥ ਜਉ ਘਟ ਭੀਤਰਿ ਹੈ ਮਲਨਾ ॥੧॥ਰਹਾਉ॥ ਲਉਕੀ ਅਠਸਠਿ ਤੀਰਥਿ ਨ੍ਹਾਈ ॥ ਕਉਰਾਪਨੁ ਤਊ ਨ ਜਾਈ ॥੨॥ ਕਹਿ ਕਬੀਰ ਬੀਚਾਰੀ ॥ ਭਵ ਸਾਗਰੁ ਤਾਰਿ ਮੁਰਾਰੀ ॥੩॥੮॥ (ਹੇ ਭਾਈ! ਤੇਰੇ) ਹਿਰਦੇ ਵਿਚ ਤਾਂ ਕਪਟ ਹੈ, (ਪਰ ਤੂੰ) ਗਿਆਨੀ ਬਣ ਕੇ ਮੂੰਹੋਂ ਗਿਆਨ ਦੀਆਂ ਗੱਲਾਂ ਕਰਦਾ ਹੈਂ।ਹੇ ਝੂਠੇ ਮਨੁੱਖ! ਕਾਹਦੇ ਲਈ ਪਾਣੀ ਰਿੜਕਦਾ ਹੈਂ? (ਨਾਮ ਸਿਮਰਨ ਛਡ ਕੇ ਧਾਰਮਕ ਕਰਮ ਕਰਨ ਤੇ ਬਿਅਰਥ ਦੀਆਂ ਗੱਲਾਂ ਮਾਰਨ ਦਾ ਕੋਈ ਲਾਭ ਨਹੀਂ।੧।ਹੇ ਭਾਈ! ਤੀਰਥਾਂ ਤੇ ਜਾ ਕੇ) ਸਰੀਰ ਨੂੰ ਮਾਂਜਦਾ ਹੈਂ, (ਮਲ ਕੇ ਸਾਫ ਕਰਦਾ ਹੈਂ, ਇਸ ਦਾ) ਕੀ ਲਾਭ ਹੈ? ਜੇ ਤੇਰੇ ਹਿਰਦੇ ਵਿਚ (ਕਪਟ ਦੀ) ਮੈਲ ਹੈ।੧।ਰਹਾਉ।ਜੇ ਤੁੰਮੀ ਅਠਾਹਠ ਤੀਰਥਾਂ ਉਤੇ ਨਹਾ ਲਵੇ।ਤਾਂ ਵੀ (ਉਸ ਦੀ) ਕੁੜੱਤਣ ਨਹੀਂ ਜਾਂਦੀ (ਦੂਰ ਹੁੰਦੀ)।੨।ਕਬੀਰ ਜੀ ਵਿਚਾਰ ਕੇ ਕਹਿੰਦੇ ਹਨ (ਕਿ ਹੇ ਭਾਈ! ਤੀਰਥਾਂ ਤੇ ਨ੍ਹਾਉਣ ਨਾਲ ਮਨ ਦੀ ਮੈਲ ਨਹੀਂ ਲਹਿ ਸਕਦੀ, ਅਰਦਾਸ ਕਰ ਕਿ) ਹੇ ਪ੍ਰਭੂ! ਮੈਨੂੰ (ਅਪਣੇ ਚਰਨਾਂ ਨਾਲ ਜੋੜ ਕੇ) ਭਵ ਸਾਗਰ ਤੋਂ ਤਾਰ ਦੇਹ।੩।੮।

ਪਦਾਰਥ = ਹ੍ਰਿਦੈ–ਹਿਰਦੇ ਵਿਚ।ਮੁਖ ਗਿਆਨੀ–ਮੂੰਹ ਦਾ ਗਿਆਨੀ (ਮੂੰਹੋਂ ਗਿਆਨ ਦੀਆਂ ਗੱਲਾਂ ਕਰਨ ਵਾਲਾ); ਮੁਖੀ ਗਿਆਨੀ। ਝੂਠੇ–ਹੇ ਝੂਠੇ ਮਨੁੱਖ!।ਕਹਾ–ਕਿਉਂ।ਬਿਲੋਵਸਿ–ਰਿੜਕਦਾ ਹੈਂ।੧।ਕਾਂਇਆ–ਸਰੀਰ।ਮਾਂਜਸਿ–ਮਾਂਜਦਾ (ਸ਼ੁੱਧ ਕਰਦਾ) ਹੈਂ।ਕਉਨ–ਕੀ।ਗੁਨਾ–ਲਾਭ।ਜਉ–ਜੇ।ਘਟ ਭੀਤਰਿ–ਹਿਰਦੇ ਅੰਦਰ।ਮਲਨਾ–ਮੈਲ।੧।ਰਹਾਉ।ਲਉਕੀ–(ਕੌੜੀ) ਤੁੰਮੀ।ਅਠਸਠਿ–ਅਠਾਹਠ। ਤੀਰਥ–ਤੀਰਥ ਉਤੇ।ਨ੍ਹਾਈ–ਨ੍ਹਾਈ (ਇਸ਼ਨਾਨ ਕੀਤਾ)।ਕਉਰਾਪਨੁ–ਕੁੜੱਤਣ।ਤਊ–ਤਾਂ ਵੀ।ਨ ਜਾਈ–ਨਹੀਂ ਜਾਂਦਾ।੨।ਬੀਚਾਰੀ–ਵਿਚਾਰ ਕੇ।ਭਵ ਸਾਗਰੁ–ਸੰਸਾਰ ਸਮੁੰਦਰ।ਤਾਰਿ–ਪਾਰ ਕਰ ਦੇਹ।ਮੁਰਾਰੀ–ਹੇ ਅਗਿਆਨ ਵਿਨਾਸ਼ਕ ਪ੍ਰਭੂ!।੩।੮।

ਸੋਰਠਿ ੴ ਸਤਿਗੁਰ ਪ੍ਰਸਾਦਿ ॥ ਬਹੁ ਪਰਪੰਚ ਕਰਿ, ਪਰ ਧਨੁ ਲਿਆਵੈ ॥ ਸੁਤ ਦਾਰਾ ਪਹਿ ਆਨਿ ਲੁਟਾਵੈ ॥੧॥ ਮਨ ਮੇਰੇ ਭੂਲੇ ਕਪਟੁ ਨ ਕੀਜੈ ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥੧॥ਰਹਾਉ॥ ਛਿਨੁ ਛਿਨੁ ਤਨੁ ਛੀਜੈ, ਜਰਾ ਜਨਾਵੈ ॥ ਤਬ ਤੇਰੀ ਓਕ, ਕੋਈ ਪਾਨੀਓ ਨ ਪਾਵੈ ॥੨॥ ਕਹਤੁ ਕਬੀਰੁ ਕੋਈ ਨਹੀ ਤੇਰਾ ॥ ਹਿਰਦੈ ਰਾਮੁ ਕੀ ਨ ਜਪਹਿ ਸਵੇਰਾ ॥੩॥੯॥ (ਕਬੀਰ ਜੀ ਅਪਣੇ ਮਨ ਰਾਹੀਂ ਛਲ ਫਰੇਬ ਕਰਨ ਵਾਲੇ ਇਕ ਮਨੁੱਖ ਨੂੰ ਉਪਦੇਸ਼ ਦੇਂਦੇ ਹਨ।ਹੇ ਮੇਰੇ ਮਨ! ਤੂੰ) ਛਲ ਫਰੇਬ ਕਰਕੇ ਪਰਾਇਆ ਧਨ ਲੁੱਟ ਕੇ ਲਿਆਉਂਦਾ ਹੈਂ।(ਫਿਰ ਤੂੰ ਉਹ ਧਨ) ਲਿਆ ਕੇ ਪੁਤਰਾਂ ਤੇ ਇਸਤ੍ਰੀ ਕੋਲ ਲੁਟਾ ਦੇਂਦਾ ਹੈਂ।੧।ਹੇ ਮੇਰੇ ਮਨ! (ਤੈਨੂੰ) ਭੁੱਲ ਕੇ ਵੀ ਕਪਟ ਨਹੀਂ ਕਰਨਾ ਚਾਹੀਦਾ।ਅੰਤ ਵੇਲੇ (ਪ੍ਰਲੋਕ ਵਿਚ ਠੱਗ ਕੇ ਲਿਆਂਦੇ ਧਨ ਦਾ) ਹਿਸਾਬ ਤੇਰੀ ਜਿੰਦ ਪਾਸੋਂ ਲਿਆ ਜਾਣਾ ਹੈ (ਉਥੇ ਤੇਰੀ ਕਿਸੇ ਨੇ ਮੱਦਤ ਨਹੀਂ ਕਰਨੀ)।੧।ਰਹਾਉ।ਪਲ ਪਲ ਕਰਕੇ ਤੇਰਾ ਸਰੀਰ ਘਟਦਾ ਜਾਂਦਾ ਹੈ ਤੇ ਬੁਢੇਪਾ (ਅਪਣਾ ਆਪੁ) ਜਣਾ ਰਿਹਾ ਹੈ।(ਜਦ ਬੁੱਢਾ ਹੋ ਜਾਵੇਂਗਾ) ਤਾਂ ਤੇਰੀ ਬੁਕ ਵਿਚ (ਇਨਾਂ ਸਬੰਧੀਆਂ ਵਿਚੋਂ) ਕੋਈ ਪਾਣੀ ਵੀ ਨਹੀਂ ਪਾਏਗਾ।੨। ਕਬੀਰ ਜੀ ਕਹਿੰਦੇ ਹਨ ਕਿ (ਜਿਨ੍ਹਾਂ ਵਾਸਤੇ ਛਲ ਕੇ ਧਨ ਲਿਆਉਂਦਾ ਹੈਂ, ਅੰਤ ਵੇਲੇ ਉਨ੍ਹਾਂ ਵਿਚੋਂ) ਕੋਈ ਵੀ ਤੇਰਾ ਸਹਾਈ ਨਹੀਂ ਹੋਵੇਗਾ।(ਇਸ ਲਈ ਸਬੰਧੀਆਂ ਦਾ ਮੋਹ ਛਡ ਕੇ ਤੂੰ) ਹਿਰਦੇ ਵਿਚ ਸਵੇਰ ਵੇਲੇ ਪ੍ਰਭੂ ਨੂੰ ਕਿਉਂ ਨਹੀਂ ਜਪਦਾ?।੩।੯।

ਪਦਾਰਥ = ਬਹੁ–ਬਹੁਤ।ਪਰਪੰਚ ਕਰਿ–ਛਲ ਕਰਕੇ।ਪਰ ਧਨੁ–ਪਰਾਇਆ ਧਨ।ਸੁਤ–ਪੁਤ੍ਰ।ਦਾਰਾ–ਇਸਤ੍ਰੀ।ਪਹਿ–ਪਾਸ (ਕੋਲ)। ਆਨਿ–ਲਿਆ ਕੇ।ਲੁਟਾਵੈ–ਲੁਟਾ (ਹਵਾਲੇ ਕਰ) ਦੇਂਦਾ ਹੈਂ।੧।ਮਨ–ਹੇ ਮਨ!।ਭੂਲੇ–ਭੁੱਲ ਕੇ ਵੀ।ਅੰਤਿ–ਅੰਤ ਸਮੇਂ।ਨਿਬੇਰਾ–ਹਿਸਾਬ; ਫੈਸਲਾ।ਜੀਅ ਪਹਿ–ਜਿੰਦ ਪਾਸੋਂ।ਲੀਜੈ–ਲਿਆ ਜਾਣਾ ਹੈ।੧।ਰਹਾਉ।ਛਿਨ ਛਿਨ–ਹਰੇਕ ਪਲ।ਤਨੁ–ਸਰੀਰ।ਛੀਜੈ–ਘਟਦਾ ਜਾਂਦਾ ਹੈ।ਜਰਾ–ਬੁਢੇਪਾ।ਜਨਾਵੈ–ਜਣਾਉਂਦਾ (ਬਲ ਦਿਖਾ ਰਿਹਾ) ਹੈ।ਤਬ–ਤਦੋਂ।ਓਕ–ਬੁੱਕ ਵਿਚ।ਪਾਨੀਓ–ਪਾਣੀ ਵੀ।੨। ਹਿਰਦੈ–ਹਿਰਦੇ ਵਿਚ।ਕੀ ਨ–ਕਿਉਂ ਨਹੀਂ।ਜਪਹਿ–ਜਪਦਾ।ਸਵੇਰਾ–ਸਵੇਰੇ ਵੇਲੇ; ਸਮੇਂ ਸਿਰ; ਛੇਤੀ (ਹੁਣ ਵੀ)।੩।੯।

ਸੰਤਹੁ ਮਨੁ ਪਵਨੈ ਸੁਖੁ ਬਨਿਆ ॥ ਕਿਛੁ ਜੋਗੁ ਪਰਾਪਤਿ ਗਨਿਆ ॥ਰਹਾਉ॥ ਗੁਰਿ ਦਿਖਲਾਈ ਮੋਰੀ ॥ ਜਿਤੁ ਮਿਰਗ ਪੜਤ ਹੈ ਚੋਰੀ ॥ ਮੂੰਦਿ ਲੀਏ ਦਰਵਾਜੇ ॥ ਬਾਜੀਅਲੇ ਅਨਹਦ ਬਾਜੇ ॥੧॥ ਕੁੰਭ ਕਮਲੁ ਜਲਿ ਭਰਿਆ ॥ ਜਲੁ ਮੇਟਿਆ ਊਭਾ ਕਰਿਆ ॥ ਕਹੁ ਕਬੀਰ ਜਨ ਜਾਨਿਆ ॥ ਜਉ ਜਾਨਿਆ ਤਉ ਮਨੁ ਮਾਨਿਆ ॥੨॥੧੦॥ ਹੇ ਸੰਤ ਜਨੋ! ਹਵਾ ਵਰਗੇ ਚੰਚਲ ਮਨ ਨੂੰ ਸੁਖ ਬਣ ਗਿਆ ਹੈ।ਮੈ ਗਿਣਦਾ (ਸਮਝਦਾ) ਹਾਂ ਕਿ ਕੁਛ ਜੋਗ (ਰੱਬ ਨਾਲ ਜੁੜਨ) ਦੀ ਪ੍ਰਾਪਤੀ ਹੋ ਗਈ ਹੈ; ਮੈਂ ਸਮਝ ਲਿਆ (ਕਿ ਮੇਰਾ ਮਨ ਹੁਣ ਪ੍ਰਭੂ ਨੂੰ ਪ੍ਰਾਪਤ ਕਰਨ ਦੇ ਜੋਗ ਹੋ ਗਿਆ ਹੈ।ਗੁਰੂ ਨੇ (ਮੈਨੂੰ ਉਹ) ਮੋਰੀ ਦਿਖਾ ਦਿਤੀ (ਇੰਦ੍ਰਿਆਂ ਦੇ ਛੇਕ ਦਿਖਾ ਦਿਤੇ), ਜਿਥੋਂ

ਵਿਸ਼ੇ ਰੂਪ ਮਿਰਗ ਚੋਰੀ ਛੁਪੇ ਆ ਪੈਂਦੇ (ਵੜ ਜਾਂਦੇ) ਹਨ (ਅਤੇ ਸ਼ੁੱਭ ਗੁਣਾਂ ਦੀ ਖੇਤੀ ਖਾਈ ਜਾਂਦੇ ਹਨ।ਹੁਣ ਅਸੀਂ ਉਹ) ਦਰਵਾਜੇ (ਗਿਆਨ ਇੰਦੀਆਂ ਦੇ ਉਹ ਛੇਕ) ਬੰਦ ਕਰ ਲਏ ਹਨ।(ਹੁਣ ਸਾਡੇ ਅੰਦਰ) ਵਾਹਿਗੁਰੂ ਸਿਮਰਨ ਦੇ ਅਨੰਦ ਦੇ ਬਾਜੇ ਲਗਾਤਾਰ ਇਕ ਰਸ ਵਜਣ ਲਗ ਪਏ ਹਨ (ਮਨ ਟਿਕ ਗਿਆ ਤੇ ਆਤਮ ਮੰਡਲ ਦੇ ਸੰਗੀਤ ਦੀ ਧੁਨ ਸੁਣਨ ਲਗ ਪਈ ਹੈ)।੧।ਹਿਰਦਾ ਕਮਲ ਰੂਪ ਘੜਾ ਜੋ ਅੱਗੇ ਮਾੜੀਆਂ ਵਾਸ਼ਨਾਵਾਂ ਦੇ ਜਲ ਨਾਲ ਭਰਿਆ ਪਿਆ ਸੀ।(ਹੁਣ ਉਹ ਵਿਸ਼ੇ ਰੂਪ) ਪਾਣੀ ਡੋਲ੍ਹ ਦਿਤਾ ਹੈ (ਅਤੇ ਹਿਰਦਾ ਕਮਲ) ਸਿੱਧਾ ਕਰ ਦਿਤਾ ਹੈ (ਤਾਂ ਕਿ ਇਸ ਵਿਚ ਅੰਮ੍ਰਿਤ ਪੈ ਸਕੇ)।ਦਾਸ ਕਬੀਰ ਜੀ ਆਖਦਾ ਹੈ ਕਿ (ਮੈਂ ਹੁਣ ਪ੍ਰਭੂ ਨੂੰ) ਜਾਣ ਲਿਆ ਹੈ।ਜਦ ਜਾਣ ਲਿਆ ਤਾਂ ਮੇਰਾ ਮਨ ਮੰਨ (ਸੰਤੁਸ਼ਟ ਹੋ) ਗਿਆ ਹੈ; ਮਨ ਸ਼ਰਧਾਵਾਨ ਹੋ ਗਿਆ ਹੈ।੨।੧੦।

ਪਦਾਰਥ = ਸੰਤਹੁ–ਹੇ ਸੰਤ ਜਨੋਂ!।ਮਨ ਪਵਨੈ–ਹਵਾ ਵਰਗੇ ਚੰਚਲ ਮਨ ਨੂੰ।ਜੋਗੁ–ਹਰੀ ਨਾਲ ਜੁੜਨ ਦੀ; ਯੋਗ; ਲਾਇਕ।ਗਨਿਆ–ਸਮਝਿਆ; ਗਿਣਿਆ।ਰਹਾਉ।ਗੁਰਿ–ਗੁਰੂ ਨੇ।ਮੋਰੀ–ਖਿੜਕੀ; ਸੁਰਾਖ।ਜਿਤੁ–ਜਿਥੋਂ।ਮਿਰਗ–ਹਿਰਣ।ਪੜਤ ਹੈ–ਪੈਂਦੇ ਹਨ; ਪ੍ਰਵੇਸ਼ ਹੁੰਦੇ ਹਨ।ਮੂੰਦਿ ਲੀਏ–ਬੰਦ ਕਰ ਲਏ।ਬਾਜੀਅਲੇ–ਵਜਣ ਲਗ ਪਏ।ਅਨਹਦ–ਇਕ ਰਸ; ਲਗਾਤਾਰ।੧।ਕੁੰਭ–ਘੜਾ।ਕਮਲ–ਹਿਰਦਾ ਕਮਲ।ਜਲਿ–ਵਾਸ਼ਨਾਵਾਂ ਦੇ ਪਾਣੀ ਨਾਲ।ਮੇਟਿਆ–ਡੋਲ੍ਹ ਦਿਤਾ (ਮ.ਕੋ.)।ਊਭਾ–ਸਿੱਧਾ; ਮੂਧਾ।ਜਨ–ਦਾਸ।ਜਉ–ਜਦ। ਤਉ–ਤਾਂ; ਤਦ।ਮਨੁ ਮਾਨਿਆ–ਮਨ ਮੰਨ ਗਿਆ; ਮਨ ਸ਼ਰਧਾਵਾਨ ਹੋ ਗਿਆ।੨।੧੦।

ਰਾਗੁ ਸੋਰਠਿ ॥ ਭੂਖੇ ਭਗਤਿ ਨ ਕੀਜੈ ॥ ਯਹ ਮਾਲਾ ਅਪਨੀ ਲੀਜੈ ॥ ਹਉ ਮਾਂਗਉ ਸੰਤਨ ਰੇਨਾ ॥ ਮੈ ਨਾਹੀ ਕਿਸੀ ਕਾ ਦੇਨਾ ॥੧॥ ਮਾਧੋ ਕੈਸੀ ਬਨੈ ਤੁਮ ਸੰਗੇ ॥ ਆਪਿ ਨ ਦੇਹੁ ਤ ਲੇਵਉ ਮੰਗੇ ॥ ਰਹਾਉ॥ ਦੁਇ ਸੇਰ ਮਾਂਗਉ ਚੂਨਾ ॥ ਪਾਉ ਘੀਉ ਸੰਗਿ ਲੂਨਾ ॥ ਅਧ ਸੇਰੁ ਮਾਂਗਉ ਦਾਲੇ ॥ ਮੋਕਉ ਦੋਨਉ ਵਖਤ ਜਿਵਾਲੇ ॥੨॥ ਖਾਟ ਮਾਂਗਉ ਚਉਪਾਈ ॥ ਸਿਰਹਾਨਾ ਅਵਰ ਤੁਲਾਈ ॥ ਊਪਰ ਕਉ ਮਾਂਗਉ ਖੀਂਧਾ ॥ ਤੇਰੀ ਭਗਤਿ ਕਰੈ ਜਨੁ ਥੀਂਧਾ ॥੩॥ ਮੈ ਨਾਹੀ ਕੀਤਾ ਲਬੋ ॥ ਇਕੁ ਨਾਉ ਤੇਰਾ ਮੈ ਫਬੋ ॥ ਕਹਿ ਕਬੀਰ ਮਨੁ ਮਾਨਿਆ ॥ ਮਨੁ ਮਾਨਿਆ ਤਉ ਹਰਿ ਜਾਨਿਆ ॥੪॥੧੧॥ (ਹੇ ਪ੍ਰਭੂ!) ਭੁੱਖੇ ਰਹਿ ਕੇ (ਮੈਥੋਂ ਤੇਰੀ) ਭਗਤੀ ਨਹੀਂ ਕੀਤੀ ਜਾਂਦੀ। (ਇਸ ਲਈ ਤੁਸੀਂ) ਅਪਣੀ ਇਹ ਮਾਲਾ ਲੈ ਲਵੋ।ਮੈਂ ਸੰਤਾਂ ਦੀ ਚਰਨ ਧੂੜ ਮੰਗਦਾ ਹਾਂ।ਮੈਂ ਕਿਸੇ ਦਾ (ਕੋਈ ਕਰਜਾ) ਨਹੀਂ ਦੇਣਾ (ਕਿਸੇ ਦਾ ਅਹਿਸਾਨਮੰਦ ਨਹੀਂ ਹਾਂ)।ਹੇ ਮਾਧੋ! (ਭੁੱਖੇ ਰਹਿ ਕੇ) ਤੁਹਾਡੇ ਨਾਲ ਕਿਵੇਂ ਬਣ ਸਕਦੀ ਹੈ; ਤੇਰੇ ਤੋਂ ਸ਼ਰਮ (ਸੰਕੋਚ) ਕੀਤਿਆਂ (ਤੇਰੇ ਨਾਲ) ਕਿਵੇਂ ਨਿਭ ਸਕਦੀ ਹੈ? (ਜੇ ਮੈਨੂੰ ਭੁੱਖੇ ਨੂੰ ਖਾਣ ਲਈ ਭੋਜਨ) ਨਹੀਂ ਦੇਵੋਗੇ, ਤਾਂ ਮੈਂ ਆਪ ਮੰਗ ਲੈਂਦਾ ਹਾਂ। ਰਹਾਉ।ਮੈਂ ਦੋ ਸੇਰ ਆਟਾ, ਇਕ ਪਾਈਆ ਘਿਓ ਅਤੇ ਨਾਲ ਲੂਣ ਮੰਗਦਾ ਹਾਂ।ਅੱਧਾ ਸੇਰ ਦਾਲ ਮੰਗਦਾ ਹਾਂ।(ਜੋ ਮੈਨੂੰ) ਦੋਨੋਂ ਵਖਤ ਜਿਉਂਦਿਆ ਰਖੇ; (ਮੈਨੂੰ) ਦੋਨੋਂ ਵਕਤ ਭੋਜਨ ਖਾਣ ਨੂੰ ਦੇਵੋ।੨।ਮੈਂ ਚਾਰ ਪਾਵਿਆਂ ਵਾਲਾ ਮੰਜਾ, ਸਿਰ੍ਹਾਣਾ ਤੇ ਹੋਰ (ਥੱਲੇ ਵਿਛਾਉਣ ਲਈ) ਗੱਦਾ ਮੰਗਦਾ ਹਾਂ।(ਅਪਣੇ) ਉਪਰ ਲੈਣ ਲਈ ਲੇਫ ਮੰਗਦਾ ਹਾਂ।ਤਾਂ ਜੋ ਤੇਰਾ ਦਾਸ (ਇਹ ਚੀਜਾਂ ਪ੍ਰਾਪਤ ਕਰਕੇ) ਪ੍ਰੇਮ ਨਾਲ ਭਗਤੀ ਕਰਦਾ ਰਹੇ।੩।(ਹੇ ਪ੍ਰਭੂ! ਇਹ ਸਭ ਚੀਜਾਂ ਮੰਗ ਕੇ) ਮੈਂ ਲੋਭ ਨਹੀਂ ਕੀਤਾ (ਜੀਵਨ ਦੇ ਨਿਰਬਾਹ ਲਈ ਇਹ ਚੀਜਾਂ ਜਰੂਰੀ ਹਨ)।ਮੈਨੂੰ ਇਕ ਤੇਰਾ ਨਾਮ ਫਬਦਾ (ਸੋਹਣਾ ਲਗਦਾ) ਹੈ।ਕਬੀਰ ਜੀ ਕਹਿੰਦੇ ਹਨ (ਕਿ ਹੇ ਪ੍ਰਭੂ! ਤੇਰਾ ਨਾਮ ਜਪਣ ਲਈ ਮੇਰਾ) ਮਨ ਮੰਨ ਗਿਆ ਹੈ।(ਜਦ) ਮਨ ਮੰਨ ਗਿਆ ਤਾਂ ਹੇ ਹਰੀ! (ਮੈਂ ਆਪ ਜੀ ਨੂੰ) ਜਾਣ ਲਿਆ ਹੈ ।੪।੧੧।

ਪਦਾਰਥ = ਭੂਖੇ–ਭੁੱਖੇ ਰਹਿ ਕੇ।ਨ ਕੀਜੈ–ਨਹੀਂ ਕੀਤੀ ਜਾਂਦੀ।ਯਹ–ਇਹ।ਹਉ–ਮੈਂ।ਮਾਂਗਉ–ਮੰਗਦਾ ਹਾਂ।ਰੇਨਾ–ਚਰਨ ਧੂੜ।ਦੇਨਾ –ਦੇਣਾ।੧।ਮਾਧਉ–ਹੇ ਪ੍ਰਭੂ!।ਕੈਸੀ ਬਨੈ–ਕਿਵੇਂ ਬਣ ਸਕਦੀ ਹੈ? ਦੇਹੁ–ਦੇਵੋਂਗੇ।ਤ–ਤਾਂ।ਲੇਵਉ ਮੰਗੇ–ਮੰਗ ਲੈਂਦਾ ਹਾਂ।ਰਹਾਉ। ਚੂਨਾ–ਆਟਾ।ਪਾਉ–ਇਕ ਪਾਈਆ।ਸੰਗਿ–ਨਾਲ; ਸ਼ਰਮ ਕੀਤਿਆਂ।ਲੂਨਾ–ਲੂਣ।ਦਾਲੇ–ਦਾਲ।ਮੋਕਉ–ਮੈਨੂੰ।ਦੋਨਉ ਵਖਤ–ਦੋਵੇਂ ਸਮੇਂ।ਜਿਵਾਲੇ–ਜਿਉਂਦਿਆਂ ਰੱਖੇ; ਖਾਣ ਨੂੰ ਭੋਜਨ ਦੇਵੋ।੨।ਖਾਟ–ਮੰਜਾ।ਚਉਪਾਈ–ਚਾਰ ਪਾਵਿਆਂ ਵਾਲਾ।ਸਿਰਹਾਨਾ–ਸਿਰ੍ਹਾਣਾ। ਅਵਰ–ਹੋਰ।ਤੁਲਾਈ–ਵਿਛਾਉਣ ਲਈ ਗੱਦਾ।ਊਪਰ ਕਉ–ਉਪਰ ਲੈਣ ਲਈ।ਖੀਂਧਾ–ਲੇਫ (ਰਜਾਈ)।ਕਰੈ–ਕਰਦਾ ਰਹੇ।ਜਨ–ਦਾਸ।ਥੀਂਧਾ–ਪ੍ਰੇਮ ਨਾਲ।੩।ਲਬੋ–ਲੋਭ।ਫਬੋ–ਫਬਦਾ ਹੈ।ਮਨ ਮਾਨਿਆ–ਮਨ ਮੰਨ ਗਿਆ।ਤਉ–ਤਾਂ; ਤਦ।੪।੧੧।

ਰਾਗੁ ਸੋਰਠਿ ਬਾਣੀ ਭਗਤ ਨਾਮ ਦੇ ਜੀ ਕੀ ਘਰੁ ੨ ੴ ਸਤਿਗੁਰ ਪ੍ਰਸਾਦਿ ॥

ਜਬ ਦੇਖਾ ਤਬ ਗਾਵਾ ॥ ਤਉ ਜਨ ਧੀਰਜੁ ਪਾਵਾ ॥੧॥ ਨਾਦਿ ਸਮਾਇਲੋ ਰੇ, ਸਤਿਗੁਰ ਭੇਟਿਲੇ ਦੇਵਾ ॥੧॥ਰਹਾਉ॥ (ਇਸ ਸ਼ਬਦ ਵਿਚ ਨਾਮ ਦੇਵ ਜੀ ਨੂੰ ਹਰੀ ਦੇ ਪ੍ਰਤੱਖ ਦਰਸ਼ਨ ਹੋਏ, ਇਸ ਦਰਸ਼ਨ ਨੂੰ ਨੂਰ ਹੀ ਨੂਰ ਕਰਕੇ ਦਸਿਆ ਹੈ ਅਤੇ ਉਸ ਦੀ ਉਸਤਤੀ ਕੀਤੀ ਹੈ)।ਜਦ ਮੈਂ ਹਰੀ ਨੂੰ ਦੇਖਦਾ ਹਾਂ ਤਾਂ (ਉਸ ਦੇ ਗੁਣ) ਗਾਉਂਦਾ ਹਾਂ।(ਜਦ ਗਾਉਂਦਾ ਹਾਂ) ਤਦ ਮੈਂ ਦਾਸ ਧੀਰਜ ਪਾਉਂਦਾ ਹਾਂ

।੧।ਹੇ ਭਾਈ! ਜਦ ਮੈਨੂੰ ਸਤਿਗੁਰੂ ਦੇਵ ਜੀ ਮਿਲੇ, ਤਦ ਮੈਂ (ਸਤਿਗੁਰੂ ਦੇ) ਸ਼ਬਦ ਵਿਚ ਸਮਾ (ਲੀਨ ਹੋ) ਗਿਆ।੧।ਰਹਾਉ।

ਅੰਗ ੬੫੭ = ਜਹ ਝਿਲਿਮਿਲਿ ਕਾਰੁ ਦਿਸੰਤਾ ॥ ਤਹ ਅਨਹਦ ਸਬਦ ਬਜੰਤਾ ॥ ਜੋਤੀ ਜੋਤਿ ਸਮਾਨੀ ॥ ਮੈ ਗੁਰ ਪਰਸਾਦੀ ਜਾਨੀ ॥੨॥ ਰਤਨ ਕਮਲ ਕੋਠਰੀ ॥ ਚਮਕਾਰ ਬੀਜੁਲ ਤਹੀ ॥ ਨੇਰੈ ਨਾਹੀ ਦੂਰਿ ॥ ਨਿਜ ਆਤਮੈ ਰਹਿਆ ਭਰਪੂਰਿ ॥੩॥ ਜਹ ਅਨਹਤ ਸੂਰ ਉਜ੍ਯਾਰਾ ॥ ਤਹ ਦੀਪਕ ਜਲੈ ਛੰਛਾਰਾ ॥ ਗੁਰ ਪਰਸਾਦੀ ਜਾਨਿਆ ॥ ਜਨੁ ਨਾਮਾ ਸਹਜ ਸਮਾਨਿਆ ॥੪॥੧॥ ਜਿਥੇ ਤੇਜ ਚਮਕ ਰਹੀ ਰੋਸ਼ਨੀ ਦਾ ਪ੍ਰਕਾਸ਼ ਨਜਰ ਆਉਂਦਾ ਹੈ।ਉਥੇ ਅਨਹਦ ਸ਼ਬਦ ਵਜਦਾ ਸੁਣੀਂਦਾ ਹੈ।ਉਥੇ ਪ੍ਰਕਾਸ਼ ਵਾਲੇ ਵਾਹਿਗੁਰੂ ਦੀ ਜੋਤ ਦਾ ਚਾਨਣਾ, ਨੂਰ ਫੈਲਿਆ ਹੋਇਆ ਹੈ।ਇਹ ਗੱਲ ਮੈਂ) ਗੁਰੂ ਦੀ ਕ੍ਰਿਪਾ ਨਾਲ ਜਾਣੀ ਹੈ।੨।ਹਿਰਦੇ ਕਮਲ ਰੂਪ ਕੋਠੜੀ ਵਿਚ ਭਾਵ ਮਨ ਵਿਚ (ਗੁਣਾਂ ਦੇ) ਰਤਨ ਭਰੇ ਹਨ।(ਜਿਨ੍ਹਾਂ ਦਾ) ਉਥੇ ਬਿਜਲੀ ਵਰਗਾ ਚਮਕਾਰਾ (ਪ੍ਰਕਾਸ਼) ਹੈ।ਵਾਹਿਗੁਰੂ ਨੇੜੇ ਦਿਸਦਾ ਹੈ, ਦੂਰ ਨਹੀਂ ।ਅਪਣੇ ਆਤਮਾ ਵਿਚ ਭਰਪੂਰ ਹੋ ਰਿਹਾ (ਅਨੁਭਵ ਹੁੰਦਾ) ਹੈ।੩।ਜਿਥੇ ਵਾਹਿਗੁਰੂ ਰੂਪ ਅਮਿੱਟ ਸੂਰਜ ਦਾ ਚਾਨਣਾ ਹੈ।ਉਥੇ ਸੂਰਜ ਚੰਦ ਰੂਪ ਜਗਦੇ ਦੀਵੇ ਮੱਧਮ ਦਿਸਦੇ ਹਨ।(ਉਪਰ ਦਸਿਆ ਸਭ ਕੁਛ) ਮੈਂ ਗੁਰੂ ਦੀ ਕ੍ਰਿਪਾ ਨਾਲ ਜਾਣਿਆ ਹੈ।(ਇਸ ਤਰ੍ਹਾਂ ਪ੍ਰਭੂ ਦਾ) ਦਾਸ ਨਾਮ ਦੇਵ ਸਹਿਜ ਪਦ ਵਿਚ ਸਮਾ ਗਿਆ ਹੈ; ਸੁਭਾਵਕ ਹੀ ਹਰੀ ਵਿਚ ਸਮਾ ਗਿਆ ਹੈ (ਫ.ਸ.)।੪।੧।

ਪਦਾਰਥ = ਜਬ-ਜਦ।ਦੇਖਾ-ਦੇਖਦਾ ਹਾਂ।ਤਬ-ਤਦ।ਗਾਵਾ-ਗਾਉਂਦਾ ਹਾਂ।ਤਉ-ਤਦ।ਜਨ-ਦਾਸ।ਪਾਵਾ-ਪਾਉਂਦਾ ਹਾਂ।੧।ਨਾਦਿ -ਸ਼ਬਦ ਰੂਪ ਵਾਹਿਗੁਰੂ ਵਿਚ।ਸਮਾਇਲੋ-ਸਮਾ (ਮਿਲ) ਗਿਆ।ਰੇ-ਹੇ ਭਾਈ!।ਭੇਟਿਲੇ-ਮਿਲੇ।ਦੇਵ-ਦੇਵ ਰੂਪ; ਪ੍ਰਕਾਸ਼ ਸਰੂਪ।੧। ਰਹਾਉ।ਜਹ-ਜਿੱਥੇ।ਝਿਲਮਿਲਕਾਰੁ-ਤੇਜ ਚਮਕਦੀ ਰੋਸ਼ਨੀ ਦਾ (ਰੁਹਾਨੀ) ਪ੍ਰਕਾਸ਼।ਦਿਸੰਤਾ-ਦਿਸਦਾ ਹੈ।ਤਹ-ਉਥੇ।ਅਨਹਦ- ਲਗਾਤਾਰ ਇਕ ਰਸ।ਬਜੰਤਾ-ਵਜਦਾ ਹੈ।ਜੋਤੀ ਜੋਤਿ-ਪ੍ਰਕਾਸ਼ ਵਾਲੇ ਹਰੀ ਦੀ ਜੋਤ ਦਾ ਚਾਨਣਾ।ਸਮਾਨੀ-ਫੈਲਿਆ ਹੋਇਆ ਹੈ।ਗੁਰ ਪਰਸਾਦੀ-ਗੁਰੂ ਦੀ ਕ੍ਰਿਪਾ ਨਾਲ।ਜਾਨੀ-ਜਾਣੀ ਹੈ।੨।ਰਤਨ ਕਮਲ ਕੋਠਰੀ-ਹਿਰਦੇ ਕਮਲ ਰੂਪ ਕੋਠੜੀ ਵਿਚ।ਚਮਕਾਰ ਬੀਜੁਲ- ਬਿਜਲੀ ਵਰਗਾ ਪ੍ਰਕਾਸ਼ ।ਤਹੀ-ਉਥੇ।ਨੇਰੈ-ਨੇੜੇ।ਨਿਜ ਆਤਮੈ-ਅਪਣੇ ਆਤਮਾ ਵਿਚ।ਰਹਿਆ ਭਰਪੂਰਿ-ਵਸ ਰਿਹਾ।੩।ਅਨਹਤ -ਨਾਸ਼ ਰਹਿਤ (ਨਾ ਮਿਟਣ ਵਾਲਾ; ਸਦਾ ਜਾਰੀ ਰਹਿਣ ਵਾਲਾ)।ਸੂਰ-ਸੂਰਜ ਦਾ।ਉਜ੍ਯਾਰਾ-ਚਾਨਣਾ।ਦੀਪਕ-ਦੀਵੇ।ਜਲੈ-ਜਗਦੇ ਹਨ।ਛੰਛਾਰਾ-ਮੱਧਮ; ਧੁੰਧਲਾ।ਜਨੁ ਨਾਮਾ-ਦਾਸ ਨਾਮ ਦੇਵ।ਸਹਜ-ਸਹਿਜ ਪਦ ਵਿਚ।ਸਮਾਨਿਆ-ਸਮਾ (ਮਿਲ) ਗਿਆ।੪।੧।

ਉਥਾਨਕਾ = ਇਕ ਵਾਰੀ ਭਗਤ ਨਾਮ ਦੇਵ ਜੀ ਦੀ ਛਪਰੀ ਨੂੰ ਅੱਗ ਲਗ ਗਈ, ਕਿਹਾ ਜਾਂਦਾ ਹੈ ਕਿ ਭਗਵਾਨ ਨੇ ਮਿਸਤ੍ਰੀ ਦਾ ਰੂਪ ਧਾਰ ਕੇ ਇਕ ਸੁੰਦਰ ਛਪਰੀ ਭਗਤ ਜੀ ਦੇ ਲਈ ਬਣਾ ਦਿਤੀ।ਜਿਸ ਨੂੰ ਦੇਖ ਕੇ ਭਗਤ ਜੀ ਦੀ ਇਕ ਗਵਾਂਢਣ ਪੁਛਦੀ ਹੈ, ਹੇ ਭਗਤ ਜੀ! ਇਤਨੀ ਸੁੰਦਰ ਛਪਰੀ ਕਿਸ ਮਿਸਤ੍ਰੀ ਨੇ ਬਣਾਈ ਹੈ? ਮੈਨੂੰ ਵੀ ਦਸੋਂ, ਭਗਤ ਜੀ ਇਸ ਸ਼ਬਦ ਰਾਹੀਂ ਉਤਰ ਦੇਂਦੇ ਹਨ।

ਘਰੁ ੪ ਸੋਰਠਿ ॥ ਪਾੜ ਪੜੋਸਣਿ ਪੂਛਿ ਲੇ ਨਾਮਾ, ਕਾ ਪਹਿ ਛਾਨਿ ਛਵਾਈ ਹੋ ॥ ਤੋ ਪਹਿ ਦੁਗਣੀ ਮਜੂਰੀ ਦੈਹਉ ,ਮੋ ਕਉ ਬੇਢੀ ਦੇਹੁ ਬਤਾਈ ਹੋ ॥੧॥ ਰੀ ਬਾਈ! ਬੇਢੀ ਦੇਨੁ ਨ ਜਾਈ ॥ ਦੇਖੁ ਬੇਢੀ ਰਹਿਓ ਸਮਾਈ ॥ ਹਮਾਰੈ ਬੇਢੀ ਪ੍ਰਾਨ ਅਧਾਰਾ ॥੧॥ਰਹਾਉ॥ ਬੇਢੀ ਪ੍ਰੀਤਿ ਮਜੂਰੀ ਮਾਂਗੈ, ਜਉ ਕੋਊ ਛਾਨਿ ਛਵਾਵੈ ਹੋ ॥ ਲੋਗ ਕੁਟੰਬ ਸਭਹੁ ਤੇ ਤੋਰੈ, ਤਉ ਆਪਨ ਬੇਢੀ ਆਵੈ ਹੋ ॥੨॥ ਐਸੋ ਬੇਢੀ ਬਰਨਿ ਨ ਸਾਕਉ ,ਸਭ ਅੰਤਰ ਸਭ ਠਾਂਈ ਹੋ ॥ ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ, ਪੂਛੇ ਕਹਨੁ ਨ ਜਾਈ ਹੋ ॥੩॥ ਬੇਢੀ ਕੇ ਗੁਣ ਸੁਨਿ ਰੀ ਬਾਈ, ਜਲਧਿ ਬਾਂਧਿ ਧ੍ਰੂ ਥਾਪਿਓ ਹੋ ॥ ਨਾਮੇ ਕੇ ਸੁਆਮੀ ਸੀਅ ਬਹੋਰੀ, ਲੰਕ ਭਭੀਖਣ ਆਪਿਓ ਹੋ ॥੪॥੨॥ ਲਾਗੇ ਰਹਿਣ ਵਾਲੀ ਇਕ ਗਵਾਂਢਣ ਪੁਛਣ ਲਗੀ ਕਿ ਹੇ ਨਾਮ ਦੇਵ ਜੀ! (ਤੁਸੀਂ ਇਹ ਛਪਰੀ) ਕਿਸ ਕਾਰੀਗਰ ਪਾਸੋਂ ਬਣਵਾਈ ਹੈ? ਮੈਂ (ਉਸ ਨੂੰ) ਤੇਰੇ ਨਾਲੋਂ ਦੁਗਣੀ ਮਜਦੂਰੀ ਦੇਵਾਂਗੀ, ਮੈਨੂੰ ਉਹ ਕਾਰੀਗਰ ਦਸ ਦੇਵੋ।੧।(ਨਾਮ ਦੇਵ ਜੀ ਦਾ ਉਤਰ) ਹੇ ਮਾਈ! ਉਹ ਕਾਰੀਗਰ ਦਿਤਾ (ਦੱਸਿਆ) ਨਹੀਂ ਜਾ ਸਕਦਾ, (ਕਿਉਂਕਿ) ਦੇਖ, ਉਹ ਤਾਂ ਸਭ ਜਗ੍ਹਾ ਸਮਾ ਰਿਹਾ ਹੈ (ਸਾਥੋ ਦੂਰ ਨਹੀਂ)।ਉਹ ਬੇਢੀ ਸਾਡੇ (ਸਭ ਜੀਵਾਂ ਦੇ) ਪ੍ਰਾਣਾਂ ਦਾ ਆਸਰਾ ਹੈ।੧।ਰਹਾਉ।ਜੇ ਕੋਈ ਮਨੁੱਖ ਉਸ ਬੇਢੀ ਤੋਂ ਅਪਣੀ ਛੰਨ ਬਣਾਉਣਾ ਚਾਹੇ, ਤਾਂ ਉਹ ਬੇਢੀ ਪ੍ਰੀਤ ਦੀ ਮਜਦੂਰੀ ਮੰਗਦਾ ਹੈ।(ਜੇ ਕੋਈ ਮਨੁੱਖ ਅਪਣੇ) ਪ੍ਰਵਾਰ, ਲੋਕ ਅਤੇ ਹੋਰ ਸਭ ਨਾਲੋਂ ਮੋਹ ਤੋੜ ਲਵੇ ਤਾਂ ਉਹ ਬੇਢੀ ਆਪ ਹੀ ਆ ਜਾਂਦਾ ਹੈ।੨।ਜਿਵੇਂ ਗੂੰਗੇ ਮਨੁੱਖ ਨੇ ਮਹਾਨ ਅੰਮ੍ਰਿਤ ਰਸ ਚੱਖਿਆ ਹੋਵੇ, (ਜੇ ਕੋਈ ਉਸ ਨੂੰ) ਪੁੱਛੇ ਤਾਂ (ਉਹ ਉਸ ਦਾ ਸੁਆਦ) ਦਸ ਨਹੀਂ ਸਕਦਾ।ਤਿਵੇਂ ਇਹੋ ਜਿਹੇ ਬੇਢੀ ਦਾ ਸਰੂਪ ਮੈਂ ਵਰਨਣ ਨਹੀਂ ਕਰ ਸਕਦਾ, (ਉਹ) ਸਭ ਜੀਵਾਂ ਦੇ ਦਿਲਾਂ ਦੇ ਅੰਦਰ ਅਤੇ ਸਭ ਥਾਵਾਂ ਤੇ ਮੌਜੂਦ ਹੈ।੩।ਹੇ ਮਾਈ! ਉਸ ਬੇਢੀ ਦੇ (ਕੁਛ ਕੁ) ਗੁਣ ਸੁਣ ਲੈ, (ਉਸ ਨੇ) ਸਮੁੰਦਰ ਤੇ ਪੁਲ ਬੰਨ੍ਹਿਆ ਅਤੇ ਧਰੂ ਭਗਤ ਨੂੰ ਅਟੱਲ ਪਦਵੀ ਉਤੇ ਸਥਾਪਨ ਕੀਤਾ।ਨਾਮ ਦੇਵ ਦੇ ਮਾਲਕ ਨੇ (ਰਾਮ ਚੰਦ੍ਰ ਦੇ ਰੂਪ ਵਿਚ) ਸੀਤਾ (ਲੰਕਾ ਤੋਂ) ਮੋੜ ਕੇ ਲਿਆਂਦੀ ਅਤੇ ਲੰਕਾ ਭਭੀਖਣ ਦੇ ਹਵਾਲੇ ਕਰ ਦਿਤੀ।੪।੨।

ਪਦਾਰਥ = ਪਾੜ ਪੜੋਸਣਿ-ਪਾਸ (ਲਾਗੇ) ਰਹਿੰਦੀ ਗਵਾਂਢਣ। ਨਾਮਾ-ਹੇ ਨਾਮ ਦੇਵ ਜੀ!। ਕਾ ਪਹਿ-ਕਿਸ ਪਾਸੋਂ। ਛਾਨਿ-ਛੰਨ (ਫੂਸ ਤੇ ਕਾਨਿਆਂ ਆਦਿ ਤੋਂ ਬਨਿਆ ਛੱਪਰ)। ਛਵਾਈ ਹੋ-ਛਤਵਾਈ (ਬਣਵਾਈ) ਹੈ। ਤੋ ਪਹਿ-ਤੇਰੇ ਨਾਲੋਂ। ਦੁਗਣੀ-ਦੋ ਗੁਣਾਂ ਜਿਆਦਾ। ਦੈਹਉ-ਮੈਂ ਦੇਵਾਂਗੀ। ਮੋ ਕਉ-ਮੈਨੂੰ। ਬੇਢੀ-(ਛੰਨ ਬਣਾਉਣ ਵਾਲਾ) ਕਾਰੀਗਰ। ਦੇਹੁ ਬਤਾਈ-ਦਸ ਦੇਵੋ।੧। ਰੀ ਬਾਈ-ਹੇ ਮਾਈ! (ਦੱਖਣ ਵਿਚ 'ਬਾਈ' ਇਸਤ੍ਰੀਆਂ ਲਈ ਸਨਮਾਨ ਬੋਧਕ ਸ਼ਬਦ ਹੈ)। ਦੇਨੁ ਨ ਜਾਈ-ਦਿਤਾ ਨਹੀਂ ਜਾ ਸਕਦਾ। ਰਹਿਓ ਸਮਾਈ-ਸਮਾ ਰਿਹਾ (ਸਭ ਥਾਂ ਵਿਆਪਕ) ਹੈ। ਹਮਾਰੈ-ਸਾਡੇ (ਸਭ ਜੀਵਾਂ ਦਾ)। ਪ੍ਰਾਣ ਅਧਾਰਾ-ਪ੍ਰਾਣਾਂ ਦਾ ਆਸਰਾ।੧। ਰਹਾਉ। ਜਉ-ਜੇ। ਕੋਊ-ਕੋਈ। ਛਵਾਵੈ ਹੋ-ਬਨਾਉਣਾ ਚਾਹੇ। ਕੁਟੰਬ-ਪ੍ਰਵਾਰ। ਸਭਹੁ ਤੇ-ਸਭ ਨਾਲੋਂ। ਤੋਰੈ-ਤੋੜ ਲਵੇ। ਤਉ-ਤਾਂ।੨। ਬਰਨਿ ਨ ਸਾਕਉ-ਵਰਨਣ ਨਹੀਂ ਕਰ ਸਕਦਾ। ਸਭ ਅੰਤਰ-ਸਭ (ਜੀਵਾਂ) ਦੇ ਦਿਲਾਂ ਦੇ ਅੰਦਰ। ਠਾਂਈ ਹੋ-ਥਾਂਵਾਂ ਤੇ। ਗੂੰਗੈ-ਗੂੰਗੇ ਨੇ।੩। ਜਲਧਿ-ਸਮੁੰਦਰ ਉਪਰ। ਬਾਂਧਿ-ਬੰਨ੍ਹਿਆ। ਥਾਪਿਓ ਹੋ-ਸਥਾਪਨ ਕੀਤਾ। ਸੁਆਮੀ-ਮਾਲਕ। ਸੀਅ-ਸੀਤਾ। ਬਹੋਰੀ-ਮੋੜ ਕੇ ਲਿਆਂਦੀ। ਲੰਕ-ਲੰਕਾ। ਭਭੀਖਣ ਆਪਿਓ ਹੋ-ਭਭੀਖਣ ਦੇ ਅਰਪਣ ਕਰ ਦਿਤੀ; ਭਭੀਖਣ ਦੀ ਅਪਣੀ ਬਣਾ ਦਿਤੀ।੪।੨।

ਸੋਰਠਿ ਘਰੁ ੩ ॥ ਅਣਮੜਿਆ ਮੰਦਲੁ ਬਾਜੈ ॥ ਬਿਨੁ ਸਾਵਣ ਘਨਹਰੁ ਗਾਜੈ ॥ ਬਾਦਲ ਬਿਨੁ ਬਰਖਾ ਹੋਈ ॥ ਜਉ ਤਤੁ ਬਿਚਾਰੈ ਕੋਈ ॥੧॥ ਮੋ ਕਉ ਮਿਲਿਓ ਰਾਮੁ ਸਨੇਹੀ ॥ ਜਿਹ ਮਿਲਿਐ ਦੇਹ ਸੁਦੇਹੀ ॥੧॥ਰਹਾਉ॥ ਮਿਲਿ ਪਾਰਸ ਕੰਚਨੁ ਹੋਇਆ ॥ ਮੁਖ ਮਨਸਾ ਰਤਨੁ ਪਰੋਇਆ ॥ ਨਿਜ ਭਾਉ ਭਇਆ ਭ੍ਰਮੁ ਭਾਗਾ ॥ ਗੁਰ ਪੂਛੇ ਮਨੁ ਪਤੀਆਗਾ ॥੨॥ ਜਲ ਭੀਤਰਿ ਕੁੰਭ ਸਮਾਨਿਆ ॥ ਸਭ ਰਾਮੁ ਏਕੁ ਕਰਿ ਜਾਨਿਆ ॥ ਗੁਰ ਚੇਲੇ ਹੈ ਮਨੁ ਮਾਨਿਆ ॥ ਜਨ ਨਾਮੈ ਤਤੁ ਪਛਾਨਿਆ ॥੩॥੩॥ (ਹਰੀ ਦੇ ਮਿਲਣ ਨਾਲ ਮੇਰੇ ਮਨ ਵਿਚ ਆਤਮਕ ਅਨੰਦ ਦਾ) ਤਬਲਾ ਵਜਦਾ ਹੈ, (ਪਰ ਉਹ ਤਬਲਾ ਚੰਮ ਨਾਲ) ਮੜ੍ਹਿਆ ਹੋਇਆ ਨਹੀਂ। ਅਤੇ ਸਾਵਣ ਦੇ ਮਹੀਨੇ ਤੋਂ ਬਿਨਾ ਹੀ ਬੱਦਲ ਗੱਜਦਾ ਹੈ (ਆਮ ਤੌਰ ਤੇ ਬੱਦਲ ਸਾਵਣ ਮਹੀਨੇ ਵਿਚ ਗੱਜਦਾ, ਪਰ ਇਹ ਅਜੇਹਾ ਬੱਦਲ ਹੈ, ਜੋ ਹਰ ਵੇਲੇ ਗਰਜਦਾ ਹੈ। ਆਤਮਕ ਸੰਗੀਤ ਵਿਚ ਤਬਲੇ ਤੇ ਬੱਦਲ ਦੇ ਗਰਜਣ ਦੀ ਅਵਾਜ ਅਪਣੇ ਆਪ ਸੁਣਾਈ ਦੇ ਰਹੀ ਹੈ)। ਬੱਦਲ ਤੋਂ ਬਿਨਾ ਹੀ ਬਾਰਸ਼ ਹੁੰਦੀ ਹੈ (ਬਾਰਸ਼ ਬੱਦਲ ਕਰਕੇ ਹੀ ਆਉਂਦੀ ਹੈ, ਪਰ ਇਹ ਨਾਮ ਬਾਣੀ ਦੀ ਬਾਰਸ਼ ਸਦਾ ਹੁੰਦੀ ਰਹਿੰਦੀ ਹੈ। ਇਹ ਸਭ ਕੁਛ ਤਾਂ ਹੁੰਦਾ ਹੈ) ਜੇ ਕੋਈ ਮਨੁੱਖ ਤੱਤ ਨੂੰ ਵਿਚਾਰੇ (ਸੱਚ ਦਾ ਵਿਚਾਰ ਕਰੇ)।੧। ਮੈਨੂੰ ਪਿਆਰਾ ਰਾਮ ਮਿਲ ਗਿਆ ਹੈ। ਜਿਸ ਦੇ ਮਿਲਣ ਨਾਲ ਮੇਰੀ ਦੇਹ ਸੁੰਦਰ ਦੇਹ ਬਣ ਗਈ ਹੈ (ਜੀਵਨ ਸਫਲ ਹੋ ਗਿਆ ਹੈ)।੧। ਰਹਾਉ। ਗੁਰੂ ਨੂੰ ਪੁੱਛ (ਗੁਰੂ ਤੋਂ ਉਪਦੇਸ਼ ਲੈ) ਕੇ ਮੇਰਾ ਮਨ ਸ਼ਰਧਾਵਾਨ ਹੋ ਗਿਆ ਹੈ। (ਗੁਰੂ ਰੂਪ) ਪਾਰਸ ਨਾਲ ਮਿਲ ਕੇ ਮੈਂ ਸੋਨਾ ਹੋ ਗਿਆ ਹਾਂ। ਮੂੰਹ ਅਤੇ ਮਨ ਵਿਚ ਨਾਮ ਰੂਪ ਰਤਨ ਪਰੋ ਲਿਆ ਹੈ। (ਜਿਸ ਕਰਕੇ ਮੇਰਾ ਹਰੀ ਨਾਲ) ਅਪਣਿਆਂ ਵਾਲਾ ਪ੍ਰੇਮ ਹੋ ਗਿਆ ਹੈ ਅਤੇ ਸਾਰਾ ਭਰਮ ਦੂਰ ਹੋ ਗਿਆ ਹੈ।੨। ਜਿਵੇਂ ਘੜੇ ਦਾ ਜਲ ਸਮੁੰਦਰ ਦੇ ਜਲ ਵਿਚ ਸਮਾ ਜਾਂਦਾ ਹੈ (ਘੜੇ ਦੇ ਪਾਣੀ ਦੀ ਵੱਖਰੀ ਹੋਂਦ ਨਹੀਂ ਰਹਿੰਦੀ, ਪਾਣੀ ਪਾਣੀ ਵਿਚ ਮਿਲ ਕੇ ਇਕ ਮਿਕ ਹੋ ਜਾਂਦਾ ਹੈ, ਤਿਵੇਂ ਮੈਂ ਤੇ ਪ੍ਰਮਾਤਮਾ ਇਕ ਰੂਪ ਹੋ ਗਏ ਹਾਂ। ਮੈਂ) ਸਭ ਜਗ੍ਹਾ ਇਕੋ ਰਾਮ ਨੂੰ ਭਰਪੂਰ ਕਰਕੇ ਜਾਣਿਆ ਹੈ। ਮੈਂ ਚੇਲੇ ਦਾ ਮਨ ਗੁਰੂ ਉਤੇ ਮੰਨ ਗਿਆ ਹੈ। ਦਾਸ ਨਾਮ ਦੇਵ ਨੇ ਤੱਤ ਸਰੂਪ ਪ੍ਰਭੂ ਨੂੰ ਪਛਾਣ ਲਿਆ ਹੈ।੩।੩।

ਜਲ ਭੀਤਰਿ ਕੁੰਭ ਸਮਾਨਿਆ = ਸਮੁੰਦਰ ਵਿਚ ਘੜਾ ਸਮਾ ਗਿਆ (ਜੀਵਾਤਮਾ ਪਰਮਾਤਮਾ ਵਿਚ ਸਮਾ ਗਿਆ) ਅਤੇ ਸਭ ਥਾਂ ਇਕੋ ਰਾਮ ਨੂੰ ਭਰਪੂਰ ਦੇਖਿਆ। (ਜਦ ਤਕ ਅਸੀਂ ਜੀਵਨ ਦਾ ਬੋਝ ਹਰੀ ਤੋਂ ਅੱਡ ਹੋ ਕੇ ਚੁਕਦੇ ਹਾਂ ਤਾਂ ਬਹੁਤ ਭਾਰਾ ਮਲੂਮ ਹੁੰਦਾ ਹੈ, ਪਰ ਜਦ ਰੱਬ ਨਾਲ ਏਕਤਾ ਕਰ ਲਈਏ, ਉਹਦੇ ਨਾਂ ਉਤੇ ਦੁੱਖ ਝੱਲਣ ਲੱਗੀਏ, ਤਾਂ ਕੋਈ ਦੁਖ ਮਲੂਮ ਨਹੀਂ ਹੁੰਦਾ। ਜਿਵੇਂ ਘੜਾ ਪਾਣੀ ਤੋਂ ਬਾਹਰ ਭਾਰਾ ਹੁੰਦਾ ਹੈ, ਪਰ ਦਰਿਆ ਵਿਚ ਰੱਖਣ ਨਾਲ ਮਣਾਂ ਮੂੰਹੀਂ ਪਾਣੀ ਉਹਦੇ ਉਤੋਂ ਲੰਘਦਾ ਹੈ, ਪਰ ਚੁੱਕਣ ਵਾਲੇ ਨੂੰ ਭਾਰਾ ਮਲੂਮ ਨਹੀਂ ਹੁੰਦਾ। ਸ਼ਬਦਾਰਥ ਦਾ ਫੁਟ ਨੋਟ)। ਜਿਵੇਂ ਪਾਣੀ ਵਿਚ ਘੜਾ ਹਲਕਾ ਤੇ ਬਾਹਰ ਭਾਰਾ ਪ੍ਰਤੀਤ ਹੁੰਦਾ ਹੈ, ਤਿਵੇਂ ਰੱਬ ਨਾਲ ਮਿਲ ਕੇ ਮਨੁੱਖ ਅਪਣੇ ਆਪ ਨੂੰ ਹਲਕਾ ਮਹਿਸੂਸ ਕਰਦਾ ਹੈ। ਪਹਿਲਾਂ ਵਖਰੇਵਾਂ ਹੋਣ ਕਰਕੇ ਭਾਰਾ ਭਾਰਾ ਮਹਿਸੂਸ ਹੁੰਦਾ ਸੀ।

ਪਦਾਰਥ = ਅਣਮੜਿਆ-ਜੋ ਚੰਮ ਨਾਲ ਮੜ੍ਹਿਆ ਨਹੀਂ। ਮੰਦਲੁ-ਤਬਲਾ; ਮ੍ਰਿਦੰਗ; ਢੋਲ। ਬਾਜੈ-ਵੱਜਦਾ ਹੈ। ਸਾਵਣ-ਸਾਵਣ ਦਾ ਮਹੀਨਾ। ਘਨਹਰੁ-ਬੱਦਲ। ਗਾਜੈ-ਗਰਜਦਾ ਹੈ। ਬਾਦਲ-ਬੱਦਲ। ਬਰਖਾ-ਮੀਂਹ। ਜਉ-ਜੇ; ਜਦੋਂ। ਤਤੁ-ਆਤਮ ਗਿਆਨ; ਅਸਲੀਅਤ ;ਸੱਚ; ਪ੍ਰਭੂ ਨੂੰ।੧। ਮੋ ਕਉ-ਮੈਨੂੰ। ਰਾਮੁ-ਵਾਹਿਗੁਰੂ। ਸਨੇਹੀ-ਪਿਆਰਾ। ਜਿਹ-ਜਿਸ ਦੇ। ਦੇਹ-ਸਰੀਰ। ਸੁਦੇਹੀ-ਸੁੰਦਰ ਸਰੀਰ।੧। ਰਹਾਉ। ਕੰਚਨੁ-ਸੋਨਾ। ਮੁਖਿ-ਮੂੰਹ ਵਿਚ। ਮਨਸਾ-ਮਨ ਵਿਚ। ਰਤਨੁ-ਨਾਮ ਰੂਪ ਰਤਨ। ਨਿਜ ਭਾਉ-ਅਪਣਿਆਂ ਵਾਲਾ ਪ੍ਰੇਮ। ਭਇਆ -ਹੋ ਗਿਆ। ਭਾਗਾ-ਦੌੜ (ਦੂਰ ਹੋ) ਗਿਆ। ਪੂਛੇ-ਪੁੱਛ (ਉਪਦੇਸ਼ ਲੈ) ਕੇ। ਪਤੀਆਗਾ-ਵਿਸ਼ਵਾਸ ਹੋ ਗਿਆ; ਸ਼ਰਧਾਵਾਨ ਹੋ ਗਿਆ।੨ । ਜਲ ਭੀਤਰਿ-ਸਮੁੰਦਰ ਦੇ ਪਾਣੀ ਵਿਚ। ਕੁੰਭ-ਘੜੇ ਦਾ (ਪਾਣੀ)। ਸਮਾਨਿਆ-ਮਿਲ ਜਾਂਦਾ ਹੈ। ਸਭ-ਸਭ ਜਗ੍ਹਾ। ਰਾਮੁ ਏਕੁ-ਇਕ

ਵਾਹਿਗੁਰੂ ਨੂੰ।ਮਨ ਮਾਨਿਆ–ਮਨ ਮੰਨ (ਸ਼ਰਧਾਵਾਨ ਹੋ) ਗਿਆ।ਜਨ ਨਾਮੈ–ਦਾਸ ਨਾਮਦੇਵ ਨੇ।੩।੩।

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ ॥ ਜਬ ਹਮ ਹੋਤੇ ਤਬ ਤੂ ਨਾਹੀ, ਅਬ ਤੂ ਹੀ ਮੈ ਨਾਹੀ ॥ ਅਨਲ ਅਗਮ ਜੈਸੇ ਲਹਰਿ ਮਇ ਓਦਧਿ, ਜਲ ਕੇਵਲ ਜਲ ਮਾਂਹੀ ॥੧॥ ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥੧॥ਰਹਾਉ॥ ਨਰਪਤਿ ਏਕੁ ਸਿੰਘਾਸਨਿ ਸੋਇਆ, ਸੁਪਨੇ ਭਇਆ ਭਿਖਾਰੀ ॥ ਅਛਤ ਰਾਜ ਬਿਛੁਰਤ ਦੁਖੁ ਪਾਇਆ, ਸੋ ਗਤਿ ਭਈ ਹਮਾਰੀ ॥੨॥ (ਹੇ ਪ੍ਰਭੂ !) ਜਦੋਂ ਮੇਰੇ ਅੰਦਰ ਹਉਮੈ ਆਦਿ ਵਿਕਾਰ ਹੁੰਦੇ ਸਨ, ਤਦੋਂ ਤੂੰ (ਮੇਰੇ ਅੰਦਰ) ਨਹੀਂ ਸੀ, ਹੁਣ ਤੂੰ (ਮੇਰੇ ਮਨ ਵਿਚ) ਆ ਗਿਆ ਹੈਂ ਤਾਂ (ਮੇਰੇ ਅੰਦਰ) ਹਉਮੈਂ ਨਹੀਂ ਰਹੀਂ {ਹਉਮੈ ਕਰੀ ਤਾਂ ਤੂ ਨਾਹੀ, ਤੂੰ ਹੋਵਹਿ ਹਉ ਨਾਹਿ ੧੦੯੨}।ਬੇਅੰਤ ਹਵਾ (ਤੁਫਾਨ) ਚਲਣ ਨਾਲ ਜਿਸ ਤਰ੍ਹਾਂ ਸਮੁੰਦਰ ਵਿਚ ਲਹਿਰਾਂ ਉਠਦੀਆਂ ਹਨ, ਪਰ ਉਹ ਪਾਣੀ ਅੰਦਰ ਕੇਵਲ ਪਾਣੀ ਹੀ ਹੁੰਦੀਆਂ ਹਨ (ਲਹਿਰ ਤੇ ਸਮੁੰਦਰ ਦੇ ਪਾਣੀ ਵਿਚ ਕੋਈ ਫਰਕ ਨਹੀਂ, ਇਸੇ ਤਰ੍ਹਾਂ ਮੇਰੇ ਅਤੇ ਤੇਰੇ ਵਿਚ ਕੋਈ ਫਰਕ ਨਹੀਂ ਰਿਹਾ)।੧।ਹੇ ਪ੍ਰਭੂ ! ਕੀ ਕਹੀਏ? ਭਰਮ ਐਸੀ ਚੀਜ ਹੈ।(ਭਰਮ ਵਿਚ ਪੈ ਕੇ) ਜਿਹੋ ਜਿਹਾ (ਕਿਸੇ ਪਦਾਰਥ ਨੂੰ) ਮੰਨੀਦਾ ਹੈ, (ਅਸਲ ਵਿਚ ਉਹ) ਉਹੋ ਜਿਹਾ ਹੁੰਦਾ ਨਹੀਂ (ਭਰਮ ਦੇ ਕਾਰਣ ਅਸੀਂ ਜੀਵ ਜੰਤ ਤੈਥੋਂ ਵੱਖਰੇ ਪ੍ਰਤੀਤ ਹੁੰਦੇ ਹਾਂ)।੧। ਰਹਾਉ।(ਪਰਮਾਣ, ਜਿਵੇਂ) ਇਕ ਰਾਜਾ ਅਪਣੇ ਸਿੰਘਾਸਣ ਤੇ ਸੌਂ ਗਿਆ ਅਤੇ ਸੁਪਨੇ ਵਿਚ ਭਿਖਾਰੀ ਹੋ (ਬਣ) ਗਿਆ।ਰਾਜ ਭਾਗ ਹੁੰਦੇ ਹੋਏ ਵੀ (ਉਸ ਨੇ ਜਿਸ ਤਰ੍ਹਾਂ ਸੁਪਨੇ ਵਿਚ ਰਾਜ ਦੇ ਸੁਖ ਤੋਂ) ਵਿਛੜ ਕੇ ਦੁਖ ਪਾਇਆ (ਜੀਵ ਰੂਪ ਰਾਜਾ ਹਿਰਦੇ ਰੂਪ ਸਿੰਘਾਸਨ ਤੇ ਅਵਿਦਿਆ ਰੂਪ ਨੀਂਦ ਵਿਚ ਸੁੱਤਾ ਹੋਇਆ ਭਰਮ ਰੂਪ ਸੁਪਨੇ ਵਿਚ ਭਿਖਾਰੀ ਬਣ ਗਿਆ ਹੈ।ਰਾਜ ਦੇ ਹੁੰਦਿਆਂ ਵੀ ਉਸ ਦੇ ਸੁਖ ਤੋਂ ਵਿਛੜ ਕੇ ਜਨਮ ਮਰਣ ਦਾ ਦੁਖ ਪਾਇਆ ਹੈ, ਤੈਥੋਂ ਵਿਛੜ ਕੇ) ਉਹ ਹਾਲਤ ਸਾਡੀ ਹੋਈ ਹੈ।੨।

ਅੰਗ ੬੫੮ = ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ, ਅਬ ਕਛੁ ਮਰਮੁ ਜਨਾਇਆ ॥ ਅਨਿਕ ਕਟਕ ਜੈਸੇ ਭੂਲਿ ਪਰੇ, ਅਬ ਕਹਤੇ ਕਹਨੁ ਨ ਆਇਆ ॥੩॥ ਸਰਬੇ ਏਕੁ ਅਨੇਕੈ ਸੁਆਮੀ, ਸਭ ਘਟ ਭੁੋਗਵੈ ਸੋਈ ॥ ਕਹਿ ਰਵਿਦਾਸ ਹਾਥ ਪੈ ਨੇਰੈ, ਸਹਜੇ ਹੋਇ ਸੁ ਹੋਈ ॥੪॥੧॥ ਜਿਸ ਤਰ੍ਹਾਂ ਰੱਸੀ ਨੂੰ (ਹਨ੍ਹੇਰੇ ਵਿਚ) ਸੱਪ ਸਮਝਣ ਦਾ ਪ੍ਰਸੰਗ ਹੈ, (ਇਸ ਤਰ੍ਹਾਂ ਮੈਨੂੰ ਭੁੱਲੇ ਹੋਏ ਨੂੰ) ਹੁਣ ਕੁਛ ਭੇਦ ਸਮਝ ਆਇਆ ਹੈ।ਜਿਸ ਤਰ੍ਹਾਂ (ਸੋਨੇ ਤੋਂ ਬਣੇ) ਅਨੇਕਾਂ ਕੰਗਣ ਦੇਖ ਕੇ ਕੋਈ ਮਨੁੱਖ ਭੁੱਲ ਪਵੇ (ਕਿ ਸ਼ਾਇਦ ਸੋਨੇ ਤੋਂ ਕੰਗਣ ਵੱਖਰੇ ਹਨ, ਤਿਵੇਂ ਭਰਮ ਕਰਕੇ ਮੈਨੂੰ ਜਗਤ ਪ੍ਰਭੂ ਤੋਂ ਵੱਖਰਾ ਪ੍ਰਤੀਤ ਹੁੰਦਾ ਸੀ, ਪਰ) ਹੁਣ ਉਹ ਬਚਨ ਕਹਿਣ ਵਿਚ ਨਹੀਂ ਆਉਂਦਾ (ਜੋ ਅੱਗੇ ਕਹਿੰਦਾ ਸੀ, ਮੇਰਾ ਭੁਲੇਖਾ ਮਿਟ ਗਿਆ ਕਿ ਜਗਤ ਪ੍ਰਭੂ ਤੋਂ ਵੱਖਰਾ ਹੈ)।੩।ਸਭ ਵਿਚ ਇਕ ਪ੍ਰਭੂ ਵਸਦਾ ਹੈ, ਉਹ ਹੀ ਅਨੇਕ ਰੂਪ ਬਣਿਆ ਹੋਇਆ ਹੈ, ਸਾਰੇ ਜੀਵਾਂ ਦੇ ਦਿਲਾਂ ਵਿਚ ਉਹ ਹੀ ਅਨੰਦ ਮਾਣ ਰਿਹਾ ਹੈ।ਭਗਤ ਰਵਿਦਾਸ ਜੀ ਕਹਿੰਦੇ ਹਨ ਕਿ (ਪ੍ਰਭੂ ਸਾਡੇ) ਹੱਥਾਂ ਤੋਂ ਵੀ ਨੇੜੇ ਹੈ, ਸੁਭਾਵਕ ਹੀ ਜੋ ਹੁੰਦਾ ਹੈ, ਉਹ ਹੁੰਦਾ ਰਹੇ (ਸਭ ਕੁਛ ਰੱਬ ਦੇ ਭਾਣੇ ਵਿਚ ਹੁੰਦਾ ਹੈ)।੪।੧।

ਪਦਾਰਥ = ਜਬ–ਜਦੋਂ।ਹਮ–ਹਉਮੈ (ਆਦਿ ਵਿਕਾਰ)।ਹੋਤੇ–ਹੁੰਦੇ ਸਨ।ਤਬ–ਤਦੋਂ।ਅਬ–ਹੁਣ।ਮੈ–ਹਉਮੈ।ਅਨਲ ਅਗਮ–ਬੇਅੰਤ ਹਵਾ (ਤੁਫਾਨ)।ਮਇ ਓਦਧਿ–(ਮਹੋਦਧਿ) ਮਹਾਂ ਸਾਗਰ।ਮਾਂਹੀ–ਵਿਚ।੧।ਮਾਧਵੇ–ਹੇ ਪ੍ਰਭੂ !।ਭ੍ਰਮੁ–ਭਰਮ; ਭੁਲੇਖਾ।ਮਾਨੀਐ–ਮੰਨੀਦਾ ਹੈ।ਤੈਸਾ–ਉਹੋ ਜਿਹਾ।੧।ਰਹਾਉ।ਨਰਪਤਿ–ਰਾਜਾ।ਸਿੰਘਾਸਨਿ–ਤਖਤ ਉਤੇ।ਭਇਆ–ਹੋਇਆ।ਭਿਖਾਰੀ–ਮੰਗਤਾ।ਅਛਤ –ਹੁੰਦੇ ਹੋਇਆਂ।ਸੋ–ਉਹ।ਗਤਿ–ਹਾਲਤ।ਭਈ–ਹੋਈ ਹੈ।ਹਮਾਰੀ–ਸਾਡੀ।੨।ਰਾਜ–ਰਜੂ, ਰੱਸੀ।ਭੁਇਅੰਗ–ਸੱਪ।ਪ੍ਰਸੰਗ–ਕਥਾ ਕਹਾਣੀ।ਹਹਿ–ਹੈ।ਅਬ–ਹੁਣ।ਮਰਮੁ–ਭੇਤ; ਅਸਲੀਅਤ।ਜਨਾਇਆ–ਸਮਝ ਆਇਆ ਹੈ।ਅਨਿਕ–ਅਨੇਕਾਂ।ਕਟਕ–ਕੜੇ।ਕਹਤੇ –ਕਹਿਣ ਵਿਚ।ਕਹਨੁ–ਬਚਨ; ਗੱਲ।੩।ਸਰਬੇ–ਸਭ ਵਿਚ।ਏਕੁ ਸੁਆਮੀ–ਇਕ ਪ੍ਰਭੂ।ਅਨੇਕੈ–ਅਨੇਕ ਰੂਪ ਹੈ।ਘਟ–ਸਾਰੇ ਜੀਵਾਂ ਦੇ ਦਿਲਾਂ ਵਿਚ।ਭੁੋਗਵੈ–ਭੋਗਦਾ ਹੈ।ਪੈ–ਪੈਰ; ਤੋਂ।ਸਹਜੇ–ਸੁਭਾਵਕ ਹੀ।ਸੁ–ਉਹ।੪।੧।

ਸੁਪਨੇ ਭਇਆ ਭਿਖਾਰੀ = ਸਿੰਘਾਸਨ ਤੇ ਬੈਠੇ ਇਕ ਰਾਜੇ ਨੂੰ ਨੀਂਦ ਆ ਗਈ, ਉਹ ਸੁਪਨੇ ਵਿਚ ਭਿਖਾਰੀ ਬਣ ਗਿਆ।ਭਿਖਿਆ ਮੰਗਣ ਗਏ ਨੂੰ ਰਸਤੇ ਵਿਚ ਗਿਦੜੀ ਨੇ ਗਿੱਟਾ ਫੜ ਲਿਆ, ਗਿਦੜੀ ਤੋਂ ਛੁੱਟਣ ਲਈ ਉਹ ਉਚੀ ਉਚੀ ਰੌਲਾ ਪਾਉਂਦਾ ਹੈ ਕਿ ਮੈਨੂੰ ਕੋਈ ਬਚਾਵੇ।ਜਦ ਕੋਈ ਨਾ ਆਇਆ ਤਾਂ ਰਾਜੇ ਨੇ ਗਿਦੜੀ ਦੇ ਸਿਰ ਤੇ ਡੰਡਾ ਮਾਰਿਆ, ਜਿਸ ਨਾਲ ਗਿਦੜੀ ਮਰ ਗਈ।ਗਿਦੜੀ ਦੇ ਖੁਭੇ ਦੰਦਾਂ ਕਰਕੇ ਗਿੱਟੇ ਤੇ ਜਖਮ ਹੋ ਗਿਆ।ਰਾਜਾ ਬੈਦ ਕੋਲੋਂ ਮਲ੍ਹਮ ਲਵਾਉਣ ਗਿਆ ਤਾਂ ਬੈਦ ਨੇ ਜੁਆਬ ਦਿਤਾ ਕਿ ਮਲ੍ਹਮ ਤਿਆਰ ਨਹੀਂ ਹੈ, ਇਕ ਪੈਸਾ ਦੇਹ ਤੇ ਮੈਂ ਮਲ੍ਹਮ ਤਿਆਰ ਕਰ ਦੇਂਦਾ ਹਾਂ।ਭਿਖਾਰੀ ਬਣੇ ਰਾਜੇ ਕੋਲ ਪੈਸਾ ਨਹੀਂ ਸੀ, ਇਤਨੇ ਨੂੰ ਰਾਜੇ ਦੀ ਨੀਂਦ ਖੁਲ੍ਹ ਗਈ, ਫਿਰ ਸੋਚਦਾ ਹੈ ਕਿ ਇਹ ਤਾਂ ਸੁਪਨਾ ਹੀ ਹੈ।ਪਰ ਸੁਪਨੇ ਦਾ ਦੁਖ ਰਾਜੇ ਮਨ ਵਿਚ ਹੈ।(ਸੰ.ਸ.)

ਜਉ ਹਮ ਬਾਂਧੇ ਮੋਹ ਫਾਸ, ਹਮ ਪ੍ਰੇਮ ਬਧਨਿ ਤੁਮ ਬਾਧੇ ॥ ਅਪਨੇ ਛੂਟਨ ਕੋ ਜਤਨੁ ਕਰਹੁ ,ਹਮ ਛੂਟੇ ਤੁਮ ਆਰਾਧੇ ॥੧॥ ਮਾਧਵੇ ਜਾਨਤ ਹਹੁ ਜੈਸੀ ਤੈਸੀ ॥ ਅਬ ਕਹਾ ਕਰਹੁਗੇ ਐਸੀ ॥੧॥ਰਹਾਉ॥ ਮੀਨੁ ਪਕਰਿ ਫਾਂਕਿਓ ਅਰੁ ਕਾਟਿਓ, ਰਾਂਧਿ ਕੀਓ ਬਹੁ ਬਾਨੀ ॥ ਖੰਡ ਖੰਡ ਕਰਿ ਭੋਜਨੁ ਕੀਨੋ, ਤਊ ਨ ਬਿਸਰਿਓ ਪਾਨੀ ॥੨॥ ਆਪਨ ਬਾਪੈ ਨਾਹੀ ਕਿਸੀ ਕੋ, ਭਾਵਨ ਕੋ ਹਰਿ ਰਾਜਾ ॥ ਮੋਹ ਪਟਲ ਸਭੁ ਜਗਤੁ ਬਿਆਪਿਓ, ਭਗਤ ਨਹੀ ਸੰਤਾਪਾ ॥੩॥ ਕਹਿ ਰਵਿਦਾਸ ਭਗਤਿ ਇਕ ਬਾਢੀ, ਅਬ ਇਹ ਕਾਸਿਉ ਕਹੀਐ ॥ ਜਾ ਕਾਰਨਿ ਹਮ ਤੁਮ ਆਰਾਧੇ, ਸੋ ਦੁਖੁ ਅਜਹੂ ਸਹੀਐ ॥੪॥੨॥ (ਹੇ ਪ੍ਰਭੂ !) ਜੇ ਅਸੀਂ (ਭਗਤ ਜਨ) ਮੋਹ ਦੀ ਫਾਹੀ ਵਿਚ ਬੰਨ੍ਹੇ ਹੋਏ ਹਾਂ ਤਾਂ ਤੈਨੂੰ ਵੀ ਅਸੀਂ (ਭਗਤਾਂ ਨੇ) ਪ੍ਰੇਮ ਦੀ ਰੱਸੀ ਨਾਲ ਬੰਨ੍ਹਿਆ ਹੋਇਆ ਹੈ।ਅਪਣੇ ਛੁਟਣ ਨੂੰ ਤੁਸੀਂ ਜਤਨ ਕਰੋ (ਸਾਡੇ ਪ੍ਰੇਮ ਤੋਂ ਛੁਟ ਨਹੀਂ ਸਕੋਗੇ), ਅਸੀਂ ਤਾਂ ਤੈਨੂੰ ਸਿਮਰ ਕੇ (ਸੰਸਾਰਕ ਮੋਹ ਤੋਂ) ਛੁਟ ਗਏ ਹਾਂ।੧।ਹੇ ਹਰੀ ! ਜੈਸੀ (ਤੇਰੇ ਨਾਲ) ਸਾਡੀ ਪ੍ਰੀਤ ਹੈ, ਤੈਸੀ ਤੂੰ ਜਾਣਦਾ ਹੈਂ।ਇਹੋ ਜਿਹੀ (ਪ੍ਰੀਤ ਹੁੰਦਿਆਂ) ਹੁਣ ਤੁਸੀਂ ਕੀ ਕਰ ਸਕੋਗੇ? (ਅਪਣਾ ਪ੍ਰੇਮ ਸਾਡੇ ਨਾਲੋਂ ਤੋੜ ਨਹੀਂ ਸਕੋਗੇ)। ੧।ਰਹਾਉ।ਜਿਵੇਂ ਮੱਛੀ ਨੂੰ ਪਕੜ ਕੇ ਛਿੱਲਿਆ ਗਿਆ ਤੇ ਕੱਟਿਆ ਗਿਆ ਅਤੇ ਰਿੰਨ੍ਹ ਕੇ ਬਹੁਤ ਵੰਨ ਸੁਵੰਨੀ ਭਾਜੀ ਬਣਾਈ ਗਈ। ਟੁਕੜੇ ਟੁਕੜੇ ਕਰਕੇ ਭੋਜਨ ਕੀਤਾ (ਖਾਧੀ, ਪਰ) ਫੇਰ ਵੀ (ਉਸ ਨੂੰ) ਪਾਣੀ ਨਹੀਂ ਭੁੱਲਿਆ (ਮੱਛੀ ਖਾਣ ਵਾਲੇ ਨੂੰ ਬਾਰ ਬਾਰ ਪਿਆਸ ਲਗਦੀ ਹੈ)।੨।ਹਰੀ ਰਾਜਾ ਕਿਸੇ ਦੇ ਅਪਣੇ ਪਿਓ ਦਾ ਖ਼੍ਰੀਦਿਆ ਹੋਇਆ ਨਹੀਂ ਹੈ, ਉਹ ਤਾਂ ਭਾਵਨਾ ਦੇ ਵਸ ਹੈ।(ਹਰੀ ਦੇ ਪ੍ਰੇਮ ਤੋਂ ਬਾਂਝੇ) ਸਾਰੇ ਜਗਤ ਉਤੇ ਮੋਹ ਦਾ ਪੜਦਾ ਛਾਇਆ ਪਿਆ ਹੈ, (ਪਰ ਇਹ ਮੋਹ ਪ੍ਰਭੂ ਦੇ) ਭਗਤਾਂ ਨੂੰ ਨਹੀਂ ਸਤਾਉਂਦਾ।੩।ਭਗਤ ਰਵਿਦਾਸ ਜੀ ਕਹਿੰਦੇ ਹਨ ਕਿ (ਹੇ ਹਰੀ ! ਮੇਰੇ ਮਨ ਵਿਚ) ਇਕ ਹਰੀ ਦੀ ਭਗਤੀ ਵਧ ਗਈ ਹੈ, (ਭਗਤੀ ਦਾ ਜੋ ਅਨੰਦ ਮਿਲਿਆ ਹੈ) ਇਹ ਹੁਣ ਕਿਸ ਨੂੰ ਦੱਸੀਏ? (ਇਹ ਅਨੰਦ ਦਸਿਆ ਨਹੀ ਜਾ ਸਕਦਾ)।ਜਿਸ ਦੁਖ ਤੋਂ ਬਚਣ ਲਈ ਅਸੀਂ ਤੇਰਾ ਸਿਮਰਨ ਕੀਤਾ ਹੈ, ਕੀ ਉਹ (ਮੋਹ ਦਾ) ਦੁਖ ਅਜੇ ਵੀ ਸਹਿਣਾ ਪਵੇਗਾ? (ਨਹੀਂ ਸਹਿਣਾ ਪਵੇਗਾ, ਕਿਉਂਕਿ ਮੁਕਤ ਹੋ ਗਏ ਹਾਂ)।੪।੨।

ਪਦਾਰਥ = ਜਉ–ਜੇ।ਹਮ–ਅਸੀਂ (ਭਗਤ ਜਨ)।ਬਾਂਧੇ–ਬੰਨ੍ਹੇ ਹੋਏ ਹਾਂ।ਫਾਸ–ਫਾਹੀ।ਬਧਨਿ–ਰੱਸੀ ਨਾਲ।ਕੋ–ਨੂੰ।ਤੁਮ–ਤੈਨੂੰ। ਆਰਾਧੇ–ਸਿਮਰ ਕੇ।੧।ਮਾਧਵੇ–ਹੇ ਪ੍ਰਭੂ !।ਜਾਨਤ ਹਹੁ–ਜਾਣਦੇ ਹੋ।ਜੈਸੀ–ਜਿਹੋ ਜਿਹੀ।ਤੈਸੀ–ਉਹੋ ਜਿਹੀ।ਅਬ–ਹੁਣ।ਕਹਾ–ਕੀ। ੧।ਰਹਾਉ।ਮੀਨੁ–ਮੱਛੀ।ਪਕਰਿ–ਪਕੜ ਕੇ।ਫਾਂਕਿਓ–ਛਿੱਲਿਆ; ਫਾੜੀਆਂ ਕੀਤੀਆਂ।ਅਰੁ–ਅਤੇ।ਰਾਂਧਿ–ਰਿੰਨ੍ਹ ਕੇ।ਕੀਓ–ਕੀਤੀ; ਬਣਾਈ।ਬਹੁ ਬਾਨੀ–ਬਹੁਤ ਵੰਨ ਸੁਵੰਨੀ (ਬਹੁਤ ਤਰ੍ਹਾਂ ਦੀ)।ਖੰਡ ਖੰਡ ਕਰਿ–ਟੋਟੇ ਟੋਟੇ (ਬੁਰਕੀ ਬੁਰਕੀ) ਕਰਕੇ।ਭੋਜਨੁ ਕੀਨੋ–ਭੋਜਨ ਕੀਤਾ (ਖਾਧੀ)।ਤਊ–ਫਿਰ ਵੀ।ਨ ਬਿਸਰਿਓ–ਨਹੀਂ ਭੁੱਲਿਆ।੨।ਆਪਨ ਬਾਪੈ–ਅਪਣੇ ਪਿਓ ਦਾ।ਕਿਸੀ ਕੋ–ਕਿਸੇ ਦਾ। ਭਾਵਨ ਕੋ–ਭਾਵਨਾ ਦਾ; ਸ਼ਰਧਾ ਦਾ।ਪਟਲ–ਪੜਦਾ।ਬਿਆਪਿਓ–ਛਾਇਆ ਪਿਆ ਹੈ।ਨਹੀ ਸੰਤਾਪਾ–ਸਤਾਉਂਦਾ ਨਹੀਂ; ਦੁਖ ਨਹੀਂ ਦੇਂਦਾ।੩।ਭਗਤਿ ਇਕ–ਇਕ ਪ੍ਰਭੂ ਦੀ ਭਗਤੀ।ਬਾਢੀ–ਵਧ ਗਈ ਹੈ।ਕਾਸਿਉ–ਕਿਸ ਨੂੰ।ਜਾ ਕਾਰਨਿ–ਜਿਸ (ਦੁੱਖ ਤੋਂ ਬਚਣ) ਲਈ ਆਰਾਧੇ–ਸਿਮਰਦੇ ਹਾਂ।ਸੋ–ਉਹ।ਅਜਹੂ–ਅਜੇ ਵੀ।ਸਹੀਐ–ਸਹਾਰਨਾ ਪਏਗਾ।੪।੨।

ਦੁਲਭ ਜਨਮੁ ਪੁੰਨ ਫਲ ਪਾਇਓ, ਬਿਰਥਾ ਜਾਤ ਅਬਿਬੇਕੈ ॥ ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ, ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ ॥੧॥ ਨ ਬੀਚਾਰਿਓ ਰਾਜਾ ਰਾਮ ਕੋ ਰਸੁ ॥ ਜਿਹ ਰਸ ਅਨ ਰਸ ਬੀਸਰਿ ਜਾਹੀ ॥੧॥ਰਹਾਉ॥ ਜਾਨਿ ਅਜਾਨ ਭਏ ਹਮ ਬਾਵਰ, ਸੋਚ ਅਸੋਚ ਦਿਵਸ ਜਾਹੀ ॥ ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ, ਪਰਮਾਰਥ ਪਰਵੇਸ ਨਹੀ ॥੨॥ ਕਹੀਅਤ ਆਨ ਅਚਰੀਅਤ ਅਨ ਕਛੁ ,ਸਮਝ ਨ ਪਰੈ ਅਪਰ ਮਾਇਆ ॥ ਕਹਿ ਰਵਿਦਾਸ ਉਦਾਸ ਦਾਸ ਮਤਿ, ਪਰਹਰਿ ਕੋਪੁ ਕਰਹੁ ਜੀਅ ਦਇਆ ॥੩॥੩॥ (ਹੇ ਭਾਈ !) ਚੰਗੇ ਕਰਮਾਂ ਦੇ ਫਲ ਕਰਕੇ ਇਹ ਦੁਰਲੱਭ ਜਨਮ ਪ੍ਰਾਪਤ ਹੋਇਆ ਹੈ, ਪਰ ਵਿਚਾਰਹੀਣ ਹੋਣ ਕਰਕੇ ਬਿਰਥਾ ਜਾ ਰਿਹਾ ਹੈ ।ਇੰਦਰ ਰਾਜੇ ਦੇ ਬਰਾਬਰ ਦੇ ਮਹਿਲ ਅਤੇ ਤਖਤ ਵੀ ਹੋਣ, ਪਰ ਹਰੀ ਦੀ ਭਗਤੀ ਤੋਂ ਬਿਨਾ ਦੱਸੋ ਕਿਸ ਗਿਣਤੀ ਵਿਚ ਹਨ? (ਕਿਸੇ ਕੰਮ ਦੇ ਨਹੀਂ।੧।ਹੇ ਪ੍ਰਭੂ ! ਅਸੀਂ ਸੰਸਾਰੀ ਲੋਕਾਂ ਨੇ) ਰਾਜਾ ਰਾਮ ਦੇ ਨਾਮ ਰਸ ਨੂੰ ਨਹੀਂ ਵਿਚਾਰਿਆ।ਜਿਸ ਰਸ ਦੇ ਮਿਲਣ ਨਾਲ ਹੋਰ (ਸਾਰੇ ਵਿਸ਼ੇ) ਰਸ ਭੁੱਲ (ਦੂਰ ਹੋ) ਜਾਂਦੇ ਹਨ।੧।ਰਹਾਉ।ਅਸੀਂ ਪਾਗਲ ਜਾਨਣ ਵਾਲੀ ਗੱਲ ਵਲੋਂ ਅਣਜਾਣ ਹੋ ਗਏ ਹਾਂ ਅਤੇ ਸੋਚਣ ਵਾਲੀ ਗੱਲ ਨੂੰ ਨਾ ਸੋਚਦਿਆਂ ਦਿਨ ਬੀਤਦੇ ਜਾਂਦੇ ਹਨ; ਅਸੀਂ ਜਾਣਦੇ ਬੁਝਦੇ ਹੋਏ ਬੇਸਮਝ ਤੇ ਪਾਗਲ ਬਣੇ ਹੋਏ ਹਾਂ, ਚੰਗੇ ਮੰਦੇ ਸੋਚ ਵਿਚਾਰਾਂ ਵਿਚ ਦਿਨ ਗੁਜਰ ਜਾਂਦੇ ਹਨ।ਅਸੀਂ ਇੰਦ੍ਰੀਆਂ (ਵਿਸ਼ੇ ਵਿਕਾਰਾਂ ਦੀਆਂ ਵਾਸ਼ਨਾ) ਕਰਕੇ ਬਲਵਾਨ ਹਾਂ, ਪਰ ਵਿਚਾਰ ਬੁਧੀ ਵਿਚ ਨਿਰਬਲ ਹਾਂ, (ਇਸ ਲਈ ਸਾਡੀ ਬੁੱਧੀ ਦੀ) ਪਹੁੰਚ ਆਤਮ ਵਿਦਿਆ ਤਕ ਨਹੀਂ ਹੈ; (ਸਾਡੀ ਬੁੱਧੀ) ਪਰਮਾਰਥ ਵਿਚ ਪ੍ਰਵੇਸ਼ ਨਹੀਂ ਕਰ ਸਕਦੀ।੨।(ਹੇ ਪ੍ਰਭੂ ! ਅਸੀਂ ਲੋਕ) ਕਹਿੰਦੇ ਕੁਛ ਹੋਰ ਹਾਂ ਤੇ ਕਮਾਉਂਦੇ ਕੁਛ ਹੋਰ ਹਾਂ (ਜੋ ਕੁਛ ਕਹਿੰਦੇ ਹਾਂ ਉਹ ਕਰਦੇ ਨਹੀਂ), ਤੇਰੀ ਅਪਾਰ ਮਾਇਆ ਦੇ ਮੋਹੇ ਹੋਏ ਹੋਣ ਕਰਕੇ ਸਾਨੂੰ ਕੁਛ ਸਮਝ ਨਹੀਂ ਪੈਂਦੀ।ਰਵਿਦਾਸ ਜੀ ਕਹਿੰਦੇ ਹਨ (ਕਿ ਹੇ

ਪ੍ਰਭੂ! ਮੈਂ) ਉਦਾਸ ਮੱਤ ਵਾਲਾ ਤੇਰਾ ਦਾਸ ਹਾਂ, ਗੁੱਸਾ ਛਡ ਕੇ ਇਸ ਜੀਵ ਉਤੇ ਦਇਆ ਕਰੋ।੩।੩।

ਪਦਾਰਥ = ਦੁਲਭ (ਦੁਲੱਭ ਬੋਲੋ)-ਬੜਾ ਔਖਾ ਮਿਲਨ ਵਾਲਾ।ਪੁੰਨ ਫਲ-ਚੰਗੇ ਕਰਮਾਂ ਦੇ ਫਲ ਕਰਕੇ।ਬਿਰਥਾ-ਬਿਅਰਥ।ਜਾਤ-ਜਾ ਰਿਹਾ ਹੈ।ਅਬਿਬੇਕੈ-ਵਿਚਾਰਹੀਣ ਹੋਣ (ਬੇਸਮਝੀ) ਕਰਕੇ।ਸਮਸਰਿ-ਦੇ ਬਰਾਬਰ।ਗ੍ਰਿਹ-ਘਰ (ਮਹਿਲ)।ਆਸਨ-ਬੈਠਣ ਦੀ ਥਾਂ (ਤਖਤ)।ਕਹਹੁ-ਕਹੋ (ਦੱਸੋ)।ਕਿਹ ਲੇਖੈ-ਕਿਸ ਗਿਣਤੀ ਵਿਚ ਹਨ?।੧।ਰਾਜਾ ਰਾਮ-ਜਗਤ ਦਾ ਮਾਲਕ ਪ੍ਰਭੂ।ਰਸੁ-ਨਾਮ ਦਾ ਅਨੰਦ।ਜਿਹ ਰਸ-ਜਿਸ ਅਨੰਦ ਦੀ ਪ੍ਰਾਪਤੀ ਨਾਲ।ਅਨ ਰਸ-ਹੋਰ (ਵਿਸ਼ਿਆਂ ਦੇ) ਰਸ।ਬੀਸਰਿ ਜਾਹੀ-ਭੁੱਲ (ਦੂਰ ਹੋ) ਜਾਂਦੇ ਹਨ।੧।ਰਹਾਉ।ਜਾਨਿ-ਜਾਨਣ ਵਾਲੀ ਗੱਲ ਤੋਂ; ਜਾਣਦੇ ਬੁਝਦੇ ਹੋਏ।ਅਜਾਨ-ਅਨਜਾਣ; ਬੇਸਮਝ; ਮੂਰਖ।ਭਏ-ਹੋਏ ਹਾਂ।ਬਾਵਰ-ਪਾਗਲ।ਸੋਚ ਅਸੋਚ-ਸੋਚਣ ਵਾਲੀ ਗੱਲ ਨੂੰ ਨਾ ਸੋਚਦਿਆਂ; ਚੰਗੇ ਮੰਦੇ ਸੋਚ ਵਿਚਾਰਾ ਵਿਚ।ਸਬਲ-ਬਲਵਾਨ।ਨਿਬਲ-ਨਿਰਬਲ।ਬਿਬੇਕ ਬੁਧਿ-ਵਿਚਾਰ ਵਾਲੀ ਬੁੱਧੀ।ਪਰਮਾਰਥ-ਆਤਮ ਵਿਦਿਆ; ਸਭ ਤੋਂ ਉਤਮ ਚੀਜ; ਸਚਾਈ; ਆਤਮ ਸੁਖ; ਆਤਮਾ ਦੀ ਮੁਕਤੀ ਦਾ ਰਸਤਾ।ਪਰਵੇਸ-ਪਹੁੰਚ; ਅੰਦਰ ਦਾਖਲ ਹੋਣਾ।੨।ਆਨ-ਹੋਰ।ਅਚਰੀਅਤ-ਕਮਾਉਂਦੇ ਹਾਂ।ਅਨ-ਹੋਰ।ਨ ਪਰੈ-ਨਹੀਂ ਪੈਂਦੀ।ਅਪਰ-ਬੇਅੰਤ।ਉਦਾਸ ਮਤਿ-ਉਪਰਾਮ (ਬੈਰਾਗ) ਮੱਤ ਵਾਲਾ।ਪਰਹਰਿ-ਛਡ ਕੇ।ਕੋਪੁ-ਗੁੱਸਾ।ਜੀਅ-ਜੀਵ ਉਤੇ।੩।੩।

ਸੁਖ ਸਾਗਰੁ ਸੁਰਤਰ ਚਿੰਤਾਮਨਿ, ਕਾਮਧੇਨੁ ਬਸਿ ਜਾ ਕੇ ॥ ਚਾਰਿ ਪਦਾਰਥ ਅਸਟ ਦਸਾ ਸਿਧਿ, ਨਵਨਿਧਿ ਕਰ ਤਲ ਤਾ ਕੇ ॥੧॥ ਹਰਿ ਹਰਿ ਹਰਿ ਨ ਜਪਹਿ ਰਸਨਾ ॥ ਅਵਰ ਸਭ ਤਿਆਗਿ ਬਚਨ ਰਚਨਾ ॥੧॥ਰਹਾਉ॥ ਨਾਨਾ ਖਿਆਨ ਪੁਰਾਨ ਬੇਦ ਬਿਧਿ, ਚਉਤੀਸ ਅਖਰ ਮਾਂਹੀ ॥ ਬਿਆਸ ਬਿਚਾਰਿ ਕਹਿਓ ਪਰਮਾਰਥੁ ,ਰਾਮ ਨਾਮ ਸਰਿ ਨਾਹੀ ॥੨॥ ਸਹਜ ਸਮਾਧਿ ਉਪਾਧਿ ਰਹਤ ਫੁਨਿ, ਬਡੈ ਭਾਗਿ ਲਿਵ ਲਾਗੀ ॥ ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ, ਜਨਮ ਮਰਨ ਭੈ ਭਾਗੀ ॥੩॥੪॥ (ਹੇ ਭਾਈ! ਪ੍ਰਭੂ) ਸੁੱਖਾਂ ਦਾ ਸਾਗਰ ਹੈ ,ਕਲਪ ਬ੍ਰਿਛ, ਚਿੰਤਾਮਣੀ ਅਤੇ ਕਾਮਧੇਨ ਆਦਿ ਜਿਸ ਦੇ ਵਸ ਵਿਚ ਹਨ।ਚਾਰ ਪਦਾਰਥ, ਅਠਾਰਾਂ ਸਿਧੀਆਂ ਅਤੇ ਨੌਂ ਨਿਧੀਆਂ ਸਭ ਉਸ ਦੇ ਹੱਥ ਦੀ ਤਲੀ ਉਤੇ ਹਨ (ਜਿਸ ਮਨੁੱਖ ਉਤੇ ਪ੍ਰਭੂ ਦਿਆਲ ਹੁੰਦਾ ਹੈ, ਉਸ ਨੂੰ ਇਹ ਸਭ ਬਖਸ਼ ਦੇਂਦਾ ਹੈ।੧।ਹੇ ਭਾਈ!) ਹੋਰ ਸਭ ਗੱਲਾਂ ਬਣਾਉਣੀਆਂ ਛਡ ਕੇ ਤੂੰ ਰਸਨਾ ਨਾਲ ਹਰੀ ਦਾ ਹਰਿ ਹਰਿ ਨਾਮ ਕਿਉਂ ਜਪਦਾ?।੧।ਰਹਾਉ।ਪੁਰਾਣਾਂ ਦੇ ਅਨੇਕਾਂ ਪ੍ਰਸੰਗ, ਬੇਦਾਂ ਦੀ ਵਿਧੀ ਦੱਸਣ ਵਾਲੀਆਂ ਪੁਸਤਕਾਂ ਉਪਨਿਸ਼ਦ ਆਦਿ ਸਭ ਚੌਂਤੀ ਅਖਰਾਂ ਵਿਚ ਹੀ ਲਿਖੀਆਂ ਹੋਈਆਂ ਹਨ (ਜੋ ਸਿਰਫ ਬਚਨ ਰਚਨਾ ਹੈ।ਵੇਦਾਂ ਦੇ ਖੋਜੀ) ਬਿਆਸ ਜੀ ਨੇ ਵਿਚਾਰ ਕੇ ਮਹਾਂ ਤੱਤ ਦਸਿਆ ਹੈ ਕਿ (ਇਨ੍ਹਾਂ ਪੁਸਤਕਾਂ ਦਾ ਪਾਠ) ਰਾਮ ਨਾਮ ਦੇ ਸਿਮਰਨ ਬਰਾਬਰ ਨਹੀਂ ਹੈ।੨।ਵੱਡੇ ਭਾਗਾਂ ਕਰਕੇ ਜਿਨ੍ਹਾਂ ਪੁਰਖਾਂ ਦੀ ਲਿਵ ਹਰੀ ਦੇ ਨਾਮ ਵਿਚ ਲੱਗੀ ਹੈ, ਉਨ੍ਹਾਂ ਦਾ ਸੁਭਾਵਕ ਹੀ ਧਿਆਨ ਜੁੜ ਜਾਂਦਾ ਹੈ ਅਤੇ ਫੇਰ ਉਹ ਦੁੱਖਾਂ ਕਲੇਸ਼ਾਂ ਤੋਂ ਮੁਕਤ ਹੋ ਜਾਂਦੇ ਹਨ।ਰਵਿਦਾਸ ਜੀ ਕਹਿੰਦੇ ਹਨ ਕਿ (ਅਜੇਹੇ ਪੁਰਖਾਂ ਦੇ) ਹਿਰਦੇ ਵਿਚ ਨਾਮ ਦਾ ਪ੍ਰਕਾਸ਼ ਟਿਕ ਜਾਂਦਾ ਹੈ, (ਜਿਸ ਦੀ ਬਰਕਤ ਨਾਲ ਉਨ੍ਹਾਂ ਦਾ) ਜਨਮ ਮਰਨ ਦਾ ਡਰ ਨੱਸ ਜਾਂਦਾ ਹੈ।੩।੪।

ਪਦਾਰਥ = ਸੁਖ ਸਾਗਰੁ-ਸੁੱਖਾਂ ਦਾ ਸਾਗਰ ਪ੍ਰਭੂ।ਸੁਰਤਰ-ਸਵੱਰਗ ਦਾ ਕਲਪ ਬ੍ਰਿਛ।ਚਿੰਤਾਮਨਿ-ਮਨ ਦੀ ਚਿਤਵਨੀ ਪੂਰੀ ਕਰਨ ਵਾਲੀ ਮਣੀ।ਕਾਮਧੇਨੁ-ਸਵੱਰਗ ਦੀ ਗਾਂ (ਜੋ ਮਨ ਇੱਛਤ ਪਦਾਰਥ ਦੇਣ ਵਾਲੀ ਮੰਨੀ ਜਾਂਦੀ ਹੈ)।ਬਸਿ-ਵਸ ਵਿਚ।ਜਾ ਕੇ-ਜਿਸ (ਪ੍ਰਭੂ) ਦੇ।ਚਾਰਿ ਪਦਾਰਥ-ਧਰਮ ਅਰਥ ਕਾਮ ਤੇ ਮੋਖ।ਅਸਟ ਦਸਾ-੮+੧੦ ਅਠਾਰਾਂ।ਨਵ ਨਿਧਿ-ਨੌਂ ਨਿਧੀਆਂ (ਕੁਬੇਰ ਦੇਵਤੇ ਦੇ ਨੌਂ ਖਜਾਨੇ)।ਕਰ ਤਲ-ਹੱਥ ਦੀ ਤਲੀ ਉਤੇ।ਤਾ ਕੇ-ਉਸ (ਪ੍ਰਭੂ) ਦੇ।੧।ਰਸਨਾ-ਜੀਭ ਨਾਲ।ਅਵਰ-ਹੋਰ।ਤਿਆਗਿ-ਛਡ ਕੇ।ਬਚਨ ਰਚਨਾ-ਗੱਲਾਂ ਬਣਾਉਣੀਆਂ; ਫੋਕੀਆਂ ਗੱਲਾਂ।੧।ਰਹਾਉ।ਨਾਨਾ-ਅਨੇਕ; ਬਹੁਤ।ਖਿਆਨ-ਪ੍ਰਸੰਗ; ਵਖਿਆਨ।ਬੇਦ ਬਿਧਿ-ਬੇਦਾਂ ਵੀ ਵਿਧੀ ਦੱਸਣ ਵਾਲੀਆਂ ਪੁਸਤਕਾਂ ਉਪਨਿਸ਼ਦਾਂ।ਚਉਤੀਸ ਅਖਰ ਮਾਂਹੀ-੩੪ ਅਖਰਾਂ ਵਿਚ ਹੀ (ਸੰਸਕ੍ਰਿਤ ਦੇ ਅਸਲ ਅੱਖਰ ੩੪ ਹਨ, ਬਾਕੀ ਅੱਖਰ ਇਕ ਦੂਜੇ ਦੇ ਮੇਲ ਤੋਂ ਬਣੇ ਹੋਏ ਹਨ, ਜਿਵੇਂ ਸੱਸੇ ਦੇ ਤਿੰਨ ਰੂਪ ਹਨ)।ਪਰਮਾਰਥੁ-ਮਹਾਂ ਤੱਤ; ਪਰਮ ਅਰਥ; ਸਭ ਤੋਂ ਉਚੀ ਗੱਲ।ਸਰਿ-ਬਰਾਬਰ।੨।ਸਹਜ ਸਮਾਧਿ-ਸੁਭਾਵਕ ਧਿਆਨ ਜੁੜ ਜਾਂਦਾ ਹੈ।ਉਪਾਧਿ-ਦੁਖ ਕਲੇਸ਼।ਫੁਨਿ-ਫੇਰ; ਮੁੜ।ਬਡੈ ਭਾਗਿ-ਵੱਡੇ ਭਾਗਾਂ ਕਰਕੇ।ਰਿਦੈ ਧਰਿ-ਹਿਰਦੇ ਵਿਚ ਟਿਕ ਜਾਂਦਾ ਹੈ।ਭੈ-ਡਰ।ਭਾਗੀ-ਨੱਸ ਜਾਂਦਾ ਹੈ।੩।੪।

ਜਉ ਤੁਮ ਗਿਰਿਵਰ, ਤਉ ਹਮ ਮੋਰਾ ॥ ਜਉ ਤੁਮ ਚੰਦ, ਤਉ ਹਮ ਭਏ ਹੈ ਚਕੋਰਾ ॥੧॥ ਮਾਧਵੇ ਤੁਮਨ ਤੋਰਹੁ ,ਤਉ ਹਮ ਨਹੀ ਤੋਰਹਿ ॥ ਤੁਮ ਸਿਉ ਤੋਰਿ, ਕਵਨ ਸਿਉ ਜੋਰਹਿ ॥੧॥ਰਹਾਉ॥ ਜਉ ਤੁਮ ਦੀਵਰਾ, ਤਉ ਹਮ ਬਾਤੀ ॥ ਜਉ ਤੁਮ ਤੀਰਥ, ਤਉ ਹਮ ਜਾਤੀ ॥੨॥ (ਹੇ ਪ੍ਰਭੂ!) ਜੇ ਤੁਸੀਂ ਸੁੰਦਰ ਪਹਾੜ ਰੂਪ ਹੋ ਤਾਂ ਅਸੀਂ (ਤੇਰੇ ਆਸਰੇ ਰਹਿਣ ਵਾਲੇ) ਮੋਰ ਹਾਂ।ਜੇ ਤੁਸੀਂ ਚੰਦ ਰੂਪ ਹੋ ਤਾਂ ਅਸੀਂ ਚਕੋਰ ਹੋ ਗਏ ਹਾਂ।੧।ਹੇ ਪ੍ਰਭੂ! ਜੇ ਤੁਸੀਂ (ਮੇਰੇ ਨਾਲ ਪ੍ਰੇਮ) ਤੋੜ ਵੀ ਦੇਵੋ ਤਾਂ ਵੀ ਅਸੀਂ (ਆਪ ਜੀ ਨਾਲ ਪ੍ਰੇਮ) ਨਹੀਂ ਤੋੜਾਂਗੇ।(ਕਿਉਂਕਿ) ਤੁਹਾਡੇ ਨਾਲੋਂ (ਪ੍ਰੇਮ) ਤੋੜ ਕੇ ਹੋਰ ਕਿਸ ਦੇ ਨਾਲ ਜੋੜਾਂਗੇ।੧।ਰਹਾਉ।ਜੇ ਤੁਸੀਂ ਦੀਵਾ ਰੂਪ ਹੋ ਤਾਂ ਅਸੀਂ (ਉਸ

ਦੀਵੇ ਦੀ) ਬੱਤੀ ਹਾਂ।ਜੇ ਤੁਸੀਂ ਤੀਰਥ ਰੂਪ ਹੋ ਤਾਂ ਅਸੀਂ (ਉਸ ਤੀਰਥ ਦੇ ਦਰਸ਼ਨ ਕਰਨ ਵਾਲੇ) ਯਾਤਰੀ ਹਾਂ।੨।

ਅੰਗ ੬੫੯ = ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥ ਤੁਮ ਸਿਉ ਜੋਰਿ, ਅਵਰ ਸੰਗਿ ਤੋਰੀ ॥੩॥ ਜਹ ਜਹ ਜਾਉ ,ਤਹਾ ਤੇਰੀ ਸੇਵਾ ॥ ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥੪॥ ਤੁਮਰੇ ਭਜਨ ਕਟਹਿ ਜਮ ਫਾਂਸਾ ॥ ਭਗਤਿ ਹੇਤ ਗਾਵੈ ਰਵਿਦਾਸਾ ॥੫॥੫॥ ਅਸੀਂ ਤੇਰੇ ਨਾਲ ਸੱਚੀ ਪ੍ਰੀਤ ਜੋੜ ਲਈ ਹੈ।ਤੇਰੇ ਨਾਲ ਜੋੜ ਕੇ ਹੋਰ (ਸੰਸਾਰੀ ਪਦਾਰਥਾਂ ਤੇ ਮਨਮੁਖ ਲੋਕਾਂ ਨਾਲੋਂ ਪ੍ਰੀਤ) ਨਾਲੋਂ ਤੋੜ ਲਈ ਹੈ।੩।ਜਿਥੇ ਜਿਥੇ ਮੈਂ ਜਾਵਾਂ (ਜਿੱਥੇ ਵੀ ਮੈਂ ਜਨਮ ਲਵਾਂ, ਉਥੇ ਮੈ ਆਪ ਜੀ ਦੀ) ਸੇਵਾ ਭਗਤੀ ਕਰਦਾ ਰਹਾਂ।(ਕਿਉਂਕਿ) ਹੇ ਪ੍ਰਭੂ ! ਤੇਰੇ ਵਰਗਾ ਹੋਰ ਕੋਈ ਪੂਜਣ ਯੋਗ ਦੇਵਤਾ ਨਹੀਂ ਹੈ।੪।(ਹੇ ਪ੍ਰਭੂ !) ਤੇਰਾ ਭਜਨ ਕਰਨ ਨਾਲ ਜਮਾਂ ਦੇ ਫਾਹੇ ਕੱਟੇ ਜਾਂਦੇ ਹਨ (ਜਨਮ ਮਰਨ ਦਾ ਗੇੜ ਮਿਟ ਜਾਂਦਾ ਹੈ।ਇਸੇ ਕਰਕੇ) ਤੇਰੀ ਭਗਤੀ ਪ੍ਰਾਪਤ ਕਰਨ ਵਾਸਤੇ ਰਵਿਦਾਸ ਤੇਰੇ ਗੁਣ ਗਾਉਂਦਾ ਹੈ।੫।੫।

ਪਦਾਰਥ = ਜਉ–ਜੇ।ਗਿਰਿਵਰ–ਸੁੰਦਰ ਪਹਾੜ।ਤਉ–ਤਾਂ।ਮੋਰਾ–ਮੋਰ।ਭਏ ਹੈ–ਹੋ ਗਏ ਹਾਂ।੧।ਮਾਧਵੇ–ਹੇ ਪ੍ਰਭੂ !।ਤੁਮਨ–ਤੁਸੀਂ। ਤੋਰਹੁ–ਤੋੜ ਦੇਵੋ।ਨਹੀ ਤੋਰਹਿ–ਨਹੀਂ ਤੋੜਾਂਗੇ।ਤੁਮ ਸਿਉ–ਤੁਹਾਡੇ ਨਾਲੋਂ।ਤੋਰਿ–ਤੋੜ ਕੇ।ਕਵਨ ਸਿਉ–ਕਿਸ ਦੇ ਨਾਲ।ਜੋਰਹਿ–ਜੋੜਾਂਗੇ।੧।ਰਹਾਉ।ਦੀਵਰਾ–ਦੀਵਾ।ਬਾਤੀ–ਬੱਤੀ।ਜਾਤੀ–ਯਾਤਰੀ।੨।ਜੋਰੀ–ਜੋੜ ਲਈ ਹੈ।ਅਵਰ ਸੰਗਿ–ਹੋਰਨਾਂ ਨਾਲੋਂ।ਤੋਰੀ–ਤੋੜ ਲਈ ਹੈ।੩।ਜਹ ਜਹ–ਜਿੱਥੇ ਜਿੱਥੇ।ਜਾਉ–ਮੈਂ ਜਾਵਾਂ।ਤਹਾ–ਉਥੇ।ਤੁਮ ਸੋ–ਤੇਰੇ ਵਰਗਾ।ਠਾਕੁਰੁ–ਹੇ ਪ੍ਰਭੂ !।ਦੇਵਾ–ਪੂਜਣ ਯੋਗ ਦੇਵਤਾ।੪।ਕਟਹਿ–ਕੱਟੇ ਜਾਂਦੇ ਹਨ।ਫਾਂਸਾ–ਫਾਹੇ।ਭਗਤਿ ਹੇਤ–ਭਗਤੀ ਪ੍ਰਾਪਤ ਕਰਨ ਵਾਸਤੇ।੫।੫।

ਤੁਮਨ ਤੋਰਹੁ = 'ਤੁਮ ਨ ਤੋਰਹੁ' ਦੀ ਥਾਂ ਪਾਠ 'ਤੁਮਨ ਤੋਰਹੁ' ਸਹੀ ਹੈ।ਤੁਮਨ ਪਦ ਯੂ.ਪੀ. ਬਿਹਾਰ ਦੇ ਪਿੰਡਾਂ ਵਿਚ ਲੋਕਾਂ ਵਲੋਂ ਆਮ ਬੋਲਿਆ ਜਾਂਦਾ ਹੈ।ਭਾਵ ਇਹ ਹੈ ਕਿ ਹਰੀ ਬੇਸ਼ਕ ਪ੍ਰੀਤ ਤੋੜ ਦੇਵੇ, ਪਰ ਅਸੀਂ ਪ੍ਰੀਤ ਨਹੀਂ ਤੋੜ ਸਕਦੇ।ਇਹ ਤਾਂ ਕੋਈ ਗਲ ਨਾ ਬਣੀ ਕਿ ਜੇ ਹਰੀ ਪ੍ਰੀਤ ਨਹੀਂ ਤੋੜੇਗਾ ਤਾਂ ਅਸੀਂ ਵੀ ਨਹੀਂ ਤੋੜਾਂਗੇ, ਇਹ ਪੱਕੀ ਪ੍ਰੀਤ ਦੀ ਨਿਸ਼ਾਨੀ ਨਹੀਂ ਹੈ।

ਪੰਡਤ ਤਾਰਾ ਸਿੰਘ ਨਰੋਤਮ, ਫ.ਸ. ,ਸੰ.ਸ. , ਪ੍ਰਿਯਾ ਕ੍ਰਿਤ ਭਾ. ਸ਼ਾਮ ਸਿੰਘ, ਗਿਆਨੀ ਚੰਦਾ ਸਿੰਘ ਅਤੇ ਟਕਸਾਲ ਸਭ ਨੇ ਪਾਠ 'ਤੁਮਨ' ਹੀ ਕੀਤਾ ਹੈ।ਸ਼ਬਦਾਰਥ ਤੇ ਦਰਪਣ ਨੇ ਪਾਠ ਪਦ ਛੇਦ 'ਤੁਮ ਨ' ਕੀਤਾ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤੁਮਨ ਪਾਠ ਹੋਰ ਜਗ੍ਹਾ ਵੀ ਲਿਖਿਆ ਮਿਲਦਾ ਹੈ।ਜਿਵੇਂ = ਹਮ ਕੀਰੇ ਕਿਰਮ ਤੁਮਨ ਛੇ (੧੧੭੮)।ਗੁਨ ਕਹਿ ਨ ਸਕਹਿ ਪ੍ਰਭ ਤੁਮਨ ਥੇ (੧੩੨੦) ।ਜਨ ਨਾਨਕੁ ਦਾਸੁ ਤੁਮਨ ਭਾ (੧੩੩੭)।ਬਨਾਰਸ ਦੇ ਆਲੇ ਦੁਆਲੇ ਹਮਨ ਤੁਮਨ ਲਫਜ ਲੋਕ ਆਮ ਬੋਲਦੇ ਹਨ।

ਜਲ ਕੀ ਭੀਤਿ ਪਵਨ ਕਾ ਥੰਭਾ, ਰਕਤ ਬੁੰਦ ਕਾ ਗਾਰਾ ॥ ਹਾਡ ਮਾਸ ਨਾੜੀਂ ਕੋ ਪਿੰਜਰੁ ,ਪੰਖੀ ਬਸੈ ਬਿਚਾਰਾ ॥੧॥ ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥ ਜੈਸੇ ਤਰਵਰ ਪੰਖਿ ਬਸੇਰਾ ॥੧॥ਰਹਾਉ॥ ਰਾਖਹੁ ਕੰਧ ਉਸਾਰਹੁ ਨੀਵਾਂ ॥ ਸਾਢੇ ਤੀਨਿ ਹਾਥ ਤੇਰੀ ਸੀਵਾਂ ॥੨॥ ਬੰਕੇ ਬਾਲ ਪਾਗ ਸਿਰਿ ਡੇਰੀ ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥੩॥ ਊਚੇ ਮੰਦਰ ਸੁੰਦਰ ਨਾਰੀ ॥ ਰਾਮ ਨਾਮ ਬਿਨੁ ਬਾਜੀ ਹਾਰੀ ॥੪॥ ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ, ਓਛਾ ਜਨਮੁ ਹਮਾਰਾ ॥ ਤੁਮ ਸਰਨਾਗਤਿ ਰਾਜਾ ਰਾਮ ਚੰਦ, ਕਹਿ ਰਵਿਦਾਸ ਚਮਾਰਾ ॥੫॥੬॥ (ਹੇ ਭਾਈ ! ਮਨੁੱਖ ਦਾ) ਸਰੀਰ ਪਾਣੀ ਦੀ ਕੰਧ ਹੈ, (ਜਿਸ ਨੂੰ) ਹਵਾ ਰੂਪ ਸੁਆਸਾਂ ਦਾ ਥੰਮ ਆਸਰਾ ਦੇਂਦਾ ਹੈ, ਮਾਤਾ ਦਾ ਲਹੂ ਅਤੇ ਪਿਤਾ ਦਾ ਵੀਰਜ, (ਇਸ ਕੰਧ ਉਪਰ) ਗਾਰਾ ਲੱਗਾ ਹੋਇਆ ਹੈ।(ਸਰੀਰ) ਹੱਡੀਆਂ, ਮਾਸ ਅਤੇ ਨਾੜੀਆਂ ਦਾ ਬਣਿਆ ਪਿੰਜਰ ਹੈ (ਜਿਸ ਵਿਚ) ਜੀਵਾਤਮਾ ਰੂਪ ਵਿਚਾਰਾ ਪੰਖੀ ਵਸਦਾ ਹੈ।੧।ਹੇ ਪ੍ਰਾਣੀ ! (ਸੰਸਾਰ ਵਿਚ) ਕੀ ਮੇਰਾ ਹੈ ਤੇ ਕੀ ਤੇਰਾ ਹੈ (ਮੇਰ ਤੇਰ ਦਾ ਭਾਵ ਫਜ਼ੂਲ ਹੈ, ਸੰਸਾਰ ਵਿਚ ਜੀਵਨ ਇਸ ਤਰ੍ਹਾਂ ਦਾ ਹੈ)।ਜਿਸ ਤਰ੍ਹਾਂ ਦਰਖਤ ਉਤੇ ਪੰਖੀਆਂ ਦਾ (ਸਿਰਫ ਰਾਤ ਲਈ) ਵਾਸਾ ਹੁੰਦਾ ਹੈ।੧।ਰਹਾਉ।(ਹੇ ਭਾਈ ! ਤੂੰ ਬੜੀਆਂ ਡੂੰਘੀਆਂ) ਨੀਹਾਂ ਰਖਦਾ ਹੈ ਅਤੇ (ਉਨ੍ਹਾਂ ਨੀਹਾਂ ਉਤੇ) ਕੰਧਾਂ ਉਸਾਰਦਾ ਹੈਂ (ਵੱਡੇ ਵੱਡੇ ਮਕਾਨ ਰਚਦਾ ਹੈਂ।ਪਰ ਅੰਤ ਵੇਲੇ ਤੇਰੀ) ਸੀਮਾ ਸਾਢੇ ਤਿੰਨ ਹੱਥ ਦੀ ਹੈ {ਕਾਰਜ ਸਾਢੇ ਤੀਨਿ ਹਥ ਘਨੀ ਤ ਪਉਨੇ ਚਾਰਿ ੧੩੭੬}(ਮਰਨ ਪਿਛੋਂ ਮੁਰਦੇ ਨੂੰ ਕਬਰ ਵਿਚ ਦੱਬਣ ਲਈ ਜਾਂ ਸਾੜਨ ਲਈ ਸਾਢੇ ਤਿੰਨ ਹਥ ਜਮੀਨ ਕੰਮ ਆਉਂਦੀ ਹੈ।੨।ਹੇ ਭਾਈ ! ਤੂੰ) ਸੋਹਣੇ ਵਾਲ ਬਣਾ ਸਵਾਰ ਕੇ ਸਿਰ ਉਤੇ ਟੇਢੀ ਪੱਗ ਬੰਨ੍ਹਦਾ ਹੈਂ {ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ ੧੧੨੪}।(ਪਰ ਅੰਤ) ਇਹ ਸਰੀਰ ਸੁਆਹ ਦੇ ਢੇਰੀ ਹੋ ਜਾਵੇਗਾ।੩।(ਹੇ ਭਾਈ ! ਬੇਸ਼ੱਕ ਤੇਰੇ ਕੋਲ) ਉਚੇ ਉਚੇ ਮਕਾਲ ਤੇ ਸੁੰਦਰ ਇਸਤ੍ਰੀਆਂ ਹਨ।(ਪਰ ਤੈਂ) ਰਾਮ ਦੇ ਨਾਮ ਸਿਮਰਨ ਤੋਂ ਬਿਨਾ (ਅਪਣੇ ਮਨੁੱਖਾ ਜੀਵਨ ਦੀ) ਬਾਜੀ ਹਾਰ ਦਿਤੀ ਹੈ।੪।(ਹੇ ਪ੍ਰਭੂ !) ਮੇਰੀ ਜਾਤ ਨੀਚ ਹੈ, ਮੇਰਾ ਖਾਨਦਾਨ ਨੀਚ ਹੈ ਅਤੇ ਮੇਰਾ ਜਨਮ ਵੀ ਨੀਚ ਘਰ ਵਿਚ ਹੋਇਆ ਹੈ।ਚਮਾਰ ਰਵਿਦਾਸ ਜੀ ਕਹਿੰਦੇ ਹਨ ਕਿ ਹੇ ਜਗਤ ਦੇ ਮਾਲਕ ਪ੍ਰਕਾਸ਼ ਸਰੂਪ ਪ੍ਰਭੂ ! (ਬੇਸ਼ੱਕ ਨੀਚ ਹਾਂ, ਪਰ) ਮੈਂ ਤੇਰੀ ਸ਼ਰਣ ਵਿਚ ਆਇਆ ਹਾਂ (ਕ੍ਰਿਪਾ ਕਰਕੇ ਮੇਰੀ ਲਾਜ ਰਖ)।੫।੬।

ਵਿਸੇਸ਼ = ਸਮੁੰਦਰ ਵਿਚ ਉਚੀਆਂ ਉਚੀਆਂ ਲਹਿਰਾਂ ਉਠਦੀਆਂ ਹਨ, ਉਹ ਕੰਧਾਂ ਸਮਾਨ ਹਨ ਅਤੇ ਉਹ ਲਹਿਰਾਂ ਹਵਾ ਦੇ ਆਸਰੇ

ਹੀ ਉਚੀਆਂ ਉਠਦੀਆਂ ਹਨ। ਉਨ੍ਹਾਂ ਲਹਿਰਾਂ ਦੀ ਮਨਿਆਦ ਕੁਛ ਕੁ ਸਮੇਂ ਦੀ ਹੀ ਹੁੰਦੀ ਹੈ। ਇਸੇ ਤਰ੍ਹਾਂ ਮਨੁੱਖ ਦਾ ਸਰੀਰ ਹੈ।

ਪਦਾਰਥ = ਭੀਤਿ–ਕੰਧ। ਪਵਨ–ਹਵਾ (ਸੁਆਸ)। ਥੰਭਾ–ਥੰਮ। ਰਕਤ–ਮਾਂ ਦਾ ਲਹੂ। ਬੁੰਦ–ਪਿਤਾ ਦੇ ਵੀਰਜ ਦੀ ਬੂੰਦ। ਨਾੜੀ ਕੋ–ਨਾੜੀਆਂ ਦਾ। ਪੰਖੀ–ਜੀਵਾਤਮਾ।੧। ਤਰਵਰ–ਦਰੱਖਤ ਉਤੇ। ਪੰਖਿ–ਪੰਛੀ। ਬਸੇਰਾ–ਵਾਸਾ।੧। ਰਹਾਉ। ਉਸਾਰਹੁ–ਉਸਾਰਦਾ ਹੈਂ। ਨੀਵਾਂ–ਨੀਹਾਂ। ਸੀਵਾਂ–ਸੀਮਾ (ਹੱਦ)।੨। ਬੰਕੇ ਬਾਲ–ਸੋਹਣੇ ਵਾਲ (ਕੇਸ)। ਪਾਗ–ਪੱਗ। ਸਿਰਿ–ਸਿਰ ਉਤੇ। ਡੇਰੀ–ਟੇਢੀ। ਭਸਮ ਕੀ–ਸੁਆਹ ਦੀ।੩। ਮੰਦਰ–ਮਕਾਨ। ਨਾਰੀ–ਇਸਤ੍ਰੀਆਂ। ਬਾਜੀ–ਜੀਵਨ ਦੀ ਖੇਡ।੪। ਕਮੀਨੀ–ਨੀਚ; ਨੀਵੀਂ। ਪਾਂਤਿ–ਖਾਨਦਾਨ; ਗੋਤ। ਓਛਾ–ਨੀਚ; ਨੀਵਾਂ। ਹਮਾਰਾ–ਮੇਰਾ। ਤੁਮ ਸਰਨਾਗਤਿ–ਤੇਰੀ ਸ਼ਰਣ ਵਿਚ ਆਇਆ ਹਾਂ। ਰਾਜਾ ਰਾਮ ਚੰਦ–ਹੇ ਸਭ ਨੂੰ ਪ੍ਰਕਾਸ਼ਣ ਵਾਲੇ ਪ੍ਰਕਾਸ਼ ਸਰੂਪ ਪ੍ਰਭੂ ਪਾਤਸ਼ਾਹ!। ਕਹਿ–ਕਹਿੰਦਾ ਹੈ।੫।੬।

ਚਮਰਟਾ ਗਾਂਠਿ ਨ ਜਨਈ ॥ ਲੋਗੁ ਗਠਾਵੈ ਪਨਹੀ ॥੧॥ਰਹਾਉ॥ ਆਰ ਨਹੀ ਜਿਹ ਤੋਪਉ ॥ ਨਹੀ ਰਾਂਬੀ ਠਾਉ ਰੋਪਉ ॥੧॥ ਲੋਗੁ ਗੰਠਿ ਗੰਠਿ ਖਰਾ ਬਿਗੂਚਾ ॥ ਹਉ ਬਿਨੁ ਗਾਂਠੇ ਜਾਇ ਪਹੂਚਾ ॥੨॥ ਰਵਿਦਾਸੁ ਜਪੈ ਰਾਮ ਨਾਮਾ ॥ ਮੋਹਿ ਜਮ ਸਿਉ ਨਾਹੀ ਕਾਮਾ ॥੩॥੭॥ ਮੈਂ ਚਮਾਰ ਦਾ ਬੇਟਾ ਜੁੱਤੀਆਂ ਗੰਢਣ ਨਹੀਂ ਜਾਣਦਾ (ਰੱਬ ਤੋਂ ਪ੍ਰੇਮ ਹਟਾ ਕੇ ਇਸ ਨਾਸ਼ਵੰਤ ਸਰੀਰ ਨਾਲ ਪ੍ਰੇਮ ਗੰਢਣਾ ਨਹੀਂ ਜਾਣਦਾ)। ਲੋਗ (ਮੇਰੇ ਪਾਸੋਂ) ਜੁੱਤੀਆਂ ਗੰਢਾਉਂਦੇ ਹਨ (ਸਾਕਤ ਲੋਕ ਮੈਨੂੰ ਰੱਬ ਤੋਂ ਤੋੜ ਕੇ ਦੇਵੀ ਦੇਵਤਿਆਂ ਦੀ ਪੂਜਾ ਜਾਂ ਮੈਨੂੰ ਕਰਮ ਕਾਂਡ ਵਿਚ ਲਾਉਣਾ ਚਾਹੁੰਦੇ ਹਨ)।੧। ਰਹਾਉ। ਮੇਰੇ ਪਾਸ ਆਰ ਨਹੀਂ ਹੈ (ਮੇਰੇ ਕੋਲ ਦੁਨਿਆਵੀ ਬਿਰਤੀ ਰੂਪ ਆਰ ਨਹੀਂ ਹੈ), ਜਿਸ ਨਾਲ ਮੈਂ ਤੋਪੇ ਲਾਵਾਂ (ਸਾਕਤ ਲੋਕਾਂ ਨਾਲ ਪ੍ਰੇਮ ਜੋੜਾਂ; ਸੰਸਾਰਕ ਵਿਹਾਰ ਕਰਾਂ। ਮੇਰੇ ਕੋਲ ਕੁਬੁੱਧੀ ਰੂਪ) ਰੰਬੀ ਨਹੀਂ ਹੈ, ਜਿਸ ਨਾਲ ਚਮੜਾ ਛਿਲ ਕੱਟ ਕੇ ਟੁੱਟੀ ਜੁੱਤੀ ਦੀ ਜਗ੍ਹਾ ਤੇ ਟਾਕੀਆਂ ਲਾਵਾਂ (ਦੂਜਿਆਂ ਉਤੇ ਅਣਹੋਏ ਦੋਸ਼ ਲਗਾਵਾਂ; ਮੈ ਅਪਣੇ ਲਈ ਸੁਖ ਦੇਣ ਵਾਲੇ ਸਥਾਨ ਬਣਾਵਾਂ)।੧। ਲੋਕ ਜੁੱਤੀਆਂ (ਇਕ ਦੂਜੇ ਨਾਲ ਮਤਲਬੀ ਪ੍ਰੇਮ) ਗੰਢ ਗੰਢ ਕੇ ਬਹੁਤ ਖੁਆਰ ਹੁੰਦੇ ਹਨ (ਬਹੁਤੇ ਧੰਧਿਆਂ ਵਿਚ ਪੈ ਕੇ ਜੀਵਨ ਖਰਾਬ ਕਰਦੇ ਹਨ)। ਮੈਂ ਜੁੱਤੀਆਂ ਗੰਢਣ ਦੇ ਬਿਨਾ ਹੀ (ਸੰਸਾਰੀ ਲੋਕਾਂ ਨਾਲ ਝੂਠੇ ਪ੍ਰੇਮ ਦੀਆਂ ਗੰਢਾਂ ਪਾਏ ਬਿਨਾ; ਬਹੁਤੇ ਧੰਧਿਆਂ ਵਿਚ ਪਏ ਬਿਨਾ ਹੀ) ਹਰੀ ਦੇ ਚਰਨਾਂ ਵਿਚ ਜਾ ਪੁੱਜਾ ਹਾਂ।੨। (ਕਿਉਂਕਿ) ਰਵਿਦਾਸ ਰਾਮ ਦਾ ਨਾਮ ਜਪਦਾ ਹੈ। (ਇਸ ਲਈ) ਮੇਰਾ ਜਮਾਂ ਨਾਲ ਕੋਈ ਵਾਸਤਾ ਨਹੀਂ ਰਿਹਾ (ਜਨਮ ਮਰਣ ਤੋਂ ਮੁਕਤ ਹੋ ਗਿਆ ਹਾਂ)।੩।੭।

ਪਦਾਰਥ = ਚਮਰੇਟਾ–ਚਮਾਰ ਦਾ ਬੇਟਾ। ਗਾਂਠਿ–ਗੰਢਣਾ; ਗੱਠਣਾ। ਨ ਜਨਈ–ਨਹੀਂ ਜਾਣਦਾ। ਲੋਗੁ–ਜਗਤ। ਗਠਾਵੈ–ਗਠਾਉਂਦੇ ਹਨ। ਪਨਹੀ–ਜੁੱਤੀ।੧। ਰਹਾਉ। ਆਰ–(ਜੁੱਤੀ ਨੂੰ ਗੱਠਣ ਵਾਲਾ) ਸੂਆ। ਜਿਹ–ਜਿਸ ਨਾਲ। ਤੋਪਉ–ਤੋਪੇ ਲਾਵਾਂ। ਰਾਂਬੀ–ਰੰਬੀ (ਚਮੜਾ ਕੱਟਣ ਤੇ ਛਿੱਲਣ ਵਾਲੀ ਖੁਰਪੀ)। ਠਾਂਉ–ਥਾਂ। ਰੋਪਉ–ਟਾਕੀ ਲਾਵਾਂ।੧। ਗੰਠਿ ਗੰਠਿ–ਗੱਠ ਗੱਠ ਕੇ। ਖਰਾ–ਬਹੁਤ। ਬਿਗੂਚਾ–ਖੁਆਰ ਹੁੰਦਾ ਹੈ। ਹਉ–ਮੈਂ। ਜਾਇ ਪਹੂਚਾ–ਜਾ ਪੁੱਜਾ ਹਾਂ।੨। ਮੋਹਿ–ਮੇਰਾ; ਮੈਨੂੰ। ਜਮ ਸਿਉ–ਜਮ ਨਾਲ। ਕਾਮਾ–ਕੰਮ; ਵਾਸਤਾ।੩।੭।

ਰਾਗੁ ਸੋਰਠਿ ਬਾਣੀ ਭਗਤ ਭੀਖਨ ਕੀ

ੴ ਸਤਿਗੁਰ ਪ੍ਰਸਾਦਿ ॥ ਨੈਨਹੁ ਨੀਰੁ ਬਹੈ ਤਨੁ ਖੀਨਾ, ਭਏ ਕੇਸ ਦੁਧਵਾਨੀ ॥ ਰੂਧਾ ਕੰਠੁ ਸਬਦੁ ਨਹੀ ਉਚਰੈ, ਅਬ ਕਿਆ ਕਰਹਿ ਪਰਾਨੀ ॥੧॥ ਰਾਮ ਰਾਇ ਹੋਹਿ ਬੈਦ ਬਨਵਾਰੀ ॥ ਅਪਨੇ ਸੰਤਹ ਲੇਹੁ ਉਬਾਰੀ ॥੧॥ਰਹਾਉ॥ ਮਾਥੇ ਪੀਰ ਸਰੀਰਿ ਜਲਨਿ ਹੈ, ਕਰਕ ਕਰੇਜੇ ਮਾਹੀ ॥ ਐਸੀ ਬੇਦਨ ਉਪਜਿ ਖਰੀ ਭਈ, ਵਾ ਕਾ ਅਉਖਧੁ ਨਾਹੀ ॥੨॥ ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ,ਇਹੁ ਅਉਖਧੁ ਜਗਿ ਸਾਰਾ ॥ ਗੁਰ ਪਰਸਾਦਿ ਕਹੈ ਜਨੁ ਭੀਖਨੁ ,ਪਾਵਉ ਮੋਖ ਦੁਆਰਾ ॥੩॥੧॥ (ਭਗਤ ਭੀਖਨ ਜੀ ਕਿਸੇ ਬਿਰਧ ਮਨੁੱਖ ਨੂੰ ਉਪਦੇਸ਼ ਦੇਂਦੇ ਹਨ ਕਿ ਹੇ ਭਾਈ! ਤੇਰਾ) ਸਰੀਰ ਕਮਜੋਰ ਹੋ ਗਿਆ ਹੈ, ਅੱਖਾਂ ਵਿਚੋਂ ਪਾਣੀ ਵਗਦਾ ਹੈ ਅਤੇ ਕੇਸ ਦੁੱਧ ਦੇ ਰੰਗ ਵਰਗੇ ਚਿੱਟੇ ਹੋ ਗਏ ਹਨ। (ਬਲਗਮ ਨਾਲ) ਗਲਾ ਰੁਕਿਆ ਹੋਣ ਕਰਕੇ (ਤੇਰੇ ਤੋਂ ਕੋਈ) ਲਫਜ ਬੋਲਿਆ ਨਹੀਂ ਜਾਂਦਾ, ਹੇ ਪ੍ਰਾਣੀ! ਹੁਣ ਤੂੰ ਕੀ ਕਰੇਂਗਾ? (ਬੁਢੇਪੇ ਕਾਰਣ ਕੋਈ ਕੰਮ ਨਹੀਂ ਕਰ ਸਕੇਂਗਾ, ਇਸ ਲਈ ਤੂੰ ਪ੍ਰਭੂ ਦਾ ਨਾਮ ਜਪ)।੧। ਹੇ ਸੰਸਾਰ ਰੂਪ ਵਣ ਦੇ ਮਾਲੀ ਪ੍ਰਭੂ ਪਾਤਸ਼ਾਹ! ਤੂੰ ਵੈਦ ਬਣ ਕੇ ਅਪਣੇ ਸੰਤਾਂ ਨੂੰ (ਬਿਰਧ ਅਵਸਥਾ ਦੇ ਦੁਖਾਂ ਤੋਂ) ਬਚਾ ਲੈ।੧। ਰਹਾਉ। (ਬੁਢੇਪੇ ਕਰਕੇ) ਮੱਥੇ ਵਿਚ ਦਰਦ, ਸਰੀਰ ਵਿਚ ਜਲਨ ਹੈ ਅਤੇ ਦਿਲ ਵਿਚ ਵੀ ਚੁਭਵਾਂ ਦਰਦ ਰਹਿੰਦਾ ਹੈ। ਅਜੇਹੀ ਪੀੜ ਉਠ ਖੜੀ ਹੋਈ ਹੈ ਕਿ ਉਸ ਦਾ ਕੋਈ ਇਲਾਜ ਹੀ ਨਹੀਂ।੨। ਹਰੀ ਦਾ ਨਾਮ ਜੋ ਨਿਰਮਲ ਤੇ ਅੰਮ੍ਰਿਤ ਜਲ ਹੈ, ਜਗਤ ਵਿਚ ਇਹੋ (ਸਭ ਕਿਸਮ ਦੇ ਦੁਖ ਦਰਦਾਂ ਨੂੰ ਦੂਰ ਕਰਨ ਵਾਲੀ) ਸ੍ਰੇਸਟ ਦਵਾਈ ਹੈ। ਭਗਤ ਭੀਖਨ ਜੀ ਆਖਦੇ ਹਨ ਕਿ (ਹੇ ਭਾਈ! ਤੂੰ) ਗੁਰੂ ਦੀ ਕਿਰਪਾ ਨਾਲ ਮੁਕਤੀ ਦਾ ਦਰ (ਗਿਆਨ) ਪ੍ਰਾਪਤ ਕਰ (ਤਾਂ ਤੇਰਾ ਉਧਾਰ ਹੋਵੇਗਾ। ਸੰ.ਸ.)।੩।੧।

ਪਦਾਰਥ = ਨੈਨਹੁ–ਅੱਖਾਂ ਵਿਚੋਂ। ਨੀਰੁ–ਪਾਣੀ (ਹੰਝੂ)। ਬਹੈ–ਵਗਦਾ ਹੈ। ਤਨੁ–ਸਰੀਰ। ਖੀਨਾ–ਕਮਜੋਰ। ਭਏ–ਹੋ ਗਏ ਹਨ। ਦੁਧ ਵਾਨੀ–ਦੁੱਧ ਦੇ ਰੰਗ ਵਰਗੇ ਚਿੱਟੇ। ਰੂਧਾ–(ਬਲਗਮ ਨਾਲ) ਰੁਕਿਆ ਹੋਇਆ। ਕੰਠੁ–ਗਲਾ। ਸਬਦੁ–ਲਫਜ; ਅਵਾਜ। ਨਹੀ ਉਚਰੈ–

ਬੋਲਿਆ ਨਹੀਂ ਜਾਂਦਾ। ਅਬ–ਹੁਣ। ਪਰਾਨੀ–ਹੇ ਪ੍ਰਾਣੀ!।੧। ਰਾਮ ਰਾਇ–ਹੇ ਪ੍ਰਭੂ ਪਾਤਸ਼ਾਹ!। ਹੋਹਿ–ਹੋ (ਬਣ) ਕੇ। ਬਨਵਾਰੀ–ਸੰਸਾਰ ਰੂਪ ਬਨ ਦਾ ਮਾਲੀ (ਪ੍ਰਮਾਤਮਾ)। ਸੰਤਹ–ਸੰਤਾਂ ਨੂੰ। ਲੇਹੁ ਉਬਾਰੀ–ਬਚਾ ਲੈ।੧। ਰਹਾਉ। ਮਾਥੇ–ਮੱਥੇ ਵਿਚ। ਪੀਰ–ਪੀੜ (ਦਰਦ)। ਸਰੀਰਿ–ਸਰੀਰ ਵਿਚ। ਜਲਨਿ–ਤਪਸ਼; ਬੁਖਾਰ। ਕਰਕ–ਦਰਦ; ਚੀਸ। ਕਰੇਜੇ ਮਾਹੀ–ਦਿਲ ਵਿਚ। ਬੇਦਨ–ਦਰਦ; ਬਿਮਾਰੀ। ਉਪਜਿ ਭਈ–ਪੈਦਾ ਹੋਈ ਹੈ। ਖਰੀ–ਖੜੀ ਹੈ। ਵਾ ਕਾ–ਉਸ ਦਾ। ਅਉਖਧੁ–ਦਵਾਈ।੨। ਨਿਰਮਲੁ–ਪਵਿਤ੍ਰ; ਸਾਫ ਸੁਥਰਾ। ਜਗਿ–ਜਗਤ ਵਿਚ। ਸਾਰਾ–ਸ੍ਰੇਸਟ। ਗੁਰ ਪਰਸਾਦਿ–ਗੁਰੂ ਦੀ ਕ੍ਰਿਪਾ ਨਾਲ। ਜਨੁ–ਭਗਤ। ਪਾਵਉ–ਪ੍ਰਾਪਤ ਕਰ। ਮੋਖ ਦੁਆਰਾ–ਮੁਕਤੀ ਦਾ ਦਰਵਾਜਾ (ਗਿਆਨ); ਬੁਢੇਪੇ (ਜਾਂ ਜਨਮ ਮਰਨ) ਦੇ ਦੁਖਾਂ ਤੋਂ ਮੁਕਤੀ ਪ੍ਰਾਪਤ ਕਰਨ ਦਾ ਰਸਤਾ।੩।੧।

ਐਸਾ ਨਾਮੁ ਰਤਨੁ ਨਿਰਮੋਲਕੁ ,ਪੁੰਨਿ ਪਦਾਰਥੁ ਪਾਇਆ ॥ ਅਨਿਕ ਜਤਨ ਕਰਿ ਹਿਰਦੈ ਰਾਖਿਆ, ਰਤਨੁ ਨ ਛਪੈ ਛਪਾਇਆ ॥੧॥ ਹਰਿ ਗੁਨ ਕਹਤੇ ਕਹਨੁ ਨ ਜਾਈ ॥ ਜੈਸੇ ਗੂੰਗੇ ਕੀ ਮਿਠਿਆਈ ॥੧॥ਰਹਾਉ॥ ਰਸਨਾ ਰਮਤ ਸੁਨਤ ਸੁਖੁ ਸ੍ਰਵਨਾ, ਚਿਤ ਚੇਤੇ ਸੁਖੁ ਹੋਈ ॥ ਕਹੁ ਭੀਖਨ ਦੁਇ ਨੈਨ ਸੰਤੋਖੇ, ਜਹ ਦੇਖਾਂ ਤਹ ਸੋਈ ॥੨॥੨॥ (ਪ੍ਰਭੂ ਦਾ) ਨਾਮ ਇਹੋ ਜਿਹਾ ਅਮੋਲਕ ਰਤਨ ਹੈ, (ਇਹ ਨਾਮ ਰੂਪ) ਪਦਾਰਥ ਮੈਂ ਪੁੰਨ ਕਰਮਾਂ ਦੇ ਫਲ ਕਰਕੇ ਪਾਇਆ ਹੈ। ਅਨੇਕਾਂ ਜਤਨਾਂ ਕਰਕੇ ਹਿਰਦੇ ਵਿਚ (ਜੇ ਛੁਪਾ ਕੇ) ਰੱਖਿਆ ਜਾਵੇ, (ਤਾਂ ਵੀ ਇਹ) ਰਤਨ ਛੁਪਾਇਆਂ ਛੁਪਦਾ ਨਹੀਂ।੧। (ਜੋ ਅਨੰਦ) ਹਰੀ ਦੇ ਗੁਣ ਗਾਉਂਦਿਆਂ ਆਉਂਦਾ ਹੈ, ਉਹ ਕਿਹਾ ਨਹੀਂ ਜਾ ਸਕਦਾ। ਜਿਸ ਤਰ੍ਹਾਂ ਗੂੰਗੇ ਦੀ ਖਾਧੀ ਮਿਠਿਆਈ (ਦਾ ਸੁਆਦ ਗੂੰਗਾ ਕਿਸੇ ਦੂਜੇ ਮਨੁੱਖ ਨੂੰ ਨਹੀਂ ਦਸ ਸਕਦਾ)।੧। ਰਹਾਉ। (ਹੇ ਭਾਈ! ਹਰੀ ਦਾ ਨਾਮ) ਜਪਦਿਆਂ ਜੀਭ ਨੂੰ, ਸੁਣਦਿਆਂ ਕੰਨਾਂ ਨੂੰ ਸੁਖ ਹੁੰਦਾ ਹੈ ਅਤੇ ਚੇਤੇ ਕਰਦਿਆਂ ਚਿਤ ਨੂੰ ਸੁਖ ਹੁੰਦਾ ਹੈ। ਭੀਖਨ ਜੀ ਆਖਦੇ ਹਨ (ਕਿ ਮੇਰੀਆਂ) ਦੋਵੇਂ ਅੱਖਾਂ ਸੰਤੁਸ਼ਟ ਹੋ ਗਈਆਂ ਹਨ (ਪਹਿਲਾਂ ਇਹ ਪਰਾਇਆ ਰੂਪ ਦੇਖ ਕੇ ਭਟਕਦੀਆਂ ਸਨ ਅਤੇ ਅਸ਼ਾਂਤ ਰਹਿੰਦੀਆਂ ਸਨ), ਹੁਣ ਜਿਧਰ ਮੈਂ ਦੇਖਦਾ ਹਾਂ, ਉਧਰ ਉਹ ਵਿਆਪਕ ਪ੍ਰਭੂ ਹੀ ਦਿਸਦਾ ਹੈ।੨।੨।

ਪਦਾਰਥ = ਨਿਰਮੋਲਕੁ–ਅਮੋਲਕ (ਬੇਅੰਤ ਕੀਮਤ ਵਾਲਾ)। ਪੁੰਨਿ–ਪੁੰਨ ਕਰਮਾਂ ਦੇ ਫਲ ਕਰਕੇ। ਹਿਰਦੈ–ਹਿਰਦੇ ਵਿਚ। ਨ ਛਪੈ–ਲੁਕਦਾ ਨਹੀਂ।੧। ਕਹਤੇ–ਕਹਿੰਦਿਆਂ (ਗਾਉਂਦਿਆਂ)। ਕਹਨੁ ਨ ਜਾਈ–ਕਿਹਾ ਨਹੀਂ ਜਾ ਸਕਦਾ।੧। ਰਹਾਉ। ਰਸਨਾ–ਜੀਭ ਨੂੰ। ਰਮਤ –ਜਪਦਿਆਂ। ਸੁਨਤ–ਸੁਣਦਿਆਂ। ਸ੍ਰਵਨਾ–ਕੰਨਾਂ ਨੂੰ। ਚੇਤੇ–ਯਾਦ ਕਰਦਿਆਂ। ਦੁਇ ਨੈਨ–ਦੋਵੇਂ ਅੱਖਾਂ ਨੂੰ। ਸੰਤੋਖੇ–ਸੰਤੁਸ਼ਟ ਹੋ ਗਏ; ਪ੍ਰਸੰਨ ਹੋ ਗਏ। ਜਹ–ਜਿਧਰ। ਦੇਖਾਂ–ਮੈਂ ਦੇਖਦਾ ਹਾਂ। ਤਹ–ਉਧਰ। ਸੋਈ–ਉਹ (ਪ੍ਰਭੂ) ਹੀ।੨।੨।

ਭਗਤ ਭੀਖਨ ਜੀ = ਵਿਦਵਾਨ ਸੱਜਣ ਭਗਤ ਭੀਖਨ ਜੀ ਦਾ ਜਨਮ ਮੁਸਲਮਾਨਾਂ ਦੇ ਘਰ ਵਿਚ ਹੋਇਆ ਮੰਨਦੇ ਹਨ। ਪਰ ਭਗਤ ਭੀਖਨ ਜੀ ਦੀ ਬਾਣੀ ਵਿਚ ਕੋਈ ਇਕ ਵੀ ਲਫਜ ਇਸਲਾਮੀ ਸ਼ਰ੍ਹਾ ਦਾ ਨਹੀਂ ਮਿਲਦਾ। ਸੰਤ ਗਿਃ ਗੁਰਬਚਨ ਸਿੰਘ ਜੀ ਭਿੰਡਰਾਂ ਵਾਲਿਆਂ ਨੇ ਸੰਤਾਂ ਮਹਾਂ ਪੁਰਖਾਂ ਦਾ ਹਵਾਲਾ ਦੇ ਕੇ ਅਪਣੀ ਕਥਾ ਦੀ ਟੇਪ ਵਿਚ ਭਗਤ ਭੀਖਨ ਜੀ ਦਾ ਜਨਮ ਯੂ. ਪੀ. ਵਿਚ ਘੁਮਿਆਰਾਂ ਦੇ ਘਰ ਦਾ ਦਸਿਆ ਹੈ। ਉਨ੍ਹਾਂ ਅਨੁਸਾਰ ਭੀਖਨ ਜੀ ਦੀ ਸੰਗਤ ਭਗਤ ਪੀਪਾ ਜੀ ਤੇ ਕਬੀਰ ਸਾਹਿਬ ਨਾਲ ਸੀ ਅਤੇ ਆਪ ਜੀ ਨੇ ਗੁਰ ਮੰਤ੍ਰ ਭਗਤ ਰਾਮਾਨੰਦ ਜੀ ਪਾਸੋਂ ਲਿਆ ਸੀ। ਗੁਰ ਮੰਤ੍ਰ ਲੈ ਕੇ ਨਾਮ ਸਿਮਰਨ ਦਾ ਅਭਿਆਸ ਕਰਕੇ ਬੜੇ ਮਹਾਂ ਪੁਰਖ ਹੋਏ ਹਨ। ਭੀਖਨ ਜੀ ਦੀ ਬਾਣੀ ਦੀ ਸ਼ਬਦਾਵਲੀ ਕਬੀਰ ਜੀ, ਪੀਪਾ ਜੀ ਤੇ ਰਾਮਾਨੰਦ ਜੀ ਦੀ ਸ਼ਬਦਾਵਲੀ ਨਾਲ ਮਿਲਦੀ ਹੈ।

ਭੀਖਨ ਜੀ ਦੀ ਬਾਣੀ ਵਿਚ ਮੁਸਮਾਨੀ ਰੰਗ ਦੀ ਥਾਂ ਗੁਰਮਤ ਦੀ ਸ਼ਬਦਾਵਲੀ ਹੈ। ਉਨ੍ਹਾਂ ਦੀ ਬਾਣੀ ਦੀ ਸ਼ਬਦਾਵਲੀ ਗੁਰੂ ਨਾਨਕ ਦੇਵ ਜੀ ਨਾਲ ਮੇਲ ਹੋਣ ਦੀ ਖੁਦ ਗਵਾਹ ਹੈ। ਕਿਉਂਕਿ ਭੀਖਨ ਜੀ ਦੇ ਜੀਵਨ ਦਾ ਸਮਾਂ ਉਹ ਹੈ, ਜਦੋਂ ਗੁਰੂ ਨਾਨਕ ਦੇਵ ਜੀ ਧਰਤ ਲੁਕਾਈ ਨੂੰ ਸੋਧਣ ਲਈ ਉਦਾਸੀਆਂ ਕਰ ਰਹੇ ਸਨ। ਪਿਛਲੇ ਜਨਮ ਦਾ ਪੁੰਨ ਫਲ ਅਤੇ 'ਰਾਮਰਾਇ ਹੋਹਿ ਬੈਦ ਬਨਵਾਰੀ' ਤੁਕ ਤੋਂ ਭੀਖਨ ਜੀ ਦੇ ਮੁਸਲਮਾਨੀ ਪਿਛੋਕੜ ਦੀ ਗੱਲ ਪਤਲੀ ਪੈ ਜਾਂਦੀ ਹੈ। ਜੇ ਬਚਪਨ ਤੋਂ ਭੀਖਨ ਜੀ ਉਤੇ ਮੁਸਲਮਾਨੀ ਪ੍ਰਭਾਵ ਹੈ ਸੀ, ਤਾਂ ਉਨ੍ਹਾਂ ਦੀ ਸੋਚ ਵਿਚ ਇਕ ਬਹੁਤ ਵੱਡਾ ਪਲਟਾ ਆਇਆ, ਜਿਸ ਕਰਕੇ ਪੂਰਬਲੇ ਜਨਮ ਦਾ ਪੁੰਨ ਫਲ ਅਤੇ 'ਰਾਮਰਾਇ ਹੋਹਿ ਬੈਦ ਬਨਵਾਰੀ' ਵਾਕ ਕਹੇ। ਨਿਝੱਕ ਹੋ ਕੇ ਇਸਲਾਮੀ ਪ੍ਰਭਾਵ ਵਾਲੇ ਵਿਅਕਤੀ ਦਾ ਸ਼ਰ੍ਹਾ ਦੇ ਹੱਦ ਬੰਨੇ ਟੱਪ ਕੇ ਇਸ ਤਰ੍ਹਾਂ ਦੇ ਵਿਚਾਰ ਰੱਖਣੇ ਉਸ ਵੇਲੇ ਸਧਾਰਨ ਗੱਲ ਨਹੀਂ ਸੀ। ਭੀਖਨ ਜੀ ਨੂੰ ਗੁਰੂ ਤੋਂ ਜੋ ਨਾਮ ਪ੍ਰਾਪਤ ਹੋਇਆ ਸੀ, ਉਸ ਨਿਰਮੋਲਕ ਰਤਨ ਨੂੰ ਕਿਵੇਂ ਛੁਪਾਉਂਦੇ? ਗੁਰੂ ਦੀ ਕ੍ਰਿਪਾ ਨਾਲ ਹੁਣ ਉਨ੍ਹਾਂ ਦੀ 'ਜਹ ਦੇਖਾਂ ਤਹ ਸੋਈ' ਅਵਸਥਾ ਹੋ ਗਈ ਸੀ।

ਗਿਆਨੀ ਗੁਰਦਿਤ ਸਿੰਘ ਜੀ ਰਚਿਤ ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ (ਭਗਤ ਬਾਣੀ ਭਾਗ)।